# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਦਸਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੁੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ : 2010**

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

*ਪ੍ਰਿੰਟਰ :*

**ਪ੍ਰਿੰਟਵੈੱਲ**

146, ਇੰਡੀਸਟ੍ਰੀਅਲ ਫੋਕਲ ਪੁਆਇੰਟ,

ਅੰਮ੍ਰਿਤਸਰ

# ਤਤਕਰਾ


ਜੀਵਨ ਕਉਤਕ 1

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ 6

ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ 7

ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥ ਤਾ ਇਹੁ ਅਚਰਜੁ ਨੈਨਹੁ ਡੀਠਾ॥ 8

ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ 9

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ 11

ਅਪੁਨੇ ਦਾਸ ਕਉ ਦੇਇ ਵਡਾਈ 13

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ॥ 13

ਬਾਬਾ ਜਿਸ ਤੂੰ ਦੇਹਿ ਸੋਈ ਜਨੁ ਪਾਵੈ 17

ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ॥ 18

ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈ ਦੀਏ ਰੁੜ੍ਹਾਈ॥ 19

ਸੰਤ ਕਾ ਦੋਖੀ ਇਉ ਬਿਲਲਾਇ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ॥ 21

ਸੇਵ ਕਰੀ ਤੁਮਰੀ ਤਿਨ ਕੇ ਸਭ ਹੀਗ੍ਰਿਹਿ ਦੇਖੀਅਤ ਦਰਬ ਭਰੋਸੋ॥ 23

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥ 24

ਜੋ ਪ੍ਰਭਿ ਅਪਨੀ ਸੇਵਾ ਲਾਇਆ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ॥ 26

ਕਹੁ ਨਾਨਕ ਕਰਤੇ ਕੀਆ ਬਾਤਾਂ ਜੋ ਕਿਛੁ ਕਰਣਾ ਸੁ ਕਰਿ ਰਹਿਆ॥ 28

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ 30

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥ 31

ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੁ ਸੰਮਾਲੇ॥ 34

ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ਅਪੁਨੇ ਸੇਵਕ ਕੀ 35

ਜੈਸੀ ਭੂਖ ਤੈਸੀ ਕਾ ਪੂਰਕ ਸਗਲ ਘਟਾ ਕਾ ਸੁਆਮੀ॥ 37

ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ॥ 38

ਅੰਤਰਜਾਮੀ ਸਭੁ ਕਿਛੁ ਜਾਨੈ 39

ਉਸ ਤੇ ਕਹਾ ਛਪਾਇਆ॥ 39

ਪਾਪ ਕਰੇਂਦੇ ਪਤਿਤ ਉਧਾਰੇ॥ 40

| | |
|---|---|
| ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ ॥ | 42 |
| ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥ | 44 |
| ਰਤਨ ਜਵੇਹਰੁ ਲਾਲੁ ਹਰਿ ਨਾਮ ਗੁਰਿ ਕਾਢਿ ਤਲੀ ਦਿਖਲਾਇਆ ॥ | 46 |
| ਜਹ ਅਬਿਗਤੁ ਭਗਤੁ ਤਹ ਆਪਿ ॥ | 48 |
| ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ | 48 |
| ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥ | 50 |
| ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ ॥ | 51 |
| ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥ | 52 |
| ਸਰਬ ਕਲਾ ਭਰਪੂਰੁ ਦਿਸੈ ਜਤ ਕਤਾ ॥ | 54 |
| ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ ॥ | 56 |
| ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ ॥ | 56 |
| ਅਪਨੇ ਸੇਵਕ ਕਉ ਆਪਿ ਸਹਾਈ ॥ ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥ | 59 |
| ਹਰਿ ਨਾਮੋ ਮੰਤ੍ਰੁ ਦ੍ਰਿੜ੍ਹਾਇਦਾ ਕਟੇ ਹਉਮੈ ਰੋਗੁ ॥ | 61 |
| ਵਡੀ ਹੂ ਵਡਾ ਅਪਾਰ ਤੇਰਾ ਮਰਤਬਾ ॥ | 62 |
| ਜੋ ਤੂੰ ਕਰਹਿ ਸੋਈ ਪਰਵਾਣੁ ॥ ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥ | 64 |
| ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥ | 65 |
| ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮਖਿ ਪਰਗਟੁ ਹੋਇ ॥ | 66 |
| ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥ | 68 |
| ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ | 69 |
| ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧ ਸੰਗਿ ਅਸਥਿਤਿ ਮਨੁ ਪਾਵੈ ॥ | 70 |
| ਜਿਸੁ ਸਿਮਰਤ ਹੋਤ ਸੂਕੇ ਹਰੇ ॥ ਜਿਸੁ ਸਿਮਰਤ ਡੂਬਤ ਪਾਹਨ ਤਰੇ ॥ | 72 |
| ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ ॥ | 73 |
| ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥ | 75 |
| ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥ | 77 |
| ਜੈਸਾ ਤੂੰ ਤੈਸਾ ਤੁਹੀ ਕਿਆ ਉਪਮਾ ਦੀਜੈ ॥ | 81 |
| ਅਪਨੇ ਸੇਵਕ ਕਉ ਆਪਿ ਸਹਾਈ ॥ ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥ | 83 |
| ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥ | 85 |
| ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕ ਤਿਲੁ ਨਹੀ ਭੰਨੈ ਘਾਲੇ ॥ | 87 |

| | |
|---|---|
| ਮਨ ਕੀ ਮਤਿ ਮਤਾਗਲੁ ਮਤਾ ॥ | 88 |
| ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ | 88 |
| ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ | 90 |
| ਖੋਟੇ ਖਰੇ ਤੁਧੁ ਆਪਿ ਉਪਾਏ ॥ | 91 |
| ਭੂਲੇ ਕਉ ਗੁਰਿ ਮਾਰਗਿ ਪਾਇਆ ॥ | 94 |
| ਅਵਰ ਤਿਆਗਿ ਹਰਿ ਭਗਤੀ ਲਾਇਆ ॥ | 94 |
| ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥ | 96 |
| ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ | 99 |
| ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥ | 100 |
| ਸਿਧ ਸਮਾਧਿ ਕਰਹਿ ਨਿਤ ਝਗਰਾ | 104 |
| ਦੁਹੁ ਲੋਚਨ ਕਿਆ ਹੇਰੈ ॥ | 104 |
| ਅੰਤਰਿ ਜੋਤਿ ਸਬਦੁ ਧੁਨਿ ਜਾਗੈ | 104 |
| ਸਤਿਗੁਰੁ ਝਗਰੁ ਨਿਬੇਰੈ ॥੩॥ | 104 |
| ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥ | 108 |
| ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ | 110 |
| ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ | 113 |
| ਕੁੰਡਲੀਆ | 117 |
| ਆਪਿ ਭੁਲਾਇ ਆਪੇ ਮਤਿ ਦੇਵੈ | 117 |
| ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ | 119 |
| ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ ॥ | 121 |
| ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ | 122 |
| ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ | 123 |
| ਸੰਤ ਬਾਬਾ ਸੁਖਦੇਵ ਸਿੰਘ ਜੀ | 125 |
| ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ | 125 |

# ਤੂ ਅਚਰਜੁ ਕੁਦਰਤਿ ਤੇਰੀ ਬਿਸਮਾ

*ਅੰਗ ੫੬੪*

ਸੇਵਕ ਨੂੰ ਹਾਜ਼ਰ ਰੱਖਣਾ ਅਤੇ ਕਿਸੇ ਵੀ ਸਮੇਂ ਮਨ ਨੂੰ ਡੋਲਣ ਨਹੀਂ ਦੇਣਾ ਅਤੇ ਉਸ ਦੇ ਸਾਰੇ ਕਾਰਜ ਵੀ ਕਰਦੇ ਰਹਿਣਾ, ਇਹੋ ਜਿਹਾ ਤਰੀਕਾ ਵੀ ਕਦੇ-ਕਦੇ ਬਾਬਾ ਜੀ ਵਰਤ ਲੈਂਦੇ ਸਨ। ਨੰਬਰਦਾਰ ਈਸ਼ਰ ਸਿੰਘ ਮਲੂਕੇ ਨੂੰ ਇਕ ਵਾਰ ਘਰੋਂ ਸੁਨੇਹਾ ਇਸ ਦਾ ਸੀਰੀ ਜਿਸ ਦਾ ਨਾਮ ਰੁਲੀਆ ਸਿੰਘ ਸੀ, ਲੈ ਕੇ ਆਇਆ ਅਤੇ ਦੱਸਿਆ ਕਿ ਤੁਹਾਡਾ ਊਠ ਗੁਆਚ ਗਿਆ ਹੈ। ਪੜਤਾਲ ਕਰ ਲਵੋ। ਉਪਰੰਤ ਸੁਨੇਹਾ ਦੇ ਕੇ ਸੀਰੀ ਤਾਂ ਅੱਗੇ ਕਿਤੇ ਕੰਮ ਚਲਿਆ ਗਿਆ। ਠੀਕ ਉਸੇ ਸਮੇਂ ਬਾਬਾ ਜੀ ਵੀ ਸੁਣ ਰਹੇ ਸਨ। ਸ਼ਾਮ ਨੂੰ ਬਾਬਾ ਜੀ ਪੁੱਛਣ ਲੱਗੇ, "ਨੰਬਰਦਾਰਾ, ਸੀਰੀ ਕੀ ਆਖਦਾ ਸੀ ?" ਨੰਬਰਦਾਰ ਨੇ ਕਿਹਾ, "ਮਹਾਰਾਜ ਜੀ, ਉਹ ਸੁਨੇਹਾ ਦਿੰਦਾ ਸੀ ਕਿ ਆਪਣਾ ਊਠ ਗੁਆਚ ਗਿਆ ਹੈ, ਆ ਕੇ ਪੜਤਾਲ ਕਰ ਲਵੋ।" ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਉਸ ਨੇ ਸਹੁੰ ਖਾ ਕੇ ਕਿਹਾ ਸੀ ਊਠ ਗੁਆਚ ਗਿਆ ਹੈ।" ਨੰਬਰਦਾਰ ਨੇ ਬੇਨਤੀ ਕੀਤੀ ਉਸ ਨੇ ਸਹੁੰ ਤਾਂ ਨਹੀਂ ਖਾਧੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਜੇ ਤਾਂ ਉਹ ਬਾਲਮੀਕ ਦੀ ਸਹੁੰ ਖਾ ਕੇ ਆਖਦਾ ਊਠ ਗੁਆਚ ਗਿਆ ਹੈ ਫੇਰ ਤਾਂ ਸੱਚ ਸੀ।" ਤੇ ਪਹਿਰੇਦਾਰ ਨੇ ਵੀ ਪੁੱਛਣ 'ਤੇ ਦੱਸਿਆ ਕਿ ਉਸ ਨੇ ਇਕੱਲਾ ਸੁਨੇਹਾ ਦਿੱਤਾ ਹੈ ਤੇ ਸਹੁੰ ਨਹੀਂ ਖਾਧੀ। ਤਾਂ ਬਾਬਾ ਜੀ ਨੇ ਬਚਨ ਕੀਤਾ, "ਜੇ ਸਹੁੰ ਨਹੀਂ ਖਾਧੀ ਤਾਂ ਊਠ ਗੁਆਚਿਆ ਨਹੀਂ।" ਉਪਰੰਤ ਨੰਬਰਦਾਰ ਨੂੰ ਆਗਿਆ ਦੇ ਦਿੱਤੀ ਕਿ ਜਾਉ ਵੇਖ ਲਵੋ।

ਜਿਸ ਸਮੇਂ ਨੰਬਰਦਾਰ ਨੇ ਘਰ ਜਾ ਕੇ ਪਤਾ ਕੀਤਾ ਤੇ ਊਠ ਗੁਆਚਿਆ ਮਿਲ ਗਿਆ ਸੀ। ਸਵੇਰੇ ਨੰਬਰਦਾਰ ਮੁੜ ਕੇ ਆ ਗਿਆ। ਬਾਬਾ ਜੀ ਪੁੱਛਿਆ, "ਕਿਉਂ ਭਾਈ, ਕਿਵੇਂ ਨੰਬਰਦਾਰ ਨੇ ਘਰ ਜਾ ਕੇ ਪਤਾ ਕੀਤਾ ਤੇ ਊਠ ਗੁਆਚਿਆ ਮਿਲਗਿਆ ?" ਨੰਬਰਦਾਰ ਨੇ ਬੇਨਤੀ ਕੀਤੀ

ਜੀ, ਊਠ ਲੱਭ ਪਿਆ ਹੈ ਤਾਂ ਬਾਬਾ ਜੀ ਨੇ ਫਿਰ ਉਹੀ ਬਚਨ ਕੀਤਾ, "ਜੇ ਉਸ ਨੇ ਸਹੁੰ ਹੀ ਨਹੀਂ ਖਾਧੀ ਤਾਂ ਉਠ ਗੁਆਚਿਆ ਹੀ ਨਹੀਂ ਸੀ।"

*(ਇਹ ਬਚਨ ਰਤਨ ਸਿੰਘ ਢਿੱਲੋਂ ਮਲੂਕੇ ਨਿਵਾਸੀ ਤੋਂ ਮਿਲਿਆ।)*

# ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ

*(ਅੰਗ ੯੫੯)*

ਇਕ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਆਪਣੇ ਕੋਲ ਸੱਦ ਕੇ ਹੁਕਮ ਕੀਤਾ, "ਤੂੰ ਵੀ ਸੂਰਜ ਦਾ ਧਿਆਨ ਕਰਨਾ ਅਤੇ ਸਾਰਾ ਦਿਨ ਖੜੇ ਰਹਿਣਾ।" ਉਪਰੰਤ ਇਕ ਸ਼ਬਦ ਵੀ ਦੱਸਿਆ, ਹੁਕਮ ਸੀ, "ਨਾਲ ਇਸ ਦਾ ਪਾਠ ਕਰਦੇ ਰਹਿਣਾ।" ਹੁਕਮ ਉਪਰੰਤ ਅਗਲੇ ਦਿਨ ਆਰੰਭ ਕਰ ਦਿੱਤਾ, ਪਹਿਲਾਂ ਲੰਗਰ ਤਿਆਰ ਕਰ ਕੇ ਲਿਆਉਣਾ ਤੇ ਵਰਤਾਉਣਾ। ਇਹ ਸੇਵਾ ਕਰਨ ਤੋਂ ਬਾਅਦ ਇਹ ਉਪਰਲਾ ਪ੍ਰਯੋਗ ਕਰਨਾ। ਤਕਰੀਬਨ ਪੰਜ ਕੁ ਦਿਨ ਕੀਤਾ ਹੋਏਗਾ, ਸੂਰਜ ਦੀ ਰੋਸ਼ਨੀ ਤੇਜ਼ ਹੋਣ ਕਰਕੇ ਅੱਖਾਂ ਨੂੰ ਤਕਲੀਫ਼ ਕੁਝ ਜ਼ਿਆਦਾ ਹੋ ਗਈ। ਉਪਰੰਤ ਬਾਬਾ ਜੀ ਕੋਲ ਬੇਨਤੀ ਕਰ ਦਿੱਤੀ, ਸੁਣ ਕੇ ਹਜ਼ੂਰ ਨੇ ਸਿਰ 'ਤੇ ਹੱਥ ਰੱਖਿਆ ਅਤੇ ਸ਼ਗ੍ਹਾ ਕਰਾਈ। ਉਪਰੰਤ ਅੱਖਾਂ ਦੀ ਤਕਲੀਫ਼ ਵੀ ਹਟ ਗਈ ਤੇ ਬਚਨ ਕੀਤਾ, "ਤੂੰ ਇਹ ਕੰਮ ਤਾਂ ਰਹਿਣ ਦੇ, ਜਿਸ ਨੇ ਇਹ ਕੰਮ ਕੀਤਾ ਹੈ, ਤੂੰ ਉਸ ਦੀ ਸੇਵਾ ਕਰੀਂ।" ਇਹ ਇਸ਼ਾਰਾ ਸੰਤ ਚਿੰਤ ਰਾਮ ਵੱਲ ਸੀ। ਉਪਰੰਤ ਸੰਤ ਚਿੰਤ ਰਾਮ ਜੀ ਦੀ ਸੇਵਾ ਮਿਲ ਗਈ। ਉਹ ਸੇਵਾ ਇਸ ਪ੍ਰਕਾਰ ਸੀ, ਇਕ ਪਤਲਾ ਕਣਕ ਦਾ ਫੁਲਕਾ ਲੈ ਕੇ ਨਿੱਕੀ-ਨਿੱਕੀ ਬੁਰਕੀ ਕਰਨੀ। ਫਿਰ ਉਸ ਵਿਚ ਦਾਲ ਪਾਉਣੀ, ਕੁਝ ਸਮਾਂ ਪਈ ਰਹਿਣ ਤੋਂ ਬਾਅਦ ਬਾਬਾ ਜੀ ਦੀ ਨਿਗਾਹ ਕਰਵਾਉਣੀ। ਹਜ਼ੂਰ ਨੇ ਬਚਨ ਕਰਨਾ, "ਸੁਧ ਹੈ।" ਫਿਰ ਇਕ ਪਾਣੀ ਦਾ ਘੜਾ ਭਰ ਕੇ ਸਿਰ 'ਤੇ ਰੱਖ ਲੈਣਾ, ਇਕ ਧੋਤੀ ਨਾਲ ਲੈ ਕੇ ਬਾਬਾ ਜੀ ਤੋਂ ਆਗਿਆ ਲੈਣੀ। ਉਸ ਸਮੇਂ ਹੀ

ਜਿਥੇ ਸੰਤ ਚਿੰਤ ਰਾਮ ਜੀ ਬੈਠੇ ਹੁੰਦੇ, ਆਪ ਜੀ ਨੇ ਸਿੱਧਾ ਉਥੇ ਹੀ ਭੇਜ ਦੇਣਾ ਅਤੇ ਕਦੇ-ਕਦੇ ਸੰਤ ਚਿੰਤ ਰਾਮ ਜੀ ਨੇੜੇ ਹੀ ਹੁੰਦੇ ਸਨ ਤੇ ਕਦੇ-ਕਦੇ ਦੂਰ, ਪਰ ਹਜ਼ੂਰ ਦੀ ਦ੍ਰਿਸ਼ਟੀ ਸਭ ਥਾਂ ਉਪਰ ਹੁੰਦੀ **ਤਿਸ ਤੇ ਦੂਰ ਕਹਾ ਕੋ ਜਾਇ॥** ਗੁਰਵਾਕ ਅਨੁਸਾਰ ਬਾਬਾ ਜੀ ਉਥੇ ਹੀ ਹੁਕਮ ਕਰ ਕੇ ਭੇਜ ਦਿੰਦੇ ਸਨ। ਉਥੇ ਜਾ ਕੇ ਪਹਿਲਾਂ ਚਿੰਤ ਰਾਮ ਜੀ ਦਾ ਇਸ਼ਨਾਨ ਕਰਾਉਣਾ ਫਿਰ ਉਸ ਜਗ੍ਹਾ ਤੋਂ ਪਾਸੇ ਕਰ ਕੇ ਨਵੀਂ ਧੋਤੀ ਬੰਨ੍ਹਣੀ, ਅਗਲੀ ਖੋਲ੍ਹਣੀ ਤਾਂ ਕਿਤੇ ਹੌਲੀ-ਹੌਲੀ ਕਰਕੇ ਉਹਨਾਂ ਪ੍ਰਸ਼ਾਦਾ ਛਕਣਾ, ਕਿਉਂਕਿ ਸੰਤ ਚਿੰਤ ਰਾਮ ਜੀ ਤਾਂ ਬਦੇਹ ਹੀ ਰਹਿੰਦੇ ਸਨ, ਇਹਨਾਂ ਨੂੰ ਧੁੱਪ-ਛਾਂ, ਗਰਮੀ-ਸਰਦੀ ਦਾ ਕੋਈ ਖ਼ਿਆਲ ਹੀ ਨਹੀਂ ਸੀ।

**ਨਾਨਕ ਦੁਖ ਸੁਖ ਵਿਆਪਤ ਨਹੀਂ ਜਿਥੈ ਆਤਮ ਰਾਮ ਪ੍ਰਗਾਸ॥**

ਵਾਲੀ ਅਵਸਥਾ ਵਿਚ ਰਹਿੰਦੇ ਸਨ, ਇਹ ਪ੍ਰਸ਼ਾਦੇ ਦੀ ਸੇਵਾ ਅੱਠੀਂ ਪਹਿਰੀਂ ਹੁਕਮ ਨਾਲ ਹੁੰਦੀ ਸੀ।

*(ਇਹ ਪ੍ਰਸੰਗ ਪਿਤਾ ਜੀ ਪਾਸੋਂ ਮਿਲਿਆ।)*

# ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥ ਤਾ ਇਹੁ ਅਚਰਜੁ ਨੈਨਹੁ ਡੀਠਾ॥

*(ਅੰਗ ੮੮੭)*

ਬਾਬਾ ਜੀ ਪਾਸ ਭਗਤ ਧੰਨਾ ਸਿੰਘ ਨਾਮ ਦਾ ਭੁੱਚੋ ਨਗਰ ਦਾ ਰਹਿਣ ਵਾਲਾ ਸੇਵਾਦਾਰ ਸੀ। ਇਸ ਨੇ ਇਕ ਸਮੇਂ ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ, ਸਾਡੇ ਘਰ ਵਿਚ ਅਸੀਂ ਦੋ ਜੀਅ ਹਾਂ ਤੇ ਸਾਡਾ ਆਪਸ ਵਿਚ ਕਲੇਸ਼ ਬਹੁਤ ਰਹਿੰਦਾ ਹੈ।" ਬਾਬਾ ਜੀ ਨੇ ਪੁੱਛਿਆ, "ਕਲੇਸ਼ ਕਿਸ ਗੱਲ ਦਾ ਹੈ?" ਭਗਤ ਨੇ ਦੱਸਿਆ ਕਿ, "ਮੇਰੇ ਦੋ ਲੜਕੀਆਂ ਜਵਾਨ ਹਨ, ਘਰ ਵਿਚ ਗਰੀਬੀ ਹੈ। ਮੈਂ ਆਖਦਾ ਹਾਂ ਲੜਕੀਆਂ ਪੁੰਨ ਦੀਆਂ ਵਿਆਹ

ਦੇਈਏ ਤੇ ਘਰ ਵਾਲੀ ਆਖਦੀ ਹੈ, ਸਾਰੇ ਰਿਸ਼ਤੇਦਾਰ ਸੱਦ ਕੇ ਮਠਿਆਈਆਂ ਪਕਾ ਕੇ ਵਿਆਹ ਕਰਾਂਗੇ।" ਬਾਬਾ ਜੀ ਨੇ ਬਚਨ ਕੀਤਾ, "ਜਦੋਂ ਘਰ ਗਰੀਬੀ ਹੈ, ਮਠਿਆਈ ਕਿਵੇਂ ਪੱਕੇਗੀ ?" ਤਾਂ ਧੰਨੇ ਭਗਤ ਨੇ ਕਿਹਾ, "ਜੀ, ਲੜਕੀਆਂ ਦੇ ਪੈਸੇ ਲੈ ਕੇ ਹੀ ਹੋ ਸਕਦਾ ਹੈ।" ਬਾਬਾ ਜੀ ਨੇ ਬਚਨ ਕੀਤਾ, "ਲੜਕੀਆਂ ਦੇ ਪੈਸੇ ਨਹੀਂ ਲੈਣੇ, ਇਹ ਬਹੁਤ ਪਾਪ ਹੈ।" ਤਾਂ ਧੰਨੇ ਭਗਤ ਨੇ ਕਿਹਾ, "ਜੀ ਮੇਰੇ ਘਰ ਵਾਲੀ ਨਹੀਂ ਮੰਨਦੀ।" ਬਾਬਾ ਜੀ ਨੇ ਬਚਨ ਕੀਤਾ, "ਤੂੰ ਆਪਣੇ ਪ੍ਰਣ 'ਤੇ ਡਟਿਆ ਰਹੁ ਤੇ ਉਸ ਨੂੰ ਜਾਣ ਦੇ, ਤਾਂ ਧੰਨੇ ਭਗਤ ਨੇ ਕਿਹਾ, "ਜੀ, ਠੀਕ ਹੈ।" ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਉਪਰੰਤ ਕੁਝ ਸਮੇਂ ਬਾਅਦ ਧੰਨੇ ਭਗਤ ਦੇ ਘਰੋਂ ਮਰ ਗਈ। ਫਿਰ ਧੰਨਾ ਭਗਤ ਬਾਬਾ ਜੀ ਕੋਲ ਆ ਕੇ ਅਫ਼ਸੋਸ ਕਰਨ ਲੱਗਾ। ਅੱਗੋਂ ਹਜ਼ੂਰ ਨੇ ਬਚਨ ਕੀਤਾ, "ਤੈਨੂੰ ਤਾਂ ਕਿਹਾ ਸੀ, ਉਸ ਨੂੰ ਜਾਣ ਦੇ ਤੇ ਉਹ ਚਲੀ ਗਈ, ਹੁਣ ਬੇਫ਼ਿਕਰ ਹੋ ਕੇ ਧਰਮ ਕਾਰਜ ਕਰ।" ਉਪਰੰਤ ਧੰਨੇ ਭਗਤ ਨੇ ਦੋਵਾਂ ਲੜਕੀਆਂ ਦੇ ਵਿਆਹ ਪੁੰਨ-ਅਰਥ ਕੀਤੇ।

*(ਇਹ ਪ੍ਰਸੰਗ ਗੁਲਵੰਤ ਸਿੰਘ ਢਿੱਲੋਂ ਪਾਸੋਂ ਮਿਲਿਆ।)*

# ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ

*(ਅੰਗ ੭੩)*

ਇਕ ਪੰਡਿਤ ਰਿਆਸਤ ਪਟਿਆਲੇ ਦਾ ਰਹਿਣ ਵਾਲਾ ਸੀ। ਇਹ ਪੰਡਿਤ ਚੰਗਾ ਵਿਦਵਾਨ ਅਤੇ ਜੋਤਿਸ਼ ਵਿਦਿਆ ਦਾ ਵੀ ਜਾਣੂ ਸੀ। ਇਕ ਵਾਰ ਕਿਸੇ ਰਿਸ਼ਤੇਦਾਰੀ ਵਿਚ ਮਿਲਣ ਗਿਆ। ਉਹਨਾਂ ਦੀ ਪ੍ਰੇਰਨਾ ਨਾਲ ਬਾਬਾ ਜੀ ਦੇ ਦਰਸ਼ਨ ਕਰਨ ਆਇਆ। ਇਸ ਦੇ ਰਿਸ਼ਤੇਦਾਰ ਵੀ ਨਾਲ ਸਨ। ਪਹਿਲਾਂ ਤਾਂ ਇਹ ਮੰਨਦਾ ਨਹੀਂ ਸੀ ਪਰ ਜਿਸ ਵਕਤ ਰਿਸ਼ਤੇਦਾਰ ਆਏ ਤਾਂ ਨਾਲ ਇਹ ਵੀ ਆ ਗਿਆ। ਸਭ ਨੇ ਨਮਸਕਾਰ ਕੀਤੀ ਅਤੇ

ਬੈਠ ਗਏ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੁਹਾਡਾ ਪ੍ਰਸ਼ਨ ਕੀ ਹੈ।" ਉੱਤਰ ਵਿਚ ਸਭਨਾਂ ਨੇ ਬੇਨਤੀ ਕੀਤੀ, "ਜੀ, ਇਹ ਸਾਡਾ ਰਿਸ਼ਤੇਦਾਰ ਹੈ ਤੇ ਦੋ ਸ਼ਾਦੀਆਂ ਕੀਤੀਆਂ ਹਨ ਪਰ ਔਲਾਦ ਕਿਸੇ ਦੇ ਨਹੀਂ ਹੋਈ।" ਉਪਰੰਤ ਬਾਬਾ ਜੀ ਨੇ ਉਸ ਪੰਡਿਤ ਵੱਲ ਵੇਖ ਕੇ ਬਚਨ ਕੀਤਾ, "ਕਿਉਂ ਦੇਵਤਾ, ਤੂੰ ਜੋਤਿਸ਼ ਵਿਦਿਆ ਜਾਣਦਾ ਹੈਂ, ਤੇਰੀ ਵਿਦਿਆ ਕੀ ਆਖਦੀ ਹੈ?" ਪੰਡਿਤ ਨੇ ਬੇਨਤੀ ਕੀਤੀ, "ਜੀ, ਮੇਰੀ ਵਿਦਿਆ ਨੇ ਤਾਂ ਮੈਨੂੰ ਦੱਸ ਦਿੱਤਾ ਕਿ ਸੱਤ ਜਨਮ ਪੁੱਤਰ ਨਹੀਂ ਹੋ ਸਕਦਾ।" ਬਾਬਾ ਜੀ ਨੇ ਬਚਨ ਕੀਤਾ, "ਤੇ ਅੱਠਵੇਂ ਜਨਮ ਦਾ ਵੀ ਪਤਾ ਕਰ ਲੈਣਾ ਸੀ।" ਪੰਡਿਤ ਨੇ ਬੇਨਤੀ ਕੀਤੀ, "ਮਹਾਰਾਜ, ਇਸ ਤੋਂ ਅੱਗੇ ਮੇਰੀ ਸਮਝ ਨਹੀਂ ਜਾਂਦੀ। ਜੀ, ਮੈਂ ਵਿਆਹ ਵੀ ਦੋ ਕਰ ਲਏ। ਉਮਰ ਵੀ ਪਿਛਲੀ ਹੋ ਗਈ ਹੈ।" ਬਾਬਾ ਜੀ ਨੇ ਬਚਨ ਕੀਤਾ, "ਜੇ ਦੋਹਾਂ ਬੀਬੀਆਂ ਦੇ ਘਰ ਔਲਾਦ ਹੋ ਜਾਏ, ਫਿਰ ਤਾਂ ਠੀਕ ਹੈ?" ਤਾਂ ਪੰਡਿਤ ਨੇ ਬੇਨਤੀ ਕੀਤੀ ਕਿ, "ਮਹਾਰਾਜ, ਗ੍ਰੰਥ ਤਾਂ ਜਵਾਬ ਦੇ ਗਏ ਹਨ।" ਬਾਬਾ ਜੀ ਨੇ ਬਚਨ ਕੀਤਾ, "ਗੁਰੂ ਨਾਨਕ ਦੇ ਘਰ ਵਿਚ ਸਭ ਕੁਝ ਹੈ, ਤੂੰ ਨਿਰਾਸ ਨਾ ਹੋ।" ਉਪਰੰਤ ਪੰਡਿਤ ਨੇ ਜ਼ਰਾ ਕੁ ਤੇਜ਼ੀ ਵਿਚ ਆ ਕੇ ਕਿਹਾ, "ਜੇ ਮੇਰੇ ਔਲਾਦ ਹੋ ਜਾਏ, ਮੈਂ ਗ੍ਰੰਥ ਸਾੜ ਦਿਆਂਗਾ। ਗ੍ਰੰਥਾਂ ਵਿਚ ਤਾਂ ਮੇਰੇ ਘਰ ਔਲਾਦ ਦਾ ਕੋਈ ਯੋਗ ਨਹੀਂ ਬਣਦਾ।" ਬਾਬਾ ਜੀ ਨੇ ਬਚਨ ਕੀਤਾ, "ਗ੍ਰੰਥ ਵੀ ਠੀਕ ਕਹਿੰਦੇ ਹਨ। ਤੂੰ ਫਿਰ ਜਦੋਂ ਆਵੇਂ, ਦੋਨਾਂ ਬੀਬੀਆਂ ਨੂੰ ਨਾਲ ਲੈ ਕੇ ਆਵੀਂ।" ਤਾਂ ਕੋਲ ਬੈਠੇ ਉਸ ਦੇ ਰਿਸ਼ਤੇਦਾਰਾਂ ਨੇ ਕਿਹਾ ਕਿ ਤੂੰ ਹਾਂ ਕਰ ਦੇ। ਉਪਰੰਤ ਉਸ ਨੇ ਹਾਂ ਕਰ ਦਿੱਤੀ। ਫਿਰ ਆਗਿਆ ਮਿਲਣ ਉਪਰੰਤ ਪਟਿਆਲੇ ਵਾਲਾ ਪੰਡਿਤ ਆਪਣੇ ਘਰ ਚਲਾ ਗਿਆ ਅਤੇ ਫਿਰ ਇਕ ਮਹੀਨੇ ਬਾਅਦ ਦੋਵਾਂ ਟੱਬਰਾਂ ਨੂੰ ਨਾਲ ਲੈ ਕੇ ਆਇਆ ਅਤੇ ਰਿਸ਼ਤੇਦਾਰ ਵੀ ਨਾਲ ਸੀ। ਰਿਸ਼ਤੇਦਾਰ ਪੁਰਾਣਾ ਆਉਂਦਾ ਹੋਣ ਕਰਕੇ ਉਸ ਨੂੰ ਸਾਰੀ ਮਰਿਆਦਾ ਦਾ ਪਤਾ ਸੀ। ਉਸ ਨੇ ਦੋਹਾਂ ਬੀਬੀਆਂ ਨੂੰ ਸਾਰਾ ਕੁਝ ਪਹਿਲਾਂ ਹੀ ਸਮਝਾ ਦਿੱਤਾ ਸੀ। ਜਿਸ ਵਕਤ ਚਾਰੇ ਬਾਬਾ ਜੀ ਦੇ ਹਜ਼ੂਰ ਪਹੁੰਚੇ, ਨਮਸਕਾਰ ਕੀਤੀ। ਉਪਰੰਤ ਬਾਬਾ ਜੀ ਨੇ ਨਾਨਕੇ, ਦਾਦਕੇ, ਸਹੁਰੇ, ਜਿਸ ਤਰ੍ਹਾਂ ਅੱਗੇ ਪੁੱਛਦੇ ਤੇ ਲਿਖਦੇ ਸੀ, ਲਿਖਵਾਏ ਤੇ ਫਿਰ ਹੁਕਮ ਅਨੁਸਾਰ ਜਿਸ ਨੂੰ ਸ਼ਰ੍ਹਾ ਕਹਿੰਦੇ

ਸਨ, ਕਰਵਾਈ। ਉਪਰੰਤ ਬਚਨ ਕੀਤਾ, "ਜਾਓ ਸ਼ੁੱਧ ਹੈ।" ਫਿਰ ਪੰਡਿਤ ਦੀਆਂ ਦੋਹਾਂ ਘਰਵਾਲੀਆਂ ਦੇ ਘਰ ਇਕ-ਦੋ ਮਹੀਨੇ ਦੇ ਫ਼ਰਕ ਨਾਲ ਬੱਚੇ ਹੋਏ। ਉਪਰੰਤ ਪੰਡਿਤ ਸਮੇਤ ਪਰਿਵਾਰ ਹਜ਼ੂਰ ਦੇ ਚਰਨਾਂ ਵਿਚ ਹਾਜ਼ਰ ਹੋਇਆ। ਬਾਬਾ ਜੀ ਨੇ ਬਚਨ ਕੀਤਾ, "ਕਿਉਂ ਪੰਡਿਤ ਜੀ, ਅਸੀਂ ਸੱਚੇ ਕਿ ਤੇਰੀ ਵਿਦਿਆ ਸੱਚੀ ?" ਪੰਡਿਤ ਨੇ ਨਮਸਕਾਰ ਕੀਤੀ ਤਾਂ ਬਚਨ ਕੀਤਾ, "ਇਹ ਦੋ ਬੱਚੇ ਤੇਰੇ ਅੱਠਵੇਂ ਜਨਮ ਵਿਚ ਹੋਣੇ ਸਨ ਤੇ ਤੈਨੂੰ ਹੁਣੇ ਮਿਲ ਗਏ, ਇਹ ਗੁਰੂ ਨਾਨਕ ਦੀ ਕ੍ਰਿਪਾ ਹੈ।" ਉਪਰੰਤ ਪੰਡਿਤ ਨੂੰ ਖ਼ੁਸ਼ੀਆਂ ਦੇ ਕੇ ਤੋਰਿਆ।

**ਕੁੰਡਲੀਆ**
**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੇਰੀ ਲੀਲ੍ਹਾ ਅਪਰ ਅਪਾਰ**
**ਤੇ ਕਹਿਣ ਸੁਣਨ ਤੋਂ ਬਾਹਰ ਹੈਂ ਬੇਅੰਤ ਬੇਸ਼ੁਮਾਰ**
**ਬੇਅੰਤ ਬੇਸ਼ੁਮਾਰ ਹਰ ਥਾਂ ਹਾਜ਼ਰ ਨਾਜ਼ਰ**
**ਜ਼ਾਹਰ ਕਲਾ ਦਿਖਾਏ ਕੇ ਨਾ ਹੋਏ ਜਾਹਰ**
**ਕਹੇ ਕਵੀ ਸਤਿਨਾਮ ਸਿੰਘ ਬਾਰ ਬਾਰ ਬੰਦਨ ਕਰੀ**
**ਆਦਿ ਪੁਰਖ ਅਬਚਲ ਅਟਲ ਪਰਮ ਜੋਤ ਪਰਮੇਸਰੀ**

*(ਇਹ ਦੋਨੋਂ ਪ੍ਰਸੰਗ ਈਸ਼ਰ ਸਿੰਘ ਨੰਬਰਦਾਰ ਅਤੇ ਰਤਨ ਸਿੰਘ ਤੋਂ ਮਿਲੇ।)*

# ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ

*(ਅੰਗ ੪੦੩)*

ਬਾਬਾ ਜੀ ਦੇ ਸਮੇਂ ਕਿਸੇ ਵੀ ਸੇਵਾਦਰ ਨੂੰ ਔਕੜ ਆਵੇ ਤੁਰੰਤ ਹੀ ਹੱਲ ਕਰ ਦਿੰਦੇ ਸਨ। ਈਸ਼ਰ ਸਿੰਘ ਢਿੱਲੋਂ ਜਿਸ ਸਮੇਂ ਸੇਵਾ ਵਿਚ ਸੀ ਈਸ਼ਰ ਸਿੰਘ ਦਾ ਪਿਤਾ ਸੁੰਦਰ ਸਿੰਘ ਤੇ ਮਾਤਾ ਕਿਸ਼ਨ ਕੌਰ ਦੋਵੇਂ ਇਕ ਵਾਰ ਭੁੱਚੋ ਈਸ਼ਰ ਸਿੰਘ ਕੋਲ ਆਏ ਤੇ ਕਹਿਣ ਲੱਗੇ ਕਿ ਘਰ ਚੱਲ ਪਰੰਤੂ ਈਸ਼ਰ ਸਿੰਘ ਨੇ ਬਾਬਾ ਜੀ ਦੇ ਹੁਕਮ ਤੋਂ ਬਿਨਾਂ ਜਾਣ ਤੋਂ ਇਨਕਾਰ ਕਰ

ਦਿੱਤਾ। ਪਰ ਇਸ ਦੇ ਮਾਤਾ-ਪਿਤਾ ਬਹੁਤ ਲੜੇ, ਵੱਧ-ਘੱਟ ਗੱਲਾਂ ਕੀਤੀਆਂ ਪਰ ਅੱਗੋਂ ਨੰਬਰਦਾਰ ਨਹੀਂ ਬੋਲਿਆ। ਉਹਨਾਂ ਦੇ ਚਲੇ ਜਾਣ ਤੋਂ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਨੰਬਰਦਾਰਾ, ਤੇਰੇ ਮਾਤਾ-ਪਿਤਾ ਕੀ ਆਖਦੇ ਸਨ ?" ਉਪਰੰਤ ਨੰਬਰਦਾਰ ਨੇ ਬੇਨਤੀ ਕੀਤੀ, ਜੀ ਤੁਸੀਂ ਵੀ ਸੁਣਦੇ ਹੀ ਰਹੇ ਹੋ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਇਸ ਤੋਂ ਬਾਅਦ ਮਾਤਾ-ਪਿਤਾ ਨੇ ਜਦੋਂ ਵੀ ਆਉਣਾ ਤੇ ਲੜਨਾ ਇਹ ਤਕਰੀਬਨ ਸਿਲਸਿਲਾ ਕਾਫ਼ੀ ਚਿਰ ਚੱਲਦਾ ਰਿਹਾ, ਉਪਰੰਤ ਉਹਨਾਂ ਨੇ ਈਸ਼ਰ ਸਿੰਘ ਦੇ ਘਰੋਂ ਬੀਬੀ ਭਾਗੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੋਚਿਆ ਹੁਣ ਘਰ ਹੀ ਆ ਜਾਏ । ਪਰੰਤੂ ਬਾਬਾ ਜੀ ਦੀ ਕੁਝ ਹੋਰ ਹੀ ਰਜ਼ਾ ਸੀ, ਜਿਵੇਂ ਬਾਣੀ ਵਿਚ ਹੁਕਮ ਹੈ, "ਅਪਣਾ ਚਿਤਵਿਆ ਹਰਿ ਕਰੈ ਜੁ ਮੇਰੈ ਚਿਤੁ ਨ ਹੋਇ।" ਨੰਬਰਦਾਰ ਨੇ ਇਹ ਗੱਲ ਬਾਬਾ ਜੀ ਪਾਸ ਕਰ ਦਿੱਤੀ ਕਿ ਮਹਾਰਾਜ ਹੁਣ ਮੇਰੇ ਮਾਂ-ਪਿਉ ਮੇਰੀ ਘਰ ਵਾਲੀ ਨੂੰ ਤੰਗ ਕਰਦੇ ਹਨ ਤਾਂ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ, ਤੁਸੀਂ ਮਿਲ ਕੇ ਸੇਵਾ ਕਰੋ ਤੇ ਉਸ ਨੂੰ ਇਥੇ ਲੈ ਆ।" ਹੁਕਮ ਅਨੁਸਾਰ ਨੰਬਰਦਾਰ ਆਪਣੇ ਘਰ ਵਾਲੀ ਨੂੰ ਵੀ ਲੈ ਆਇਆ, ਫਿਰ ਦੋਵੇਂ ਮਿਲ ਕੇ ਸੇਵਾ ਕਰਨ ਲੱਗੇ। ਇਹ ਵੀ ਬਾਬਾ ਜੀ ਨੇ ਬਾਣੀ ਅਨੁਸਾਰ "ਸਭ ਚਿੰਤਾ ਗਣਤ ਮਿਟਾਈ" ਤੇ ਬਚਨ ਕੀਤਾ, "ਤੇਰੀ ਸੇਵਾ ਨੂੰ ਰੰਗ ਭਾਗ ਲੱਗਣ, ਸੇਵਾ ਕਰੀ ਚੱਲ।" ਨੰਬਰਦਾਰ ਤੇ ਇਸ ਦੀ ਘਰ ਵਾਲੀ ਸੇਵਾ ਕਰਦੇ ਰਹੇ। ਨੰਬਰਦਾਰ ਈਸ਼ਰ ਸਿੰਘ ਕੱਚੀ ਭੁੱਚੋ ਵਿਆਹਿਆ ਹੋਇਆ ਸੀ।

*(ਨੰਬਰ ੫ ਤੇ ੬ ਇਹ ਰਤਨ ਸਿੰਘ ਢਿੱਲੋਂ ਨੇ ਨੰਬਰਦਾਰ ਈਸ਼ਰ ਸਿੰਘ ਤੋਂ ਸੁਣੇ ਤੇ ਲਿਖਾਏ।)*

# ਅਪੁਨੇ ਦਾਸ ਕਉ ਦੇਇ ਵਡਾਈ

*(ਅੰਗ ੨੮੫)*

ਇਕ ਵਾਰ ਬਾਬਾ ਜੀ ਦੀ ਦਾੜ੍ਹ ਨਿਕਲ ਗਈ। ਈਸ਼ਰ ਸਿੰਘ ਨੰਬਰਦਾਰ ਜੋ ਉਸ ਵਕਤ ਸੇਵਾ ਕਰਦਾ ਸੀ, ਉਸ ਨੇ ਸੰਭਾਲ ਲਈ। ਅੰਤਜਯਾਮੀ ਬਾਬਾ ਜੀ ਨੇ ਬਚਨ ਕੀਤਾ, "ਨੰਬਰਦਾਰਾ, ਜਿਹੜੀ ਤੂੰ ਸਾਡੀ ਦਾੜ੍ਹ ਸੰਭਾਲ ਕੇ ਰੱਖੀ ਹੈ, ਉਸ ਨੂੰ ਸੰਭਾਲੀ ਰੱਖੀਂ, ਤੇਰੇ ਅੱਗੇ ਕੋਈ ਅੜੇਗਾ ਨਹੀਂ।" ਇਸ ਹੁਕਮ ਨੂੰ ਨੰਬਰਦਾਰ ਨੇ ਸਤਿ ਕਰ ਕੇ ਮੰਨਿਆ ਤੇ ਹਰ ਵੇਲੇ ਆਪਣੇ ਕੋਲ ਰੱਖਣੀ। ਕਿਸੇ ਵੀ ਬੰਦੇ ਨੇ ਉਸ ਦੇ ਸਾਹਮਣੇ ਅੜਨ ਦੀ ਹਿੰਮਤ ਨਾ ਕੀਤੀ, ਸਭ ਨੇ ਪਿਆਰ ਵੀ ਕੀਤਾ, ਉਸ ਉੱਤੇ ਕਿਸੇ ਨੇ ਹੱਥ ਨਾ ਚੁੱਕਿਆ, ਜੇ ਕੋਈ ਗੈਰ-ਹਾਜ਼ਰੀ ਬੋਲਿਆ, ਸਾਹਮਣੇ ਆਏ ਤੋਂ ਚੁੱਪ ਕਰ ਜਾਂਦਾ ਸੀ। ਬਚਨ ਅਨੁਸਾਰ ਉਸ ਦੀ ਪੂਰੀ ਰੱਖਿਆ ਹੁੰਦੀ ਰਹੀ।

# ਤੁਮਰੀ ਗਤਿ ਮਿਤਿ ਤੁਮ ਹੀ ਜਾਨੀ<br>ਸੇ ਸੇਵਕ ਜਿਨ ਭਾਗ ਮਥੋਰੀ॥

*(ਅੰਗ ੨੦੮)*

ਮਹਾਂਪੁਰਖ ਕਿਸੇ ਨਾਲ ਕਿਤਨਾ ਪਿਆਰ ਕਰਦੇ ਹਨ, ਕੋਈ ਨੇੜੇ ਹੈ ਕੋਈ ਦੂਰ ਹੈ, ਇਸ ਵਿਚ ਕੀ ਅਗੰਮੀ ਭੇਤ ਹੈ, ਇਹ ਤਾਂ ਉਹ ਆਪ ਹੀ ਜਾਣਦੇ ਹਨ। ਬਾਬਾ ਜੀ ਦੇ ਸਮੇਂ ਤਕਰੀਬਨ ਡੇਰੇ ਸੱਠ ਕੁ ਕੁੱਤੇ ਸਨ। ਇਹਨਾਂ ਵਿਚ ਇਕ ਡੱਬੇ ਰੰਗ ਦਾ ਕੁੱਤਾ ਸੀ ਅਤੇ ਇਸ ਦਾ ਕੱਦ ਵੀ ਬਹੁਤ ਤਕੜਾ ਸੀ। ਪਰ ਕੁੱਤਿਆਂ ਵਾਲੀ ਗੱਲ ਇਸ ਵਿਚ ਕੋਈ ਨਹੀਂ ਸੀ। ਹੋਰ ਕੁੱਤੇ ਆਪਸ ਵਿਚ ਲੜਦੇ ਸਨ ਪਰ ਇਹ ਇਕੱਲਾ ਹੀ ਬੈਠਾ ਰਹਿੰਦਾ ਸੀ

ਤੇ ਕੁੱਤਿਆਂ ਦੇ ਵਿਚ ਵੀ ਨਹੀਂ ਸੀ ਮਿਲ ਕੇ ਬੈਠਦਾ। ਜਦੋਂ ਬਾਬਾ ਜੀ ਦੁੱਧ ਛਕਦੇ ਸਨ, ਆਪਣਾ ਸੀਤ ਪ੍ਰਸਾਦ ਇਸ ਨੂੰ ਜ਼ਰੂਰ ਦਿੰਦੇ ਸਨ। ਕਿਸੇ ਹੋਰ ਕੁੱਤੇ ਨੂੰ ਨਹੀਂ ਸੀ ਦਿੰਦੇ। ਇਕ ਵਾਰ ਨੰਬਰਦਾਰ ਈਸ਼ਰ ਸਿੰਘ ਨੇ ਪੁੱਛਿਆ, "ਮਹਾਰਾਜ, ਇਸ ਨੂੰ ਸੀਤ ਪ੍ਰਸਾਦ ਦਿੰਦੇ ਹੋ, ਹੋਰ ਕਿਸੇ ਕੁੱਤੇ ਨੂੰ ਨਹੀਂ ਦਿੰਦੇ, ਕੀ ਕਾਰਣ?" ਤਾਂ ਬਾਬਾ ਜੀ ਨੇ ਬਚਨ ਕੀਤਾ, "ਨੰਬਰਦਾਰਾ, ਇਹ ਬੱਗਾ ਕੁੱਤਾ ਸਾਡਾ ਸਕਾ ਭਰਾ ਹੈ। ਇਸ ਦਾ ਨਾਮ ਦਸੌਂਧਾ ਸਿੰਘ ਸੀ, ਉਸ ਸਮੇਂ ਇਹ ਨੰਬਰਦਾਰ ਵੀ ਸੀ। ਵੱਢੀ ਆਦਿਕ ਬਹੁਤ ਲੈਂਦਾ ਸੀ, ਬੜਾ ਕੁਕਰਮੀ ਸੀ ਤਾਂ ਇਹ ਇਸ ਜੂਨ ਵਿਚ ਆਇਆ ਹੈ।" ਫਿਰ ਨੰਬਰਦਾਰ ਨੇ ਬੇਨਤੀ ਕੀਤੀ, "ਮਹਾਰਾਜ, ਤੁਸੀਂ ਐਡੇ ਸਮਰੱਥ, ਤੁਹਾਡਾ ਦਰਸ਼ਨ ਕਰ ਕੇ ਲੋਕ ਤਰ ਗਏ ਤੇ ਇਹ ਕੁੱਤਾ ਬਣ ਗਿਆ।" ਤਾਂ ਹਜ਼ੂਰ ਨੇ ਬਚਨ ਕੀਤਾ, "ਨੰਬਰਦਾਰਾ, ਜੋ ਕਰਦਾ ਹੈ, ਉਸ ਨੂੰ ਭਰਨਾ ਵੀ ਪੈਂਦਾ ਹੈ। ਇਥੇ ਕਿਸੇ ਦਾ ਲਿਹਾਜ਼ ਨਹੀਂ। ਬੰਦੇ ਨੂੰ ਆਪਣਾ ਭਾਰ ਲੈ ਕੇ ਹੀ ਲੰਘਣਾ ਔਖਾ ਹੈ, ਜਿਹੜਾ ਕਿਸੇ ਦਾ ਹੱਕ ਮਾਰਨਾ, ਨਿੰਦਿਆ, ਚੁਗ਼ਲੀ ਕਰਨੀ, ਇਹ ਕਿਸੇ ਦਾ ਭਾਰ ਚੁੱਕਣਾ ਹੈ।

**ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥**
**ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥**

*(ਅੰਗ ੧੩੬੯)*

ਹੁਣ ਸਾਡੇ ਸਮੇਂ ਵਿਚ ਆ ਗਿਆ ਹੈ। ਇਸ ਦਾ ਸਭ ਕੁਝ ਨਿੱਬੜ ਜਾਏਗਾ।"

ਕਲੇਰੀਂ ਨਾਨਕਸਰ ਬਾਬਾ ਨੰਦ ਸਿੰਘ ਜੀ ਦੇ ਸਮੇਂ ਵੀ ਕੁੱਤਿਆਂ ਵਿਚ ਇਕ ਚਿੱਟੇ ਰੰਗ ਦਾ ਕੁੱਤਾ ਹੁੰਦਾ ਸੀ। ਜਿਸ ਵਕਤ ਬਾਬਾ ਜੀ ਨਾਨਕਸਰ ਠਾਠ ਵਿਚ ਸੰਗਤ ਨੂੰ ਦਰਸ਼ਨ ਦੇਣ ਆਇਆ ਕਰਦੇ ਸਨ ਤਾਂ ਸਭ ਕੁੱਤਿਆਂ ਵਿਚੋਂ ਉਸ ਨੇ ਭੱਜ ਕੇ ਬਾਬਾ ਜੀ ਅੱਗੇ ਜਾ ਲੇਟਣਾ। ਬਾਬਾ ਜੀ ਉਸ ਨਾਲ ਸੋਟੀ ਛੁਹਾ ਕੇ, ਕਦੇ ਜੋੜੇ ਵਿਚੋਂ ਚਰਨ ਕੱਢ ਕੇ ਉਸ ਨਾਲ ਲਾਡ ਕਰਨਾ ਤੇ ਮੁੱਖ ਤੋਂ ਕਹਿਣਾ, "ਆ ਭਾਈ ਮਹੰਤਾ।" ਇਕ ਵਾਰ ਪੂਰਨਮਾਸ਼ੀ ਦੇ ਦਿਨ ਸ਼ਾਮ ਦਾ ਦੀਵਾਨ ਲੱਗਾ, ਉਹ ਚਿੱਟਾ ਕੁੱਤਾ ਕਿਵੇਂ

ਨਾ ਕਿਵੇਂ ਬਾਬਾ ਜੀ ਦੇ ਸਾਹਮਣੇ ਦੀਵਾਨ ਵਿਚ ਆ ਗਿਆ। ਬਾਬਾ ਜੀ ਬੈਰਾਗਣ 'ਤੇ ਸਮਾਧੀ ਵਿਚ ਸਨ। ਇਕ ਸੇਵਾਦਾਰ ਉਸ ਕੁੱਤੇ ਨੂੰ ਬਾਹਰ ਕੱਢੇ, ਉਹ ਕੁੱਤਾ ਰੌਲਾ ਪਾਵੇ। ਬਾਬਾ ਜੀ ਨੇ ਬੈਰਾਗਣ ਰੱਖ ਕੇ ਬਚਨ ਕੀਤਾ, "ਇਸ ਨੂੰ ਪੁਚਕਾਰ ਕੇ ਬਾਹਰ ਲੈ ਜਾਉ।" ਸੇਵਕ ਨੇ ਇਸੇ ਤਰ੍ਹਾਂ ਕਰ ਕੇ ਬਾਹਰ ਕੱਢਿਆ। ਫਿਰ ਹੁਕਮ ਕੀਤਾ ਕਿ ਇਸ ਨੂੰ ਲੰਗਰ ਵਿਚ ਲੈ ਜਾਉ। ਲਾਂਗਰੀ ਨੂੰ ਹੁਕਮ ਕੀਤਾ ਕਿ ਇਸ ਨੂੰ ਖੀਰ ਤੇ ਕੜਾਹ ਪ੍ਰਸ਼ਾਦ ਰਜਾ ਕੇ ਖੁਆਉ। ਉਪਰੰਤ ਕੁਝ ਦਿਨਾਂ ਬਾਅਦ ਉਹ ਕੁੱਤਾ ਮਰ ਗਿਆ। ਸੇਵਕ ਨੇ ਬੇਨਤੀ ਕੀਤੀ, "ਜੀ, ਉਹ ਕੁੱਤਾ ਮਰ ਗਿਆ ਹੈ।" ਫਿਰ ਬਾਬਾ ਜੀ ਨੇ ਹੁਕਮ ਕਰ ਕੇ ਉਸ ਦਾ ਇਸ਼ਨਾਨ ਕਰਾ ਕੇ ਕੱਪੜਾ ਪੁਆ ਕੇ ਸੰਸਕਾਰ ਕਰਾ ਦਿੱਤਾ।

(ਇਹ ਕੌਤਕ ਸੰਤ ਖੇਮ ਸਿੰਘ ਜੀ ਨੇ ਵੇਖਿਆ ਅਤੇ ਲਿਖਾਇਆ।)

## (2)

ਬਾਬਾ ਜੀ ਦੇ ਸਮੇਂ ਬਹੁਤ ਕੁੱਤੇ ਸਨ। ਪਾਠਕ ਪਿੱਛੇ ਪੜ੍ਹ ਚੁੱਕੇ ਹਨ ਕਿ ਕਿਸੇ ਮਜ਼ਹਬੀ ਸਿੱਖ ਨੇ ਇਕ ਕੁੱਤਾ ਮਾਰ ਦਿੱਤਾ ਤੇ ਸੇਵਾਦਾਰ ਨੇ ਹਜ਼ੂਰ ਕੋਲ ਬੇਨਤੀ ਕਰ ਦਿੱਤੀ ਤੇ ਉਸ ਦਾ ਨਾਮ ਦੱਸ ਕੇ ਕਿਹਾ ਜੀ ਉਸ ਮਜ਼ਹਬੀ ਨੇ ਆਪਣਾ ਕੁੱਤਾ ਮਾਰ ਦਿੱਤਾ ਹੈ। ਬਾਬਾ ਜੀ ਨੇ ਹੁਕਮ ਕੀਤਾ, "ਉਸ ਨੂੰ ਬੁਲਾਉ।" ਜਾਂ ਪੁੱਛਿਆ, "ਤੂੰ ਕੁੱਤਾ ਕਿਉਂ ਮਾਰਿਆ ?" ਉਸ ਨੇ ਕਿਹਾ ਜੀ, ਉਹ ਹਲਕਿਆ ਸੀ। ਬਾਬਾ ਜੀ ਨੇ ਹੁਕਮ ਕੀਤਾ, "ਜਿਹੜਾ ਸੇਵਾਦਾਰ ਰੋਟੀ ਪਾਉਂਦਾ ਸੀ, ਉਸ ਨੂੰ ਪੁੱਛੋ ਆਪਣਾ ਕੋਈ ਕੁੱਤਾ ਹਲਕਿਆ ਸੀ।" ਉਸ ਨੇ ਕਿਹਾ ਜੀ ਨਹੀਂ, ਮੇਰੇ ਰੋਟੀ ਪਾਉਣ ਸਮੇਂ ਇਹ ਕੁੱਤੇ ਨੂੰ ਭਜਾ ਕੇ ਲੈ ਗਿਆ ਸੀ। ਫਿਰ ਮਜ਼ਹਬੀ ਤੋਂ ਪੁੱਛਿਆ ਕਿ ਇਕ ਤਾਂ ਤੂੰ ਬਿਨਾਂ ਕਸੂਰ ਤੋਂ ਦਰਵੇਸ਼ ਨੂੰ ਮਾਰਿਆ, ਦੂਜਾ ਤੂੰ ਝੂਠ ਬੋਲਿਆ ਕਿ ਉਹ ਹਲਕਿਆ ਸੀ।" ਉਹ ਫਿਰ ਵੀ ਨਾ ਮੰਨੇ। ਅਖ਼ੀਰ 'ਤੇ ਬਚਨ ਕੀਤਾ, "ਉਹ ਨਹੀਂ ਸੀ ਹਲਕਿਆ, ਤੂੰ ਹਲਕਿਆ ਹੈਂ। ਤੂੰ ਉਸੇ ਮੌਤ ਮਰੇਂਗਾ।" ਉਪਰੰਤ ਇਹ ਬਚਨ ਸਤਿ ਹੋਇਆ।

(3)

**ਪਰਤੀਤਿ ਹੀਐ ਆਈ ਜਿਨ ਜਨ ਕੈ**
**ਤਿਨ ਕਉ ਪਦਵੀ ਉਚ ਭਈ॥**

*(ਅੰਗ ੧੪੦੨)*

ਮਹਾਂ ਪੁਰਖਾਂ ਕੋਲ ਕੋਈ ਪ੍ਰੇਮੀ ਆ ਕੇ ਆਪਣੇ ਭਲੇ ਵਾਸਤੇ ਬੇਨਤੀ ਕਰੇ, ਜੋ ਮਹਾਂ ਪੁਰਖ ਬਚਨ ਕਰਨ ਉਸ ਨੂੰ ਸਤਿ ਕਰ ਕੇ ਮੰਨੇ, ਇਹੋ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਕਈ ਵਾਰ ਸੋਚਦਾ ਹੈ ਜੋ ਕੁਝ ਮੈਨੂੰ ਕਿਹਾ ਹੈ , ਇਹ ਗੱਲ ਕਿਵੇਂ ਵੀ ਨਹੀਂ ਹੋ ਸਕਦੀ। ਮਹਾਂਪੁਰਖ ਦੀ ਰਮਜ਼ ਨਾ ਸਮਝ ਸਕਣ ਕਰਕੇ ਕੁਝ ਪ੍ਰਾਪਤ ਨਹੀਂ ਕਰ ਸਕਦਾ। ਇਸੇ ਤਰ੍ਹਾਂ ਹੀ ਇਕ ਵਾਰ ਮਾਨਕ ਖ਼ਾਨੇ ਵਾਲਿਆ ਨਾਲ ਹੋਈ। ਇਕ ਸਮੇਂ ਮਾਣਕ ਖ਼ਾਨੇ ਤੋਂ ਕੁਝ ਪ੍ਰੇਮੀ ਬਾਬਾ ਜੀ ਪਾਸ ਆ ਕੇ ਬੇਨਤੀ ਕਰਨ ਲੱਗੇ ਕਿ ਸੱਚੇ ਪਾਤਸ਼ਾਹ ਕ੍ਰਿਪਾ ਕਰੋ, ਸਾਡਾ ਨਗਰ ਵੱਸਦਾ ਹੋਇਆ ਵੀ ਬੇਆਬਾਦ ਜਿਹਾ ਲੱਗਦਾ ਹੈ, ਪਿੰਡ ਵਿਚ ਕੋਈ ਰੌਣਕ ਨਹੀਂ ਅਤੇ ਵਾਧਾ ਵੀ ਨਹੀਂ ਹੋ ਜਿਹਾ, ਤੁਹਾਡੇ ਦਰ ਤੋਂ ਕੋਈ ਖ਼ਾਲੀ ਨਹੀਂ ਮੁੜਿਆ, ਮਿਹਰ ਕਰੋ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਜਿਸ ਨਗਰ ਵਾਲੇ ਆਪਣੇ ਵੱਡ-ਵਡੇਰਿਆਂ ਦੀ ਸੇਵਾ ਕਰਨੀ ਛੱਡ ਦੇਣ, ਉਹ ਲੋਕ ਸੁਖੀ ਨਹੀਂ ਵੱਸਦੇ।" ਪੰਚਾਇਤ ਵਾਲਿਆਂ ਨੇ ਪੁੱਛਿਆ, "ਮਹਾਰਾਜ, ਅਸੀਂ ਵੱਡ-ਵਡੇਰਿਆਂ ਨੂੰ ਪੂਜਦੇ, ਮੰਨਦੇ ਹਾਂ।" ਬਾਬਾ ਜੀ ਕੋਲ ਇਕ ਮਾੜੀ ਜਿਹੀ ਕਤੂਰੀ ਬੈਠੀ ਸੀ, ਉਸ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ, "ਜਿਸ ਤੁਹਾਡੇ ਵੱਡ-ਵਡੇਰੇ ਨੇ ਪਿੰਡ ਬੰਨ੍ਹਿਆ ਸੀ, ਇਹ ਉਸ ਦੀ ਘਰ ਵਾਲੀ ਹੈ। ਵਿਚਾਰੀ ਰੁਲਦੀ ਫਿਰਦੀ ਹੈ। ਇਸ ਨੂੰ ਲੈ ਜਾ ਕੇ ਸੇਵਾ ਕਰੋ, ਫਿਰ ਤੁਸੀਂ ਵਧੋ ਫੁੱਲੋਗੇ।" ਉਹਨਾਂ ਵਿਚੋਂ ਕਈ ਬੰਦੇ ਕਹਿਣ, ਨਹੀਂ ਜੀ, ਐਵੇਂ ਤੁਹਾਡਾ ਖ਼ਿਆਲ ਹੈ, ਕੁੱਤੀਆਂ ਵਿਚ ਕੀ ਧਰਿਆ ਹੈ ਤੇ ਕੁੱਤੀ ਦਾ ਪਿੰਡ ਦੀ ਗੱਲ ਨਾਲ ਕੀ ਸਬੰਧ। ਤੁਸੀਂ ਕ੍ਰਿਪਾ ਕਰੋ। ਪਰੰਤੂ ਬਾਬਾ ਜੀ ਨੇ ਬਚਨ ਕੀਤਾ, "ਨਹੀਂ ਸਾਰਾ ਸਬੰਧ ਹੀ ਇਸ ਨਾਲ ਹੈ, ਵੇਖ ਲਉ ਸੇਵਾ ਕਰ ਕੇ ਕਿਵੇਂ ਰੰਗ-ਭਾਗ ਲੱਗਦੇ ਹਨ।" ਪਰ ਉਹਨਾਂ ਨੇ ਬਚਨ ਨਹੀਂ

ਮੰਨਿਆ, ਕੁੱਤੀ ਨਾ ਲੈ ਕੇ ਗਏ। ਉਪਰੰਤ ਉਹ ਨਗਰ ਅੱਜ ਤਕ ਵੀ ਉਹੋ ਜਿਹਾ ਹੀ ਹੈ।

*(ਇਹ ਬਚਨ ਵੀ ਈਸ਼ਰ ਸਿੰਘ ਨੰਬਰਦਾਰ ਦੇ ਸਮੇਂ ਹੋਏ ਰਤਨ ਸਿੰਘ ਢਿੱਲੋਂ ਰਾਹੀਂ ਮਿਲਿਆ।)*

# ਬਾਬਾ ਜਿਸ ਤੂੰ ਦੇਹਿ ਸੋਈ ਜਨੁ ਪਾਵੈ

*(ਅੰਗ ੯੨੨)*

ਭੁੱਚੋ ਵਾਲੇ ਬਾਬਾ ਜੀ ਜਿਤਨਾ ਸਮਾਂ ਸਰੀਰ ਕਰਕੇ ਸੰਸਾਰ ਵਿਚ ਰਹੇ, ਕਲੇਰਾਂ ਵਾਲੇ ਬਾਬਾ ਜੀ ਪਾਸ ਜੋ ਵੀ ਲੋੜਵੰਦ ਆਇਆ, ਕਲੇਰਾਂ ਵਾਲੇ ਬਾਬਾ ਜੀ ਨੇ ਸਭ ਨੂੰ ਭੁੱਚੋ ਭੇਜਿਆ। ਆਪ ਸਮਰੱਥ ਹੋ ਕੇ ਵੀ ਕਿਸੇ ਦਾ ਕੰਮ ਨਹੀਂ ਕੀਤਾ। ਪੁਰਾਤਨ ਗੁਰਸਿੱਖ ਵੀ ਸਤਿਗੁਰੂ ਦੇ ਸਮੇਂ ਇਹੋ ਹੀ ਮਰਿਆਦਾ ਦਾ ਪਾਲਨ ਕਰਦੇ ਰਹੇ। ਬਾਬਾ ਨੰਦ ਸਿੰਘ ਜੀ ਦਾ ਇਕ ਸੇਵਕ ਜਿਸ ਦਾ ਨਾਮ ਲੱਧਾ ਰਾਮ ਸੀ, ਇਸ ਦੇ ਔਲਾਦ ਨਹੀਂ ਸੀ ਬਚਦੀ, ਹੋ ਕੇ ਮਰ ਜਾਂਦੀ ਸੀ। ਇਸ ਨੇ ਆਪਣੀ ਤਕਲੀਫ਼ ਬਾਬਾ ਜੀ ਕੋਲ ਦੱਸੀ। ਸੁਣ ਕੇ ਕਲੇਰਾਂ ਵਾਲੇ ਬਾਬਾ ਜੀ ਨੇ ਹੁਕਮ ਕੀਤਾ ਕਿ ਸਾਡੇ ਗੁਰਦੇਵ ਭੁੱਚੋ ਵਾਲੇ ਹਨ, ਤੁਸੀਂ ਉਥੇ ਜਾਉ।" ਇਸ ਹੁਕਮ ਅਨੁਸਾਰ ਭਾਈ ਲੱਧਾ ਰਾਮ ਤੇ ਉਸ ਦੇ ਘਰਵਾਲੀ ਦੋਵੇਂ ਹੀ ਬਾਬਾ ਜੀ ਪਾਸ ਆਏ। ਨਮਸਕਾਰ ਕਰਨ ਤੋਂ ਪਹਿਲਾਂ ਹੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਆ ਗਏ ਨੇ ਪੁੱਤ ਲੈਣ ਵਾਲੇ। ਮਹਾਂਪੁਰਖ ਸਾਡੇ ਕੋਲ ਭੇਜ ਦਿੰਦੇ ਹਨ, ਉਹਨਾਂ ਕੋਲ ਕਿਤੇ ਹੈ ਨਹੀਂ ਸੀ।" ਉਪਰੰਤ ਭਾਈ ਲੱਧਾ ਰਾਮ ਨੇ ਬੇਨਤੀ ਕੀਤੀ, "ਜੀ, ਕ੍ਰਿਪਾ ਕਰੋ।" ਅਤੇ ਬਹੁਤ ਬੇਨਤੀਆਂ ਕੀਤੀਆਂ। ਉਪਰੰਤ ਬਾਬਾ ਜੀ ਨੇ ਇਕ ਕੂਜਾ ਮਿਸ਼ਰੀ ਦਾ ਝੋਲੀ ਵਿਚ ਪਾ ਕੇ ਤੋਰ ਦਿੱਤਾ। ਇਹ ਪਰਿਵਾਰ ਇਸ ਸਮੇਂ ਸੋਨੀਪਤ ਵਿਚ ਵੱਸ ਰਿਹਾ ਹੈ।

*(ਅਨੰਦ ਸਰੋਵਰ ਵਿਚੋਂ)*

# ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦੁ ਬਲਿਹਾਰ॥

*(ਅੰਗ ੨੧੮)*

ਜਿਸ ਸਮੇਂ ਈਸ਼ਰ ਸਿੰਘ ਨੰਬਰਦਾਰ ਮਲੂਕੇ ਵਾਲੇ ਨੂੰ ਸੇਵਾ ਕਰਦੇ ਨੂੰ ਤਕਰੀਬਨ ਦੋ ਸਾਲ ਹੋ ਗਏ। ਇਸ ਦੇ ਘਰ ਵਾਲੀ ਨੂੰ ਬੱਚਾ ਹੋਣ ਵਾਲਾ ਸੀ। ਉਸ ਈਸ਼ਰ ਸਿੰਘ ਨੇ ਬਾਬਾ ਜੀ ਪਾਸ ਦੱਸ ਕੇ ਆਗਿਆ ਮੰਗੀ ਪਰ ਬਾਬਾ ਜੀ ਨੇ ਆਗਿਆ ਨਾ ਦਿੱਤੀ। ਇਸ ਵਿਚ ਵੀ ਕੋਈ ਭੇਦ ਸੀ। ਇਸ ਦਿਨ ਈਸ਼ਰ ਸਿੰਘ ਤੇ ਇਸ ਦੇ ਘਰੋਂ ਬੀਬੀ, ਜਿਸ ਦਾ ਨਾਮ ਭਾਗੀ ਸੀ, ਸੇਵਾ ਕਰ ਰਹੇ ਸਨ, ਕੋਟ ਸ਼ਮੀਰ ਵਾਲੇ ਸੰਤ ਜਿਊਣ ਦਾਸ ਜੀ ਘੋੜਾ ਬਾਹਰ ਬੰਨ੍ਹ ਕੇ ਅੰਦਰ ਆ ਗਏ ਤੇ ਆਉਣ ਸਾਰ ਹੀ ਬਚਨ ਕੀਤਾ, "ਇਹ ਸੰਤ ਅੱਗੇ ਵੀ ਦਰਸ਼ਨ ਕਰਨ ਆਉਂਦੇ ਸਨ, ਪਰ ਇਸ ਵਾਰ ਕੋਈ ਬਾਬਾ ਜੀ ਵੱਲੋਂ ਅੰਦਰੂਨੀ ਪ੍ਰੇਰਨਾ ਹੋਈ ਤੇ ਆਪਣੇ ਆਪ ਹੀ ਬਚਨ ਕੀਤਾ, "ਠਾਣੇਦਾਰੀਆਂ, ਸਰਦਾਰੀਆਂ ਕਾਇਮ, ਬੜੀਆਂ ਖ਼ੁਸ਼ੀਆਂ, ਰੰਗ-ਭਾਗ ਲੱਗਣਗੇ, ਰੱਜ ਕੇ ਖਾਉਗੇ, ਪਿੰਡ ਵਿਚ ਚੌਧਰ ਮਿਲੇਗੀ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਨੰਬਰਦਾਰਾ, ਤੁਸੀਂ ਦੋਵੇਂ ਜੀਅ ਹੱਥ ਧੋ ਕੇ ਸੰਤਾਂ ਦੇ ਚਰਨੀਂ ਹੱਥ ਲਾਉ।" ਹੁਕਮ ਅਨੁਸਾਰ ਇਹਨਾਂ ਦੋਹਾਂ ਨੇ ਸੰਤ ਜਿਊਣ ਦਾਸ ਜੀ ਦੇ ਚਰਨੀਂ ਹੱਥ ਲਾਏ। ਬਾਬਾ ਜੀ ਨੇ ਸੰਤ ਜਿਊਣ ਦਾਸ ਜੀ ਨੂੰ ਹੁਕਮ ਕੀਤਾ, "ਅੱਗੇ ਵਾਲੇ ਸਾਰੇ ਬਚਨ ਕਰੋ।" ਤੇ ਮੁਣਸ਼ੀ ਨੂੰ ਹੁਕਮ ਕੀਤਾ, "ਤੁਸੀਂ ਮੁਣਸ਼ੀ ਜੀ ਲਿਖ ਲਵੋ।" ਉਹ ਬਚਨ ਸੰਤ ਜੀ ਕਹੀ ਗਏ ਅਤੇ ਮੁਣਸ਼ੀ ਜੀ ਲਿਖੀ ਗਏ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਢਿੱਲੋਂ ਪਰਿਵਾਰ ਨੂੰ ਇਸ ਤਰੀਕੇ ਨਾਲ ਬਖ਼ਸ਼ਿਸ਼ ਹੋਈ।

## (2)

ਇਹਨਾਂ ਦਿਨਾਂ ਵਿਚ ਜਰਮਨ ਦੀ ਜੰਗ ਜ਼ੋਰਾਂ ਤੇ ਸੀ। ਇਕ ਵਾਰ ਅਚਾਨਕ ਹੀ ਬਾਬਾ ਜੀ ਮੁਣਸ਼ੀ ਹਰਦਿੱਤ ਸਿੰਘ ਨੂੰ ਸੱਦ ਕੇ ਬਚਨ ਕੀਤਾ ਕਿ, "ਤੇਰਾ ਗਿਆ ਅੰਗਰੇਜ਼ਾ ਰਾਜ ਓਏ, ਤੈਂ ਬੜੇ ਵਿਗਾੜੇ ਕਾਜ ਓਏ।" ਮੁਣਸ਼ੀ ਜੀ ਲਿਖੀ ਗਏ। ਤਿੰਨ ਵਾਰ ਲਿਖਾਇਆ, ਫਿਰ ਆਪ ਜੀ ਨੇ ਬਚਨ ਕੀਤਾ, "ਮੁਣਸੀ, ਜਿਹੜਾ ਆਪਾਂ ਲਿਖਿਆ ਹੈ, ਇਸ 'ਤੇ ਲਕੀਰ ਮਾਰ ਦਿਓ। ਅਜੇ ਅੰਗਰੇਜ਼ ਨੂੰ ਨਹੀਂ ਕੱਢਣਾ ਅਤੇ ਜਰਮਨ ਤਾਂ ਇਹਨਾਂ ਨਾਲੋਂ ਵੀ ਭੈੜਾ ਹੈ।" ਉਪਰੰਤ ਮੁਣਸ਼ੀ ਜੀ ਨੇ ਲਿਖੇ ਉਪਰ ਲਕੀਰ ਫੇਰ ਦਿੱਤੀ ਜੋ ਅਜੇ ਤਕ ਉਸੇ ਤਰ੍ਹਾਂ ਹੈ। ਫਿਰ ਹੁਕਮ ਦੇ ਕੇ ਜਿਥੇ ਅੱਜ ਕੱਲ ਮੰਦਰ ਹੈ, ਇਸ ਥਾਂ ਉਪਰ ਇਕ ਲੱਕੜ ਦਾ ਮਨੁੱਖ ਬਣਾ ਕੇ ਸਿਪਾਹੀਆਂ ਦੇ ਕੱਪੜੇ ਪੁਆ ਕੇ ਖੜਾ ਕਰ ਦਿੱਤਾ। ਜੇ ਕਿਸੇ ਨੇ ਪੁੱਛਣਾ, "ਮਹਾਰਾਜ, ਇਹ ਕੀ ਹੈ?" ਤਾਂ ਬਚਨ ਕਰਨਾ, "ਇਹ ਸਾਡਾ ਸਿਪਾਹੀ ਹੈ, ਜਰਮਨ ਨੂੰ ਅੱਗੇ ਆਣ ਤੋਂ ਰੋਕੇਗਾ।" ਇਕ ਵਾਰ ਨੰਬਰਦਾਰ ਈਸ਼ਰ ਸਿੰਘ ਨੂੰ ਬਚਨ ਕਰਦਿਆਂ ਫ਼ੁਰਮਾਇਆ, "ਨੰਬਰਦਾਰਾ, ਤੂੰ ਵੇਖੇਂਗਾ ਜਦੋਂ ਅੰਗਰੇਜ਼ਾਂ ਦੇ ਜਾਣ ਦਾ ਸਮਾਂ ਹੋਇਆ, ਇਹਨਾਂ ਨੇ ਪੈਰੀਂ ਜੁੱਤੀ ਵੀ ਨਹੀਂ ਪਾਉਣੀ।"

*(ਇਹ ਬਚਨ ਵੀ ਰਤਨ ਸਿੰਘ ਢਿੱਲੋਂ ਮਲੂਕਾ ਤੋਂ ਮਿਲਿਆ।)*

# ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈ ਦੀਏ ਰੁੜ੍ਹਾਈ॥

*(ਅੰਗ ੧੨੩੫)*

ਇਸੇ ਸਮੇਂ ਬਾਬਾ ਨੰਦ ਸਿੰਘ ਜੀ ਕਲੇਰਾਂ ਤੇ ਸੰਗਤ ਦਰਸ਼ਨ ਕਰਨ ਆਏ। ਇਸ ਸਮੇਂ ਬਾਬਾ ਜੀ ਨਾਲ ਮੁਖੀ ਸਰਦਾਰ ਜੋਗਿੰਦਰ ਸਿੰਘ, ਜ਼ੈਲਦਾਰ ਗਾਲਿਬ ਕਲਾਂ ਤੇ ਸ. ਗੁਰਦਿੱਤ ਸਿੰਘ ਨੱਥੋਵਾਲ ਤੇ ਰਤਨ ਸਿੰਘ ਔਲਖ ਕਲੇਰਾਂ ਤੋਂ ਕਿਸ਼ਨ ਸਿੰਘ ਔਲਖ, ਇਹਨਾਂ ਨਾਲ ਕਲੇਰਾਂ ਤੋਂ ਕੇਹਰ ਸਿੰਘ

ਸੁਖਮਨੀਆ, ਵਰਿਆਮ ਸਿੰਘ ਗਾਲਿਬ ਕਲਾਂ ਤੋਂ ਕੁਝ ਸਮਾਂ ਠਹਿਰ ਕੇ ਬਾਬਾ ਜੀ ਦੇ ਦਰਸ਼ਨ ਕਰ ਕੇ ਮਾਝੇ ਦੇ ਇਲਾਕੇ ਵੱਲ ਚਲੇ ਗਏ। ਜਾਣ ਤੋਂ ਬਾਅਦ ਨਹਿਰ ਦੇ ਮਹਿਕਮੇ ਦਾ ਓਵਰਸੀਅਰ, ਜਿਸ ਦਾ ਨਾਮ ਚੰਨਣ ਸਿੰਘ ਸੀ, ਜਿਸ ਦਾ ਨਗਰ ਬੋਪਾਰਾਇ ਸੀ, ਭੁੱਚੋ ਅੱਪੜ ਕੇ ਬਾਬਾ ਜੀ ਕਲੇਰਾਂ ਵਾਲਿਆਂ ਦੀ ਬਾਬਤ ਕਹਿਣ ਲੱਗਾ, “ਉਹਨਾਂ ਨੇ ਨਹਿਰ ਦੀ ਪਟੜੀ-ਪਟੜੀ ਆਪਣੀ ਗੱਡੀ ਲਿਆ ਕੇ ਗ਼ੈਰ-ਕਾਨੂੰਨੀ ਕੰਮ ਕੀਤਾ ਹੈ ਤੇ ਮੈਂ ਉਹਨਾਂ ਨੂੰ ਸਜ਼ਾ ਕਰਾਉਣੀ ਹੈ ਤੇ ਹੁਣ ਕਿਥੇ ਹਨ, ਮੈਨੂੰ ਦੱਸੋ।” ਅੱਗੋਂ ਭੁੱਚੋਂ ਵਾਲਿਆਂ ਨੇ ਬਚਨ ਕੀਤਾ, “ਮਹਾਂਪੁਰਖਾਂ ਦੀ ਸੇਵਾ ਕਰ ਕੇ ਖ਼ੁਸ਼ੀ ਲਈਦੀ ਹੈ, ਲੋਕ-ਪਰਲੋਕ ਸੁਧਾਰੀਦਾ ਹੈ। ਉਹਨਾਂ ਦੀ ਨਿਗਰਾਨੀ ਕਰਨ ਵਾਲੇ ਦਾ ਕੁਝ ਨਹੀਂ ਰਹਿੰਦਾ।” ਚੰਨਣ ਸਿੰਘ ਦੇ ਹੱਥ ਵਿਚ ਇਕ ਪਤਲੀ ਜਿਹੀ ਸੋਟੀ ਸੀ, ਜ਼ਮੀਨ ’ਤੇ ਮਾਰ ਕੇ ਕਹਿਣ ਲੱਗਾ, “ਨਹੀਂ, ਇਹ ਗੱਲ ਨਹੀਂ ਹੋ ਸਕਦੀ।” ਉਸ ਵੇਲੇ ਭੁੱਚੋ ਵਾਲੇ ਮਹਾਰਾਜ ਲੰਮੇ ਪਏ ਹੋਏ ਸਨ। ਆਸਣ ਤੋਂ ਉੱਠ ਕੇ ਬੈਠ ਗਏ ਤੇ ਬਚਨ ਕੀਤਾ, “ਅੱਜ ਦੁੱਧ ਛਕਣਾ ਸੀ, ਤੇਰਾ ਕੰਮ ਨਬੇੜ ਕੇ ਹੀ ਛਕਾਂਗੇ। ਉਹਨਾਂ ਦੇ ਹਿਰਦੇ ਵਿਚ ਗੁਰੂ ਨਾਨਕ ਵੱਸਿਆ ਹੈ। ਉਹਨਾਂ ਦੇ ਤਾਂ ਕੁੱਤਿਆਂ ਨੂੰ ਵੀ ਸਜ਼ਾ ਨਹੀਂ ਹੋ ਸਕਦੀ। ਸਭ ਦਾ ਦਰਗਾਹੀ ਲੇਖਾ ਮੁੱਕ ਗਿਆ ਹੈ।” ਇਉਂ ਬਚਨ ਕਰ ਕੇ ਆਪਣੇ ਦੋਹਾਂ ਹੱਥਾਂ ਦੀਆਂ ਤਲੀਆਂ ਮਲੀਆਂ । ਉਸ ਸਮੇਂ ਇਉਂ ਆਵਾਜ਼ ਆਈ ਜਿਵੇਂ ਕੋਈ ਲੱਕੜ ਟੁੱਟਦੀ ਹੈ ਤੇ ਬਚਨ ਕੀਤਾ, “ਨੀਲਾ ਸਿੰਆਂ, ਇਸ ਦੁਸ਼ਟ ਨੂੰ ਬਾਹੋਂ ਫੜ ਕੇ ਸਾਡੇ ਅਗਲੇ ਬਾਰ ਵਿਚੋਂ ਲੈ ਕੇ ਟਿੱਲੇ ਵਾਲੇ ਬਾਰ ਵਿਚੋਂ ਕੱਢ ਦੇ।” ਹੁਕਮ ਅਨੁਸਾਰ ਇਵੇਂ ਹੀ ਕੀਤਾ ਗਿਆ। ਬਚਨ ਕੀਤਾ, “ਤੈਨੂੰ ਚੌਰਾਸੀ ਲੱਖ ਜੂਨ ਭੋਗਣੀ ਪਵੇਗੀ।

ਮਾਤ ਲੋਕ ਵਿਚ ਭੌਂਦਾ ਫਿਰੇਂਗਾ, ਤੈਨੂੰ ਪਾਤਾਲ ਵਿਚ ਵੀ ਠਾਹਰ ਨਹੀਂ ਮਿਲੇਗੀ, ਅਸਮਾਨਾਂ ਵਿਚ ਪੁੱਠਾ ਟੰਗਿਆ ਜਾਏਂਗਾ।

ਖਾਰਿਆਂ ਸਮੁੰਦਰਾਂ ਵਿਚ ਗੋਤੇ ਖਾਵੇਂਗਾ, ਤੈਨੂੰ ਕਿਤੇ ਸੁਖ ਨਾ ਮਿਲੇਗੀ। ਜੰਮ-ਜੰਮ ਕੇ ਮਰੇਂਗਾ, ਤੇਰੇ ਢਿੱਡ ਵਿਚ ਮੂਲ ਆਂਦਰਾਂ ਗਲਣਗੀਆਂ। ਮਹਾਂਪੁਰਖਾਂ ਦੇ ਦੋਖੀਆ, ਤੇਰੀ ਇਹ ਹਾਲਤ ਹੋਏਗੀ।” ਪਿਤਾ-ਮਾਤਾ ਜਿਹੜੇ ਉਸ ਸਮੇਂ ਉਥੇ ਹਾਜ਼ਰ ਸਨ, ਨੇ ਦੱਸਿਆ ਕਿ ਜਿਸ ਸਮੇਂ ਉਸ ਨੂੰ ਫੜ ਕੇ

ਹੁਕਮ ਅਨੁਸਾਰ ਬਾਹਰ ਕੱਢ ਕੇ ਛੱਡਿਆ ਤਾਂ ਬੜੀ ਮੁਸ਼ਕਿਲ ਨਾਲ ਤੁਰ ਕੇ ਆਪਣੀ ਕਾਰ, ਜਿਸ ਉੱਤੇ ਚੜ੍ਹ ਕੇ ਪਿੱਛਾ ਕੀਤਾ ਸੀ, ਤਕ ਗਿਆ ਤੇ ਚਲਾ ਗਿਆ। ਉਸ ਨਾਲ ਅੱਗੋਂ ਕੀ ਬੀਤੀ, ਅੱਗੇ ਪੜ੍ਹੋ।

## ਸੰਤ ਕਾ ਦੋਖੀ ਇਉ ਬਿਲਲਾਇ॥
## ਜਿਉ ਜਲ ਬਿਹੂਨ ਮਛੁਲੀ ਤੜਫੜਾਇ॥

*(ਅੰਗ ੨੮੦)*

ਫਿਰ ਸ. ਚੰਨਣ ਸਿੰਘ ਦੀ ਵੀ ਤਨ ਤੇ ਮਨ ਕਰਕੇ ਉਪਰਲੀਆਂ ਪੰਗਤੀਆਂ ਵਾਲੀ ਹਾਲਤ ਹੋ ਗਈ। '**ਅਸਾਧ ਰੋਗ ਉਪਜਿਆ ਤਨ ਭੀਤਰ ਟਰਤੁ ਨ ਕਾਹੂ ਟਾਰਿਓ॥**' ਵਾਲੀ ਪੰਗਤੀ ਦਾ ਫ਼ੁਰਮਾਨ ਪੂਰਾ ਹੋ ਗਿਆ। ਸ. ਚੰਨਣ ਸਿੰਘ ਘੋਲੀਏ, ਸੰਤ ਗੁਲਾਬ ਸਿੰਘ ਜੀ ਦਾ ਸ਼ਰਧਾਲੂ ਸੀ, ਸੰਤ ਗੁਲਾਬ ਸਿੰਘ ਜੀ ਲਹਿਰੇ ਖ਼ਾਨੇ ਵਾਲੇ ਬਾਬਾ ਵਧਾਵਾ ਸਿੰਘ ਜੀ ਦੇ ਗੁਰਭਾਈ ਸਨ। ਸੰਤ ਗੁਲਾਬ ਸਿੰਘ ਜੀ ਨੇ ਇਸ ਨੂੰ ਦੁਆਈ ਦੇਣੀ ਸ਼ੁਰੂ ਕੀਤੀ ਪਰੰਤੂ ਦੁਆਈ ਖਾਣ ਨਾਲ ਚੰਨਣ ਸਿੰਘ ਦੀ ਤਕਲੀਫ਼ ਹੋਰ ਵਧੀ। ਸੰਤ ਗੁਲਾਬ ਸਿੰਘ ਨੇ ਇਹ ਸੋਚ ਕੇ ਕਿ ਅੱਜ ਤਕ ਸਾਡੀ ਦੁਆਈ ਜਿਸ ਨੇ ਖਾਧੀ ਹੈ, ਸਭ ਨੂੰ ਆਰਾਮ ਆਇਆ ਹੈ, ਪਰੰਤੂ ਇਥੇ ਤਾਂ ਗੱਲ ਹੀ ਹੋਰ ਹੈ। ਜਿਵੇਂ ਕਿਸੇ ਸਿਆਣੇ ਨੇ ਕਿਹਾ ਹੈ:

**ਦੁਆ ਤੋ ਹਮ ਦੇਤੇ ਹੈਂ ਲੇਕਿਨ ਸ਼ਫ਼ਾ ਦੇਤਾ ਹੈ ਤੂ।**
**ਖ਼ਾਕ ਮੇਂ ਅਕਸੀਰ ਕੇ ਜ਼ੌਹਰ ਦਿਖਾ ਦੇਤਾ ਹੈ ਤੂ।**
**ਜ਼ਹਿਰ ਮੇਂ ਭੀ ਤੇਰੀ ਕੁਦਰਤਿ ਸ਼ਫ਼ਾ ਮੌਜੂਦ ਹੈ।**
**ਗੁਰੂ ਰਹਿਮਤ ਨਾ ਹੋ ਤੇਰੀ ਤੋਰਿਆਕ ਭੀ ਬੇ ਸੂਦ ਹੈ।**

ਮਹਾਂਪੁਰਖਾਂ ਦੇ ਬਚਨ ਦਾ ਤੀਰ ਚੱਲਿਆ ਦੁਨਿਆਵੀ ਕੋਈ ਚੀਜ਼ ਉਸ ਨੂੰ ਮੋੜ ਨਹੀਂ ਸਕਦੀ। ਪਰੰਤੂ ਸੰਤ ਗੁਲਾਬ ਸਿੰਘ ਜੀ ਨੇ ਜਿਸ ਵੇਲੇ ਚੰਗੀ ਤਰ੍ਹਾਂ ਸ. ਚੰਨਣ ਸਿੰਘ ਦੇ ਪਾਸੋਂ ਤਫ਼ਤੀਸ਼ ਕੀਤੀ ਤਾਂ ਉਹਨਾਂ ਨੂੰ ਅਸਲੀ ਗੱਲ ਦਾ ਪਤਾ ਲੱਗਿਆ ਤਾਂ ਉਹਨਾਂ ਚੰਨਣ ਸਿੰਘ ਨੂੰ ਕਿਹਾ ਕਿ

"ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ।" ਉਪਰੰਤ ਸੰਤ ਗੁਲਾਬ ਸਿੰਘ ਜੀ ਬਾਬਾ ਜੀ ਕਲੇਰਾਂ ਵਾਲਿਆਂ ਪਾਸ ਅੱਗੇ ਵੀ ਜਾਂਦੇ ਸਨ, ਇਸ ਵਾਰੀ ਜਾ ਕੇ ਚੰਨਣ ਸਿੰਘ ਦੀ ਤਕਲੀਫ਼ ਦੱਸ ਕੇ ਕਿਹਾ, "ਉਸ ਦੀ ਨੌਕਰੀ ਖ਼ਤਮ ਹੋ ਗਈ ਹੈ, ਮੰਜੇ ਉੱਤੇ ਪਿਆ ਹੈ। **ਨਿਤ ਭੂਖਾ ਕੂਕੇ ਤਿਹਾਇਆ॥** ਵਾਲਾ ਰੱਬੀ ਫ਼ੁਰਮਾਨ ਉਸ ਉੱਤੇ ਵਰਤ ਰਿਹਾ ਹੈ।" ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਅਸੀਂ ਕੁਝ ਨਹੀਂ ਕਿਹਾ।" ਸੰਤ ਗੁਲਾਬ ਸਿੰਘ ਜੀ ਨੇ ਕਿਹਾ, "ਜੀ, ਸੰਤ ਭੁੱਚੋ ਵਾਲਿਆਂ ਨੇ ਬਚਨ ਕੀਤਾ ਹੈ, ਤੁਸੀਂ ਬਖ਼ਸ਼ਾ ਦਿਉ।" ਤਾਂ ਕਲੇਰਾਂ ਵਾਲੇ ਬਾਬਾ ਜੀ ਨੇ ਬਚਨ ਕੀਤਾ, "ਉਹਨਾਂ ਅੱਗੇ ਕੋਈ ਬੋਲਣ ਦੀ ਵਾਹ ਨਹੀਂ। ਅਸੀਂ ਕਿਸੇ ਸਮੇਂ ਹੁਕਮ ਨਾਲ ਗਏ ਤਾਂ ਪ੍ਰਸੰਨ ਵੇਖ ਕੇ ਬੇਨਤੀ ਕਰ ਦਿਆਂਗੇ। ਅੱਗੇ ਉਹਨਾਂ ਦੀ ਜਿਵੇਂ ਰਜ਼ਾ ਹੈ।" ਉਪਰੰਤ ਸੰਤ ਗੁਲਾਬ ਸਿੰਘ ਵਾਪਸ ਮੁੜ ਗਏ। ਇਸ ਸਮੇਂ ਲਹਿਰੇ ਵਾਲੇ ਸੰਤ ਵਧਾਵਾ ਸਿੰਘ ਜੀ ਪਾਸੋਂ ਬਾਬਾ ਅਨੰਦ ਸਿੰਘ ਜੀ ਪਾਸ ਬਖ਼ਸ਼ਾਉਣ ਲਈ ਬੇਨਤੀ ਕੀਤੀ ਗਈ। ਉਪਰੰਤ ਕੁਝ ਸਮੇਂ ਬਾਅਦ ਬਾਬਾ ਅਨੰਦ ਸਿੰਘ ਜੀ ਭੁੱਚੋ ਦਰਸ਼ਨ ਕਰਨ ਆਏ ਤਾਂ ਉਸ ਸਮੇਂ ਬਾਬਾ ਜੀ ਨੇ ਚੰਨਣ ਸਿੰਘ ਦਾ ਨਾਮ ਲਏ ਬਗ਼ੈਰ ਬੇਨਤੀ ਕਰ ਦਿੱਤੀ ਕਿ ਉਹ ਬਹੁਤ ਬੀਮਾਰ ਹੈ, ਕਿਰਪਾ ਕਰੋ।" ਭੁੱਚੋ ਵਾਲਿਆਂ ਨੇ ਹੱਸ ਕੇ ਬਚਨ ਕੀਤਾ, "ਉਹ ਕੌਣ ਹੈ ਮਹਾਂਪੁਰਖੋ, ਨਾਮ ਦੱਸੋ।" ਫਿਰ ਬਾਬਾ ਜੀ ਨੇ ਬਚਨ ਕੀਤਾ, "ਜੀ, ਚੰਨਣ ਸਿੰਘ ਨਹਿਰ ਵਾਲਾ।" ਫਿਰ ਭੁੱਚੋ ਵਾਲੇ ਬਚਨ ਕਰਨ ਲੱਗੇ, "ਉਸ ਦਾ ਨਾਮ ਨਾ ਲਵੋ, ਉਹ ਤਿੰਨ ਕਾਲ ਨਹੀਂ ਬਖ਼ਸ਼ਿਆ ਜਾਏਗਾ।" ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਫਿਰ ਬੇਨਤੀ ਹੀ ਨਹੀਂ ਕੀਤੀ।

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਸੁਣਿਆ। ਉਪਰੰਤ ਕਲੇਰਾਂ ਦੀ ਸੰਗਤ ਪਾਸੋਂ ਵੀ ਸੁਣਿਆ।)*

# ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦਰਬ ਭਰੋਸੋ ॥

ਸੇਵਕ ਸੇਵਾ ਕਰ ਕੇ ਪ੍ਰਸੰਨਤਾ ਲੈ ਕੇ ਮਹਾਂਪੁਰਖਾਂ ਤੋਂ ਮਨ-ਚਿੰਦੇ ਪਦਾਰਥ ਪ੍ਰਾਪਤ ਕਰ ਕੇ ਘਰ ਵਿਚ ਰਹਿ ਕੇ ਜੋ ਬਚਨ ਤੁਰਨ ਸਮੇਂ ਕਰਦੇ, ਉਹਨਾਂ ਉੱਤੇ ਪੂਰਾ ਉਤਰਨ ਵਾਲੇ ਦਾ ਨਾਮ ਇਤਿਹਾਸ ਵਿਚ ਆਦਰ ਸਤਿਕਾਰ ਨਾਲ ਲਿਖਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਨੰਬਰਦਾਰ ਈਸ਼ਰ ਸਿੰਘ ਨੇ ਵੀ ਬਾਬਾ ਜੀ ਦੇ ਘਰ ਹੁਕਮ ਅਨੁਸਾਰ ਜੀਵਨ ਬਤੀਤ ਕੀਤਾ ਜੋ ਇਸ ਨੇ ਘਰ ਤੋਰਨ ਸਮੇਂ ਬਾਬਾ ਜੀ ਨੇ ਬਚਨ ਕੀਤੇ ਉਹ ਇਉਂ ਸਨ, ਨੰਬਰਦਾਰ ਦੇ ਘਰ ਵਾਲੀ ਬੀਬੀ ਭਾਗੀ ਨੂੰ ਬੱਚਾ ਹੋਣ ਵਾਲਾ ਸੀ, ਇਸ ਨੇ ਘਰ ਜਾਣ ਦੀ ਆਗਿਆ ਮੰਗੀ। ਬਾਬਾ ਜੀ ਨੇ ਹੁਕਮ ਕੀਤਾ, "ਨਹੀਂ ਜਾਣਾ, ਇਥੇ ਹੀ ਠੀਕ ਹੈ।" ਜਿਸ ਵਕਤ ਬੀਬੀ ਭਾਗੀ ਨੂੰ ਪਤਾ ਲੱਗਾ ਤਾਂ ਉਸ ਨੇ ਘਰ ਜਾਣ ਲਈ ਹਠ ਕੀਤਾ, ਨਾ ਮੰਨੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, ਇਥੇ ਰਹਿੰਦੇ ਤਾਂ ਚੰਗਾ ਸੀ ਤੇ ਬਚਨ ਕੀਤਾ, ਲੜਕਾ ਹੋਵੇ ਨਾਮ ਕਪੂਰ ਸਿੰਘ ਰੱਖਣਾ। ਵੱਡਾ ਹੋ ਕੇ ਠਾਣੇਦਾਰ ਬਣੇਗਾ, ਨਾਲ ਬਚਨ ਕੀਤਾ, "ਵੱਡਾ ਹੋ ਕੇ ਖੇਡਣ ਲੱਗ ਜਾਂਦਾ ਤਾਂ ਅਸੀਂ ਆਗਿਆ ਦਿੰਦੇ।" ਉਸ ਸਮੇਂ ਭਾਗੀ ਵਾਂਦਰ ਵਾਲਾ ਸਰਬਣ ਸਿੰਘ ਸੇਵਾ ਵਿਚ ਹਾਜ਼ਰ ਸੀ, ਉਸ ਨੂੰ ਬਚਨ ਕੀਤਾ ਕਿ ਤੇਰੇ ਵੀ ਪੁੱਤਰ ਹੋਏਗਾ। ਇਹ ਪ੍ਰਸੰਗ ਪਿੱਛੇ ਅੱਠਵੇਂ ਹਿੱਸੇ ਵਿਚ ਆ ਚੁੱਕਾ ਹੈ। ਉਥੋਂ ਪੜ੍ਹੋ। ਤੁਰਨ ਸਮੇਂ ਬਾਬਾ ਜੀ ਨੇ ਆਪਣੇ ਤੇੜ ਵਾਲੀ ਚਾਦਰ ਲਾਹ ਕੇ ਆਪ ਨਵੀਂ ਬੰਨ੍ਹ ਲਈ। ਪਹਿਲੀ ਚਾਦਰ ਦੇ ਦੋ ਹਿੱਸੇ ਕਰ ਕੇ ਨੰਬਰਦਾਰ ਈਸ਼ਰ ਸਿੰਘ ਤੇ ਸਰਬਣ ਸਿੰਘ ਹੈ ਅੱਡੋ-ਅੱਡ ਦੇ ਕੇ ਬਚਨ ਕੀਤਾ, "ਸਾਂਭ ਕੇ ਰੱਖਣਾ, ਜਦੋਂ ਕਿਤੇ ਲੋੜ ਪੈ ਜਾਏ ਸਰਕਾਰੇ-ਦਰਬਾਰੇ ਨਾਲ ਲੈ ਜਾਓ, ਜਿੱਤ ਹੋਵੇਗੀ। ਕਿਸੇ ਬੱਚੇ ਨੂੰ

ਕੋਈ ਤਕਲੀਫ਼ ਹੋ ਜਾਏ, ਉਸ ਦੇ ਉੱਤੇ ਪਾ ਦਿਉ, ਤੰਦਰੁਸਤ ਹੋ ਜਾਏਗਾ।" ਇਹ ਚਾਦਰ ਅੱਜ ਵੀ ਨੰਬਰਦਾਰ ਦੇ ਪਰਿਵਾਰ ਕੋਲ ਮੌਜੂਦ ਹੈ ਅਤੇ ਸਰਬਣ ਸਿੰਘ ਦੇ ਪਰਿਵਾਰ ਨੇ ਸੰਭਾਲ ਨਹੀਂ ਕੀਤੀ, ਕਿਤੇ ਗੁੰਮ ਹੋ ਗਈ ਹੈ। ਫਿਰ ਸਰਬਣ ਸਿੰਘ ਭਾਗੀ ਵਾਂਦਰ ਵਾਲੇ ਨੇ ਬੇਨਤੀ ਕੀਤੀ ਮਹਾਰਾਜ, ਨੰਬਰਦਾਰ ਦੇ ਮੁੰਡੇ ਨੂੰ ਤਾਂ ਸਰਦਾਰੀ ਤੇ ਮੇਰੇ ਮੁੰਡੇ ਨੂੰ ਵੀ ਕੁਝ ਤਾਂ ਦਿਉ, ਤਾਂ ਬਚਨ ਕੀਤਾ, "ਤੇਰੇ ਕੋਲ ਜ਼ਮੀਨ ਬਹੁਤ ਹੈ ਤੇ ਤੂੰ ਜਪੁਜੀ ਸਾਹਿਬ ਦਾ ਪਾਠ ਨਿਤਨੇਮ ਨਾਲ ਕਰਿਆ ਕਰ ਜਿਥੇ ਅਸੀਂ ਉਥੇ ਤੂੰ।" ਤੇ ਫਿਰ ਨੰਬਰਦਾਰ ਈਸ਼ਰ ਸਿੰਘ ਨੂੰ ਬਚਨ ਕੀਤਾ ਕਿ ਤੂੰ ਘਰ 'ਤੇ ਪੱਕੀ ਇੱਟ ਨਹੀਂ ਲਾਉਣੀ ਕੱਚਾ ਹੀ ਰੱਖਣਾ। ਨੰਬਰਦਾਰ ਆਪਣੀ ਜ਼ਿੰਦਗੀ ਵਿਚ ਇਸ ਬਚਨ 'ਤੇ ਕਾਇਮ ਰਿਹਾ।

ਉਪਰੰਤ ਈਸ਼ਰ ਸਿੰਘ ਮਲੂਕੇ ਪਹੁੰਚ ਗਿਆ, ਹੁਕਮ ਅਨੁਸਾਰ ਉਸ ਦੇ ਪੁੱਤਰ ਹੀ ਹੋਇਆ, ਨਾਮ ਕਪੂਰ ਸਿੰਘ ਰੱਖਿਆ, ਥਾਣੇਦਾਰ ਵੀ ਬਣ ਗਿਆ। ਈਸ਼ਰ ਸਿੰਘ ਨੂੰ ਪਿਤਾ ਦੀ ਨੰਬਰਦਾਰੀ ਵੀ ਮਿਲ ਗਈ, ਫਿਰ ਦੋ ਨੰਬਰਦਾਰੀਆਂ ਪਿੰਡ ਦੀਆਂ ਹੋਰ ਮਿਲ ਗਈਆਂ ਅਤੇ ਮੀਰਆਬੀ ਵੀ ਮਿਲ ਗਈ। 30 ਸਾਲ ਪੂਰੀ ਸਰਦਾਰੀ ਕੀਤੀ, ਸਾਰੇ ਨਗਰ ਵਿਚ ਸਿੱਕਾ ਚੱਲਿਆ। ਬਾਬਾ ਜੀ ਦੇ ਸਾਰੇ ਬਚਨ ਸਤਿ ਹੋਏ।

*(ਇਹ ਪ੍ਰਸੰਗ ਨੰਬਰਦਾਰ ਈਸ਼ਰ ਸਿੰਘ ਢਿੱਲੋਂ ਮਲੂਕੇ ਵਾਲੇ ਤੋਂ ਮਿਲਿਆ।)*

# ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥

*(ਅੰਗ ੬੩੮)*

ਇਕ ਵਾਰ ਦਰਜੀ ਸਿੱਖ ਰਾਮਪੁਰਾ ਮੰਡੀ ਤੋਂ ਆਇਆ ਤੇ ਉਸ ਨੇ ਸੇਵਾ ਮੰਗੀ। ਉਸ ਦਾ ਨਾਮ, ਗੋਤ, ਜਾਤ, ਨਾਨਕੇ, ਦਾਦਕੇ, ਸਹੁਰੇ ਆਦਿਕ ਪੁੱਛ ਕੇ ਬਚਨ ਕੀਤਾ, "ਕੀ ਸੇਵਾ ਕਰੇਂਗਾ, ਤੂੰ ਗਰੀਬ ਹੈਂ। ਹੱਥੀਂ ਸੇਵਾ ਕਰ ਲੈ।" ਉਸ ਨੇ ਸਤਿ ਬਚਨ ਕਰ ਕੇ ਕਿਹਾ, "ਜੀ, ਮੈਂ ਹੱਥੀਂ ਸੇਵਾ ਕਰ

ਸਕਦਾ ਹਾਂ, ਕੁਝ ਬਸਤਰ ਸਿਉਣ ਦੀ ਸੇਵਾ ਦਿਉ।" ਉਪਰੰਤ ਬਾਬਾ ਜੀ ਨੇ ਆਪਣੇ ਕੋਲੋ ਰੁਪਏ ਦੇ ਕੇ ਬਚਨ ਕੀਤਾ, "ਦੋ ਸੌ ਗਜ਼ ਲੱਠਾ ਖ਼ਰੀਦ ਕੇ ਕਛਹਿਰੇ ਸਿਉਂ ਕੇ ਲਿਆਉ।" ਹੁਕਮ ਅਨੁਸਾਰ ਉਸ ਨੇ ਇਵੇਂ ਹੀ ਕੀਤਾ। ਜਿਸ ਸਮੇਂ ਉਹ ਦਰਜੀ ਕਛਹਿਰੇ ਸਿਉਂ ਕੇ ਲੈ ਆਇਆ ਤਾਂ ਨੰਬਰਦਾਰ ਈਸ਼ਰ ਸਿੰਘ ਉਥੇ ਮੌਜੂਦ ਸੀ। ਉਸ ਨੇ ਬੇਨਤੀ ਕੀਤੀ, "ਮਹਾਰਾਜ, ਇਥੇ ਕੋਈ ਵੀ ਕਛਹਿਰੇ ਨਹੀਂ ਪਾਉਂਦਾ ਅਤੇ ਆਪ ਵੀ ਨਹੀਂ ਪਹਿਨਦੇ। ਫਿਰ ਇਹ ਦੋ ਸੌ ਕਛਹਿਰੇ ਕਿਸ ਕੰਮ ?" ਹਜ਼ੂਰ ਨੇ ਬਚਨ ਕੀਤਾ, "ਨੰਬਰਦਾਰਾ, ਕਛਹਿਰਿਆਂ ਵਾਲੇ ਸਿੱਖ ਵੀ ਸਾਡੇ ਕੋਲ ਹਨ। ਇਹ ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਬਣਾ ਕੇ ਰੱਖ ਦਿੱਤੇ ਹਨ।" ਉਪਰੰਤ ਦੋ ਸੌ ਕਛਹਿਰੇ ਬੋਰੀਆਂ ਵਿਚ ਪਾ ਕੇ ਸ਼ਗ੍ਰਾ ਕਰਾ ਕੇ ਅੰਦਰ ਰਖਾ ਦਿੱਤੇ। ਇਹ ਆਉਣ ਵਾਲੇ ਸਮੇਂ ਵੱਲ ਇਕ ਇਸ਼ਾਰਾ ਸੀ ਜੋ ਕਿ ਅੱਜ ਪ੍ਰਤੱਖ ਵਰਤ ਰਿਹਾ ਹੈ। ਸੰਤ ਖੇਮ ਸਿੰਘ ਜੀ ਤੋਂ ਪਹਿਲਾਂ ਸੰਤ ਈਸ਼ਰ ਸਿੰਘ ਰੋੜੀ ਵਾਲਿਆਂ ਨੇ ਵੀ ਇਸ਼ਾਰਾ ਕਰ ਦਿੱਤਾ ਸੀ। ਜੋ ਕੁਝ ਕਰਨਾ ਕਰਾਉਣਾ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੀ ਹੈ।

**ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥**

*(ਅੰਗ ੧੦੮੦)*

ਗੁਰਬਾਣੀ ਦਾ ਫ਼ੁਰਮਾਨ ਹੈ। ਇਕ ਸਮੇਂ ਈਸ਼ਰ ਸਿੰਘ ਨੰਬਰਦਾਰ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ, ਤੁਸੀਂ ਮੂੰਗੀ ਧੋਤੀ ਦੀ ਦਾਲ ਅਣ-ਚੋਪੜੇ ਫੁਲਕੇ ਕੋਈ ਮਸਾਲਾ ਆਦਿਕ ਨਹੀਂ ਵਰਤਦੇ।" ਬਾਬਾ ਜੀ ਨੇ ਬਚਨ ਕੀਤਾ, "ਨੰਬਰਦਾਰਾ, ਤੂੰ ਵੇਖੀਂ ਬੜੀਆਂ ਦਾਲਾਂ ਸਬਜ਼ੀਆਂ, ਬੜੇ ਮਸਾਲੇ ਵਰਤੇ ਜਾਇਆ ਕਰਨਗੇ ਅਤੇ ਘਿਉ ਵਰਤੇ ਜਾਇਆ ਕਰਨਗੇ। ਅਸੀਂ ਸਭ ਕੁਝ ਜਮ੍ਹਾਂ ਕਰੀ ਜਾ ਰਹੇ ਹਾਂ।"

ਅੱਜ ਇਹ ਬਚਨ ਪ੍ਰਤੱਖ ਵਰਤ ਰਹੇ ਹਨ।

**ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥**

*(ਅੰਗ ੮੧੨)(ਬਿਲਾਵਲੁ ਮਹਲਾ ੫*

ਇਕ ਵਾਰ ਪ੍ਰੇਮੀ ਨੇ ਦਰਸ਼ਨ ਦੀ ਆਗਿਆ ਮੰਗੀ, ਹਜ਼ੂਰੀ ਵਿਚ ਸੱਦ

ਕੇ ਪੁੱਛਿਆ, "ਕੀ ਕੰਮ ਕਰਦਾ ਹੈਂ ਤੇ ਤੇਰੀ ਜ਼ਾਤ ਕੀ ਹੈ?" ਉਸ ਨੇ ਦੱਸਿਆ, "ਮੈਂ ਮਜ਼ਹਬੀ ਹੁੰਦਾ ਹਾਂ ਅਤੇ ਕਾਲੇ ਇਲਮ ਦਾ ਕੰਮ ਕਰਦਾ ਹਾਂ।" ਹਜ਼ੂਰ ਨੇ ਬਚਨ ਕੀਤਾ, "ਉਹ ਮੰਤਰ ਸਾਨੂੰ ਵੀ ਯਾਦ ਕਰਾ ਦੇ।" ਯਾਦ ਕਰਨ ਉਪਰੰਤ ਸੁਣਾ ਕੇ ਬਚਨ ਕੀਤਾ ਤੂੰ ਸਾਡਾ ਵਿਦਿਆ ਗੁਰੂ ਬਣ ਗਿਆ ਹੈਂ ਸਾਨੂੰ ਥਾਪੜਾ ਦੇ। ਉਹ ਕੁਝ ਡਰੇ ਤਾਂ ਬਚਨ ਕੀਤਾ, " ਡਰ ਨਾ, ਸਾਡੀ ਰਜ਼ਾ ਵੀ ਇਵੇਂ ਹੈ।" ਉਪਰੰਤ ਉਸ ਨੇ ਥਾਪੜਾ ਦਿੱਤਾ, ਬਚਨ ਕੀਤਾ, "ਸ਼ੁੱਧ ਹੈ। ਤੇਰਾ ਵੀ ਉਧਾਰ ਹੋ ਗਿਆ।" ਅਸਚਰਜ ਕੌਤਕ ਸਭ ਬਾਬਾ ਜੀ ਦੇ ਆਉਣ ਵਾਲੇ ਸਮੇਂ ਵੱਲ ਇਕ ਇਸ਼ਾਰਾ ਸੀ ਜੋ ਕਿ ਅੱਜ ਪ੍ਰਤੱਖ ਵਰਤ ਰਿਹਾ ਹੈ। ਪਹਿਲੇ ਸੰਤ ਈਸ਼ਰ ਸਿੰਘ ਰੋੜੀ ਵਾਲੇ ਆਪਣੇ ਸਮੇਂ ਆਪਣੇ ਕੋਲ ਕਿਰਪਾਨ ਰੱਖਣ ਲੱਗ ਪਏ ਸਨ ਤੇ ਕੜਾ ਵੀ ਹੱਥ ਵਿਚ ਪਹਿਨਣ ਲੱਗ ਪਏ ਸਨ। ਵੱਡੇ ਮਹਾਰਾਜ ਮਹਾਂ ਹਰਿਨਾਮ ਸਿੰਘ ਜੀ ਦੇ ਬਚਨਾਂ ਦੇ ਅਨੁਸਾਰ ਸੰਤ ਈਸ਼ਰ ਸਿੰਘ ਜੀ ਰੋੜੀ ਵਾਲਿਆਂ ਨੇ ਵੀ ਇਸ਼ਾਰਾ ਕਰ ਦਿੱਤਾ ਸੀ, ਜੋ ਕੁਝ ਕਰਨਾ ਕਰਾਉਣਾ, ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੀ ਹੈ।

**ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥**

*(ਅੰਗ ੧੦੮੦)*

ਗੁਰਬਾਣੀ ਦਾ ਫ਼ੁਰਮਾਨ ਹੈ।

# ਜੋ ਪ੍ਰਭਿ ਅਪਨੀ ਸੇਵਾ ਲਾਇਆ
# ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ॥

*(ਅੰਗ ੨੯੫)*

ਪਾਠਕ ਜਨ ਪੜ੍ਹ ਚੁੱਕੇ ਹਨ ਕਿ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ ਬਾਬਾ ਜੀ ਦੇ ਹੁਕਮ ਅਨੁਸਾਰ ਮਲੂਕੇ ਤੋਂ ਨੇਪਾਲ ਗਏ। ਉਪਰੰਤ ਸਭ ਸਾਧੂ ਜੇਲ੍ਹ ਵਿਚੋਂ ਰਿਹਾਅ ਕਰਵਾਏ। ਮਹਾਰਾਜੇ ਦੀ ਸਭ ਤਰ੍ਹਾਂ ਦੀ ਤਸੱਲੀ ਕਰਾਈ, ਹੁਕਮ ਨਾਲ ਅਦਭੁਤ ਚਮਤਕਾਰ ਦਿਖਾਏ। ਬਾਬਾ ਜੀ ਕ੍ਰਿਪਾ ਨਾਲ

ਰਾਜ ਗੁਰੂ ਬਣੇ। ਭਸਮ ਕੜਾ, ਇਕ ਮੁਖੀ ਰੁਦ੍ਰਾਖਸ਼ ਦਾ ਮਣਕਾ, ਹੁਕਮ ਅਨੁਸਾਰ ਇਕ ਬਾਬਾ ਜੀ ਵਾਸਤੇ ਖੀਨਖਾਫ਼ ਦਾ ਕੱਪੜਾ ਕੋਟ ਵਾਸਤੇ ਲੈ ਕੇ ਸਭ ਵਸਤੂਆਂ ਆਪਣੇ ਮਾਲਿਕ ਦੇ ਚਰਨਾਂ ਵਿਚ ਰੱਖ ਕੇ ਸਿਰ ਨਿਵਾਇਆ ਤੇ ਪ੍ਰੇਮ ਦੇ ਅੱਥਰੂ ਨੇਤਰਾਂ ਵਿਚੋਂ ਕਿਰੇ। ਵਿਛੋੜੇ ਸਮੇਂ ਵਿਯੋਗ ਦੀ ਜਲਨ ਨੂੰ ਨੇਤਰਾਂ ਦੇ ਪਾਣੀ ਨਾਲ ਠੰਢ ਪਾਈ। ਇਸ ਸਮੇਂ ਪੰਡਿਤ ਜੀ ਨਾਲ ਪ੍ਰੇਮੀ ਵੀ ਸਨ। ਵਾਰੀ-ਵਾਰੀ ਸਭ ਨੇ ਸੀਸ ਨਿਵਾਇਆ ਅਤੇ ਹੁਕਮ ਪਾ ਕੇ ਚਰਨਾਂ ਵਿਚ ਬੈਠ ਗਏ। ਬਾਬਾ ਜੀ ਨੇ ਸਭ ਦੀ ਸੁੱਖ-ਅਨੰਦ ਪੁੱਛੀ। ਰਸਤੇ ਦੀ ਖ਼ਬਰ, ਨੇਪਾਲ ਦੇ ਸਮਾਚਾਰ ਪੰਡਿਤ ਜੀ ਨੇ ਆਦਿ ਤੋਂ ਅੰਤ ਤਕ ਬਾਬਾ ਜੀ ਦੇ ਹੁਕਮ ਅਨੁਸਾਰ ਕਹਿ ਸੁਣਾਏ। ਸੁਣਨ ਤੋਂ ਉਪਰੰਤ ਬਾਬਾ ਜੀ ਨੇ ਹੁਕਮ ਕੀਤਾ, "ਤੂੰ ਅਯੁੱਧਿਆ ਰਾਮਚੰਦਰ ਦੇ ਮੰਦਰ ਕੀ ਲੈਣ ਗਿਆ ?" ਸ੍ਰੀ ਰਾਮ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ, ਸਟੇਸ਼ਨ ਉੱਤੇ ਗੱਡੀ ਦੇ ਆਉਣ ਵਿਚ ਤਿੰਨ ਘੰਟੇ ਸਨ, ਮੈਂ ਸੋਚਿਆ ਇਥੇ ਤਿੰਨ ਘੰਟੇ ਬੈਠ ਕੇ ਕੀ ਕਰਾਂਗੇ, ਵਕਤ ਪੂਰਾ ਕਰਨ ਲਈ ਉਥੇ ਚਲਾ ਗਿਆ। ਬਖ਼ਸ਼ ਲਉ, ਮੈਂ ਭੁੱਲਣਹਾਰ ਹਾਂ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਉਥੇ ਸੋਨੇ ਦੀਆਂ ਚਾਰ ਮੂਰਤੀਆਂ ਹਨ।" ਸ੍ਰੀ ਰਾਮ ਸਿੰਘ ਜੀ ਨੇ ਹੱਥ ਜੋੜ ਕੇ ਬਚਨ ਕੀਤਾ, "ਜੀ ਹਾਂ, ਠੀਕ ਹੈ।" ਕਈ ਨਵੇਂ ਪ੍ਰੇਮੀ ਉਸ ਵੇਲੇ ਸੰਗਤ ਵਿਚ ਹਾਜ਼ਰ ਸਨ। ਉਹ ਬਹੁਤ ਹੈਰਾਨ ਹੋਏ ਕਿ ਬਾਬਾ ਜੀ ਨੂੰ ਕਿਵੇਂ ਪਤਾ ਲੱਗ ਗਿਆ ਤੇ ਸੰਗਤ ਵਿਚ ਘੁਸਰ-ਮੁਸਰ ਹੋਣ ਲੱਗ ਪਈ। ਉਸ ਸਮੇਂ ਬਾਬਾ ਸੌਣ ਸਿੰਘ ਢਿੱਲੋਂ, ਭਾਈ ਵਰਿਆਮ ਸਿੰਘ, ਭਾਈ ਚੰਦਾ ਸਿੰਘ, ਭਾਈ ਹਰਚੰਦ ਸਿੰਘ ਆਦਿਕ ਹਾਜ਼ਰ ਸਨ। ਬਾਬਾ ਜੀ ਨੇ ਬਚਨ ਕੀਤਾ, "ਹੁਣ ਤੁਸੀਂ ਆਪਣੇ ਸਥਾਨ ਉੱਤੇ ਜਾ ਕੇ ਸ੍ਰੀ ਰਾਮਚੰਦਰ ਦੀ ਪੂਜਾ ਕਰੋ। ਹੁਣ ਤੁਹਾਨੂੰ ਉਹਨਾਂ ਦੇ ਦਰਸ਼ਨ ਉਥੇ ਹੀ ਹੋਣਗੇ ਨਹੀਂ ਤਾਂ ਇਥੇ ਅੱਜ ਹੀ ਹੋ ਜਾਣੇ ਸਨ। ਉਥੇ ਦਰਸ਼ਨ ਪਰਤੱਖ ਹੋਣਗੇ।" ਉਪਰੰਤ ਸ੍ਰੀ ਰਾਮ ਸਿੰਘ ਜੀ ਨੇ ਚਰਨਾਂ 'ਤੇ ਸਿਰ ਨਿਵਾਇਆ ਤੇ ਸਤਿ ਬਚਨ ਕੀਤਾ। ਇਤਨੇ ਚਿਰ ਨੂੰ ਲੰਗਰ ਪੱਕ ਕੇ ਆ ਗਿਆ। ਸਭ ਨੂੰ ਲੰਗਰ ਵਿਚ ਜਾਣ ਦਾ ਹੁਕਮ ਹੋਇਆ।

ਸਭ ਸੰਗਤ ਛੱਕ ਕੇ ਹਾਜ਼ਰ ਹੋ ਗਈ। ਫਿਰ ਬਾਬਾ ਜੀ ਨੇ ਹੁਕਮ ਦੇ

ਕੇ ਇਕ ਛੋਟਾ ਜਿਹਾ ਨਵਾਰੀ ਪਲੰਘ ਮੰਗਵਾ ਕੇ ਹੁਕਮ ਕੀਤਾ। ਇਸ ਉਪਰ ਦਾਦਾ ਜੀ ਨੂੰ ਬਿਠਾਉ। ਸੇਮੇ ਵਾਲੇ ਦੋਵੇਂ ਝੰਡੇ ਅਤੇ ਭਾਗੀ ਵਾਂਦਰ ਵਾਲੇ ਨਿੱਕਾ ਸਿੰਘ, ਸਰਵਣ ਸਿੰਘ ਹੋਰ ਮਲੂਕੇ ਦੀ ਸੰਗਤ ਨੂੰ ਹੁਕਮ ਹੋਇਆ ਕਿ ਤੁਸੀਂ ਦਾਦਾ ਜੀ ਨੂੰ ਜਾ ਕੇ ਮੱਥਾ ਟੇਕੋ। ਹੁਕਮ ਨਾਲ ਸਭ ਨੇ ਇਵੇਂ ਹੀ ਕੀਤਾ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕੋਈ ਸਮਾਂ ਆਵੇ, ਤੁਸੀਂ ਇਹਨਾਂ ਦੀ ਸੰਗਤ ਕਰਨੀ, ਸੁੱਧ ਹੈ।" ਤੇ ਫਿਰ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਕੋਲ ਬੁਲਾ ਕੇ ਹੁਕਮ ਕੀਤਾ, "ਕੋਈ ਮੰਗ ਹੋ ਤਾਂ ਦੱਸੋ।" ਪੰਡਿਤ ਸ੍ਰੀ ਰਾਮ ਸਿੰਘ ਜੀ ਨੇ ਬੇਨਤੀ ਕੀਤੀ, "ਮੈਨੂੰ ਆਪਣਾ ਸਰੂਪ ਬਖ਼ਸ਼ੋ।" ਪੰਡਿਤ ਜੀ ਨੇ ਤਿੰਨੇ ਵਾਰੀ ਇਹੋ ਮੰਗ ਕੀਤੀ। ਉਪਰੰਤ ਹੁਕਮ ਕੀਤਾ,

"ਤੈਨੂੰ ਇਕ ਫ਼ੋਟੋ ਦੇਵਾਂਗੇ।" ਫਿਰ ਆਪਣੇ ਕੋਲੋਂ ਇਕ ਚਾਦਰ ਦੇ ਕੇ ਹੁਕਮ ਕੀਤਾ, "ਇਸ ਚਾਦਰ ਉੱਤੇ ਸਾਡਾ ਫ਼ੋਟੋ ਆਏਗਾ। ਜਦੋਂ ਦਿਲ ਕਰੇ ਵੇਖ ਲੈਣਾ।" ਇਹ ਚਾਦਰ ਅਜੇ ਤਕ ਰਾਮ ਟਿੱਲੇ ਸੰਭਾਲ ਕੇ ਰੱਖੀ ਹੋਈ ਹੈ ਤੇ ਫਿਰ ਅਗਲੀ ਸਵੇਰੇ ਮਲੂਕੇ ਜਾਣ ਦਾ ਹੁਕਮ ਕਰ ਕੇ ਬਚਨ ਕੀਤਾ, "ਜਾਓ ਆਰਾਮ ਕਰੋ।"

*(ਇਹ ਪ੍ਰਸੰਗ ਸ੍ਰੀ ਰਾਮ ਸਿੰਘ ਜੀ ਦੀ ਸੰਗਤ ਪਾਸੋਂ ਮਿਲਿਆ।)*

## ਕਹੁ ਨਾਨਕ ਕਰਤੇ ਕੀਆ ਬਾਤਾਂ
## ਜੋ ਕਿਛੁ ਕਰਣਾ ਸੁ ਕਰਿ ਰਹਿਆ॥

*(ਅੰਗ ੪੬੯)*

ਜੋ ਕਰਦਾ ਹੈ ਪਰਮੇਸ਼ਰ ਆਪ ਹੀ ਕਰਦਾ ਹੈ। ਇਨਸਾਨ ਦੀ ਸਮਝ ਤੋਂ ਬਾਹਰ ਹੈ। ਬੰਦਾ ਬੇਸ਼ੱਕ ਨਾ ਸਮਝੇ ਜਾਂ ਨਾ ਮੰਨੇ ਪਰੰਤੂ ਹੋ ਸਭ ਕੁਝ ਹੁਕਮ ਅੰਦਰ ਹੀ ਰਿਹਾ ਹੈ। ਬਾਣੀ ਵਿਚ ਫ਼ੁਰਮਾਨ ਹੈ:

**ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨ ਸਹਜਿ ਸਮਾਣਾ॥**

*(ਅੰਗ ੭੮੩)*

ਇਕ ਵਾਰ ਭਾਈ ਰਤਨ ਸਿੰਘ ਡਰੋਲੀ ਨੇ ਸੰਤ ਚਿੰਤ ਰਾਮ ਜੀ ਨੂੰ ਪ੍ਰਸ਼ਾਦਾ ਛਕਾਉਣ ਜਾਣ ਵੇਲੇ ਬਾਬਾ ਜੀ ਤੋਂ ਆਗਿਆ ਮੰਗੀ (ਅੱਗੇ ਵੀ ਹੁਕਮ ਅਨੁਸਾਰ ਆਗਿਆ ਲੈ ਕੇ ਹੀ ਜਾਂਦੇ ਸਨ) ਅੱਗੋਂ ਹਜ਼ੂਰ ਵੀ ਜਿਥੇ ਚਿੰਤ ਰਾਮ ਸਨ, ਦੱਸ ਕੇ ਹੁਕਮ ਕੀਤਾ, "ਆਉਣ ਲੱਗਾ ਨਾਲ ਹੀ ਲੈ ਆਈਂ।" ਅੱਗੋਂ ਰਤਨ ਸਿੰਘ ਡਰੋਲੀ ਨੇ ਸਤਿ ਬਚਨ ਕਿਹਾ ਅਤੇ ਸੰਤ ਚਿੰਤ ਰਾਮ ਜੀ ਵੱਲ ਚੱਲ ਪਏ। ਜਿਸ ਸਮੇਂ ਸੰਤ ਚਿੰਤ ਰਾਮ ਜੀ ਪਾਸ ਪਹੁੰਚੇ ਤੇ ਸੰਤ ਚਿੰਤ ਰਾਮ ਜੀ ਹੱਸ ਕੇ ਕਹਿਣ ਲੱਗੇ, "ਭਾਈ ਰਤਨ ਸਿੰਘ, ਅੱਜ ਮੈਨੂੰ ਮਹਾਰਾਜ ਜੀ ਨੇ ਸੱਦਿਆ ਹੈ।" ਅੱਗੋਂ ਭਾਈ ਰਤਨ ਸਿੰਘ ਡਰੋਲੀ ਨੇ ਕਿਹਾ, "ਜੀ ਹਾਂ, ਸੱਦਿਆ ਹੈ।" ਉਪਰੰਤ ਸੰਤ ਚਿੰਤ ਰਾਮ ਜੀ ਦਾ ਇਸ਼ਨਾਨ ਕਰਾਇਆ, ਬਸਤਰ ਬਦਲੇ, ਪ੍ਰਸ਼ਾਦਾ ਛਕਾਇਆ ਅਤੇ ਉੱਠ ਕੇ ਨਾਲ ਹੌਲੀ-ਹੌਲੀ ਚੱਲ ਪਏ। ਰਸਤੇ ਵਿਚ ਚਿੰਤ ਰਾਮ ਜੀ ਕਹਿਣ ਲੱਗੇ, "ਭਾਈ ਰਤਨ ਸਿੰਘ, ਨੇਪਾਲ ਜਾ ਕੇ ਰਾਜ-ਗੁਰੂ ਬਣ ਕੇ ਤਾਂ ਸ੍ਰੀ ਰਾਮ ਸਿੰਘ ਆ ਗਿਆ ਅਤੇ ਪੂਜਾ ਵੀ ਉਸ ਨੇ ਕਰਾਈ ਅਤੇ ਰਾਜੇ ਦਾ ਕੋਹੜ-ਕਸ਼ਟ ਮਹਾਰਾਜ ਮੈਨੂੰ ਦੇ ਰਹੇ ਹਨ।" ਉਪਰੰਤ ਸੰਤ ਚਿੰਤ ਰਾਮ ਜੀ ਹਾਏ-ਹਾਏ ਕਰਨ ਲੱਗ ਪਏ ਅਤੇ ਕੁੱਬੇ ਹੋ ਗਏ। ਉਸ ਸਮੇਂ ਬੜੀ ਮੁਸ਼ਕਿਲ ਨਾਲ ਤੁਰ ਕੇ ਹੌਲੀ-ਹੌਲੀ ਬਾਬਾ ਜੀ ਪਾਸ ਅੱਪੜ ਕੇ ਰੋ ਕੇ ਬੇਨਤੀ ਕੀਤੀ, "ਗਰੀਬ ਨਿਵਾਜ, ਮੈਨੂੰ ਕਿਉਂ ਦੁਖੀ ਕਰ ਰਹੇ ਹੋ ? ਰਾਜ ਗੁਰੂ ਤਾਂ ਮਲੂਕੇ ਵਾਲਾ ਸ੍ਰੀ ਰਾਮ ਬਣੇ, ਤੇ ਪੂਜਾ-ਪ੍ਰਤਿਸ਼ਟਤਾ ਵੀ ਕਰਾਵੇ ਪਰ ਮੈਨੂੰ ਕਿਉਂ ਤੰਗ ਕਰ ਰਹੇ ਹੋ।" ਅੱਗੋਂ ਬਾਬਾ ਜੀ ਹੱਸ ਕੇ ਬਚਨ ਕਰਨ ਲੱਗੇ, "ਐਨਾ ਕਸ਼ਟ ਤਾਂ ਤੈਨੂੰ ਝੱਲਣਾ ਹੀ ਪਵੇਗਾ, ਸ੍ਰੀ ਰਾਮ ਨਹੀਂ ਝੱਲ ਸਕਦਾ।" ਉਪਰੰਤ ਭਾਈ ਰਤਨ ਸਿੰਘ ਨੂੰ ਹੁਕਮ ਹੋਇਆ, "ਤੂੰ ਚਿੰਤ ਰਾਮ ਨੂੰ ਕੋਠੀ ਦੇ ਬਰਾਂਡੇ ਵਿਚ ਬਿਠਾ ਦੇ।" ਫਿਰ ਬਿਠਾ ਦਿੱਤੇ ਗਏ। ਉਪਰੰਤ ਕੁਝ ਸਮਾਂ ਹਾਏ-ਹਾਏ ਕਰਦੇ ਰਹੇ। ਫਿਰ ਠੀਕ ਹੋ ਕੇ ਬਾਅਦ ਵਿਚ ਚਿੰਤ ਰਾਮ ਜੀ ਆਪਣੀ ਮੌਜ ਵਿਚ ਉੱਠ ਕੇ ਬਾਹਰ ਨੂੰ ਚਲੇ ਗਏ।

*(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)*

# ਜੋ ਜੋ ਹੁਕਮੁ ਭਇਓ ਸਾਹਿਬ ਕਾ
# ਸੋ ਮਾਥੈ ਲੇ ਮਾਨਿਓ॥

*(ਅੰਗ ੧੦੦੦)*

ਹੁਕਮ ਮੰਨਣ ਵਾਲਾ ਹੀ ਸੇਵਕ ਅਖਵਾ ਸਕਦਾ ਹੈ, ਹੁਕਮ ਵਿਚ ਰਹਿਣ ਵਾਲਾ ਹੀ ਹੁਕਮੀ ਬੰਦਾ ਹੈ, ਪ੍ਰਮਾਰਥ ਦੀ ਲੜਾਈ ਹੁਕਮ ਵਿਚ ਰਹਿ ਕੇ ਹੀ ਹੋ ਸਕਦੀ ਹੈ।

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ॥**

*(ਅੰਗ ੬੦੨)*

ਹੁਕਮ ਮੰਨ ਕੇ ਤਿਆਗ ਦਾ ਭੀ ਤਿਆਗ ਕਰ ਦੇਣਾ। ਇਹੀ ਹੁਕਮ ਸੋਰਠਿ ਮਹਲਾ ੩ ਵਿਚ ਹੈ। ਸੋ ਅਗਲੇ ਦਿਨ ਸਵੇਰੇ ਫਿਰ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਹੁਕਮ ਹੋਇਆ ਕਿ, "ਅੱਜ ਤੁਸੀਂ ਆਪਣੇ ਨਗਰ ਮਲੂਕੇ ਜਾਉ, ਉਥੇ ਟਿਕੋ। ਕਦੇ-ਕਦੇ ਆ ਕੇ ਦਰਸ਼ਨ ਮੇਲਾ ਕਰ ਜਾਇਆ ਕਰੋ।" ਉਪਰੰਤ ਸ੍ਰੀ ਰਾਮ ਸਿੰਘ ਜੀ ਨੇ ਸੁਪਨੇ ਵਾਲਾ ਦ੍ਰਿਸ਼ਟਾਂਤ ਜੋ ਪਿੱਛੇ ਆ ਚੁੱਕਿਆ ਹੈ, ਸੁਣਾ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਅਜੇ ਕੁਝ ਸਮਾਂ ਦਾਸ ਨੂੰ ਹੋਰ ਸੇਵਾ ਦਾ ਮੌਕਾ ਬਖ਼ਸ਼ੋ।" ਉਪਰੰਤ ਬਾਬਾ ਜੀ ਨੇ ਹੁਕਮ ਕੀਤਾ ਕਿ, "ਤੈਥੋਂ ਸੇਵਾ ਉਥੇ ਬੈਠੇ ਤੋਂ ਹੀ ਕਰਾਵਾਂਗੇ। ਤੂੰ ਸਾਡੇ ਵਾਸਤੇ ਪੇਠੇ ਦੀ ਮਠਿਆਈ ਬਣਾ ਕੇ ਅਤੇ ਬਰਫ਼ੀ ਬਣਾ ਕੇ ਰੋਜ਼ ਨੇਮ ਨਾਲ ਭੇਜੀਂ, ਅਸੀਂ ਛਕਿਆ ਕਰਾਂਗੇ।" ਫਿਰ ਸ੍ਰੀ ਰਾਮ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ, ਕਿਤਨਾ ਸਮਾਂ ?" ਹਜ਼ੂਰ ਨੇ ਬੇਨਤੀ ਕੀਤੀ, "ਜਿਤਨਾ ਸਮਾਂ ਤੂੰ ਸੇਵਾ ਕਰੇਂਗਾ, ਅਸੀਂ ਸੰਸਾਰ ਵਿਚ ਰਹਾਂਗੇ।" ਉਪਰੰਤ ਸ੍ਰੀ ਰਾਮ ਸਿੰਘ ਜੀ ਨੇ ਨਮਸਕਾਰ ਕੀਤੀ। ਕੁਝ ਸਮਾਂ ਡੰਡਉਤ ਪ੍ਰਨਾਮ ਵਿਚ ਹੀ ਰਹੇ। ਸਿਰ ਨਹੀਂ ਚੁੱਕਿਆ, ਜਦ ਸਿਰ ਚੁੱਕਿਆ ਤਾਂ ਸ੍ਰੀ ਰਾਮ ਸਿੰਘ ਜੀ ਦੇ ਨੇਤਰਾਂ ਵਿਚੋਂ ਵੈਰਾਗ ਦਾ ਜਲ ਵਗ ਕੇ ਚਿਹਰਾ ਧੋਤਾ ਹੋਇਆ ਸੀ।

**ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥**
**ਬ੍ਰਿਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠ॥**

*(ਅੰਗ ੩੧੯) (ਸਲੋਕ ਮਹਲਾ ੫)*

ਵਾਲੀ ਹਾਲਤ ਬਣੀ ਹੋਈ ਸੀ। ਮਨ ਤਾਂ ਬਾਬਾ ਜੀ ਦੀ ਹਜ਼ੂਰੀ ਵਿਚ ਹੀ ਸੀ, ਪਰੰਤੂ ਸਰੀਰ ਮਲੂਕੇ ਚਲਾ ਗਿਆ। ਵਿਛੜਿਆਂ ਦੀ ਗੱਤ ਵਿੱਛੜੇ ਜਾਨਣ, ਹੋਰ ਨਾ ਦੂਜਾ ਜਾਣੇ। ਜਿਸ ਤਰ੍ਹਾਂ ਗੁੱਡੀ ਤਾਂ ਹਵਾ ਦੇ ਰੁਖ਼ ਨਾਲ ਉਧਰ, ਜਿਧਰ ਹਵਾ ਲੈ ਜਾਏ, ਜਾਂਦੀ ਹੈ, ਪਰੰਤੂ ਜਿਸ ਦੇ ਹੱਥ ਡੋਰ ਹੋਵੇ, ਰਹਿੰਦੀ ਉਥੇ ਹੀ ਹੈ। ਮਲੂਕੇ ਪਹੁੰਚ ਕੇ ਜੋ ਬਾਬਾ ਜੀ ਮਹਾਰਾਜ ਦਾ ਹੁਕਮ ਸੀ, ਪੇਠੇ ਦੀ ਮਠਿਆਈ ਅਤੇ ਬਰਫ਼ੀ ਵਾਰੀ-ਵਾਰੀ ਨੇਮ ਨਾਲ ਆਉਂਦੀ ਰਹੀ। ਦੋ ਗੁਰਸਿੱਖ ਇਕ ਤਾਂ ਭਾਈ ਗੁਰਮੁਖ ਸਿੰਘ ਅਤੇ ਨੰਦ ਭਗਤ ਇਹਨਾਂ ਦੋਹਾਂ ਨੇ ਹਜ਼ੂਰ ਪਾਸ ਪਹੁੰਚਾ ਦੇਣੀ। ਕਈ ਸਾਲ ਇਹ ਸੇਵਾ ਨਿਰੰਤਰ ਚੱਲਦੀ ਰਹੀ।

*(ਇਹ ਪ੍ਰਸੰਗ ਸ. ਬਲਬੀਰ ਸਿੰਘ ਜੀ ਕਾਨਿਆਂ ਵਾਲੀ ਵਾਲਿਆਂ ਤੋਂ ਤੇ ਹੋਰ ਸੰਗਤ ਪਾਸੋਂ ਸੁਣਿਆ।)*

## ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥
## ਤਾ ਕੀ ਪੂਰਨ ਆਸ ਜਿਨ੍ ਸਾਧ ਸੰਗੁ ਪਾਇਆ॥

*(ਅੰਗ ੪੫੭)*

ਇਕ ਸਮੇਂ ਸੰਤ ਬਹਾਲ ਦਾਸ ਜੀ ਨੇਮ ਅਨੁਸਾਰ ਦਰਸ਼ਨ ਕਰਨ ਆਏ। ਉਪਰੰਤ ਕੁਝ ਨਗਰ ਦੇ ਪ੍ਰੇਮੀ ਵੀ ਬੈਠੇ ਸਨ ਤਾਂ ਬਾਬਾ ਜੀ ਨੇ ਬਚਨ ਕੀਤਾ, "ਬਹਾਲ ਦਾਸ, ਸਾਨੂੰ ਕੋਈ ਹਜ਼ੂਰੀ ਸੇਵਕ ਦੇ। ਪਰ ਹੋਵੇ ਸਤਿ ਬਚਨ ਦਾ ਅਧਿਕਾਰੀ।" ਅੱਗੋਂ ਸੰਤ ਬਹਾਲ ਦਾਸ ਜੀ ਨੇ ਸਤਿ ਬਚਨ ਕਿਹਾ ਅਤੇ ਆਗਿਆ ਲੈ ਕੇ ਵਾਪਸ ਜੱਸੀ ਪੌ ਵਾਲੀ ਚਲੇ ਗਏ। ਸੰਤ ਬਹਾਲ ਦਾਸ ਜੀ ਨੇ ਬਾਬਾ ਜੀ ਦੇ ਬਚਨ ਕਰਨ ਉਪਰੰਤ ਬੜੀ ਵੱਡੀ ਵਿਚਾਰ ਅਤੇ ਪਰਖ ਕਰਨ ਤੋਂ ਬਾਅਦ ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲਿਆਂ ਨੂੰ ਆਪਣੇ

ਪਾਸ ਬੁਲਾ ਕੇ ਬਚਨ ਕੀਤਾ ਕਿ ਭਾਈ ਸਿੱਖਾ, ਸਾਡੇ ਗੁਰੂ ਬਾਬਾ ਮਹਾਂ ਹਰਿਨਾਮ ਸਿੰਘ ਜੀ ਰੂੰਮੀ ਵਾਲਿਆਂ ਨੂੰ ਇਕ ਹਜ਼ੂਰੀ ਸੇਵਕ ਦੀ ਲੋੜ ਹੈ ਤੇ ਉਹਨਾਂ ਨੇ ਇਕ ਸੇਵਕ ਦੇਣ ਦਾ ਹੁਕਮ ਸਾਨੂੰ ਕੀਤਾ ਹੈ। ਸਾਡਾ ਵਿਚਾਰ ਹੈ ਕਿ ਜੇ ਕਿਤੇ ਇਹ ਸੇਵਾ ਤੂੰ ਕਰ ਸਕੇਂ ਤਾਂ ਤੇਰੇ ਵੀ ਬੜੇ ਉੱਤਮ ਭਾਗ ਹੋਣ। ਤੇਰੇ ਨਾਲ ਸਾਡੇ ਵੀ ਅੱਗੇ ਤੂੰ ਸਾਡਾ ਸੇਵਕ ਹੈਂ। ਫਿਰ ਉਹਨਾਂ ਦਾ ਸੇਵਕ ਬਣ ਕੇ ਸਾਥੋਂ ਵੀ ਉੱਚਾ ਹੋ ਜਾਏਂਗਾ, ਪਰ ਇਕੋ ਸ਼ਰਤ ਹੈ ਸਾਡੀ ਵੀ ਅਤੇ ਉਹਨਾਂ ਦੀ ਵੀ, ਉਥੇ ਸਤਿ ਬਚਨ ਦਾ ਅਧਿਕਾਰੀ ਹੋ ਕੇ ਰਹੀਂ, ਜਿਤਨਾ ਵੱਡਾ ਚਾਹੇਂਗਾ ਉਤਨਾ ਹੀ ਵੱਡਾ ਬਣ ਜਾਏਂਗਾ, ਪਰ ਵੇਖੀਂ ਕਿਤੇ ਡੋਲ ਨਾ ਜਾਵੀਂ। ਅੱਗੋਂ ਸੰਤ ਨਰੈਣ ਸਿੰਘ ਜੀ ਨੇ ਸਤਿ ਬਚਨ ਆਖ ਕੇ ਸੇਵਾ ਕਰਨ ਵਾਸਤੇ ਮਨ ਬਣਾ ਲਿਆ ਤੇ ਤਿਆਰ ਹੋ ਗਏ। ਤੁਰਨ ਸਮੇਂ ਸੰਤ ਬਹਾਲ ਦਾਸ ਜੀ ਨੇ ਸੰਤ ਨਰੈਣ ਸਿੰਘ ਜੀ ਨੂੰ ਇਕ ਚਿੱਪੀ ਦੇ ਕੇ ਬਚਨ ਕੀਤਾ, "ਆਹ ਚਿੱਪੀ ਤਾਂ ਇਕ ਬਹੁਤ ਘੱਟ ਕੀਮਤ ਵਾਲੀ ਹੈ, ਪਰ ਗੁਰੂਆਂ ਦੀ ਸੇਵਾ ਵਿਚ ਜਾ ਕੇ ਤੂੰ ਇਹ ਸੋਨੇ ਦੀ ਸਮਝ ਲਈਂ। ਇਹ ਇਕ ਦ੍ਰਿਸ਼ਟਾਂਤ ਹੈ ਅੱਗੇ ਤੂੰ ਸਮਝ ਲੈ।" ਉਪਰੰਤ ਸੰਤ ਨਰੈਣ ਸਿੰਘ ਜੀ ਨੇ ਭੁੱਚੋ ਕਲਾਂ ਵਾਲੇ ਡੇਰੇ ਬਾਬਾ ਜੀ ਪਾਸ ਚਰਨਾਂ 'ਤੇ ਮੱਥਾ ਟੇਕਿਆ। ਅੰਤਰਜਾਮੀ ਬਾਬਾ ਜੀ ਨੇ ਆਪ ਹੀ ਬਚਨ ਕੀਤਾ, "ਬਹਾਲ ਦਾਸ ਨੇ ਭੇਜਿਆ ਹੈ ?" ਅੱਗੋਂ ਸੰਤ ਨਰੈਣ ਸਿੰਘ ਜੀ ਨੇ ਬਚਨ ਕੀਤਾ, "ਜੀ ਹਾਂ।" ਫਿਰ ਬਾਬਾ ਜੀ ਨੇ ਬਚਨ ਕੀਤਾ, "ਸੇਵਾ ਕਰੇਂਗਾ ?" ਸੰਤ ਨਰੈਣ ਸਿੰਘ ਜੀ ਨੇ ਕਿਹਾ, "ਜੀ ਹਾਂ, ਕਰੂੰਗਾ।" ਤਾਂ ਬਾਬਾ ਜੀ ਦੇ ਸਾਹਮਣੇ ਇਕ ਵਣ ਦਾ ਦਰੱਖ਼ਤ ਸੀ, ਉਸ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ, ਉਥੇ ਜਾ ਕੇ ਖੜਾ ਹੋ ਜਾ। ਅਗਲੀ ਗੱਲ ਫਿਰ ਕਰਾਂਗੇ।" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਜਾ ਕੇ ਖੜੇ ਹੋ ਗਏ। ਦੱਸਦੇ ਹਨ ਕਿ ਅੱਠ ਪਹਿਰ ਲਗਾਤਾਰ ਖੜੇ ਰਹੇ, ਨਾ ਬਾਬਾ ਜੀ ਨੇ ਕੋਲ ਸੱਦਿਆ, ਨਾ ਸੱਦੇ ਬਿਨਾਂ ਆਏ। ਪਹਿਲੀ ਪ੍ਰੀਖਿਆ ਵਿਚ ਹੀ ਹੁਕਮ ਮੰਨਣ ਵਾਲੀ ਗਾਖੜੀ ਸੇਵਾ ਵਾਲੀ ਹੋ ਗਈ ਸੇਵਕ ਦੀ ਤਾਂ ਪੈਰ ਪੈਰ 'ਤੇ ਪ੍ਰੀਖਿਆ ਹੁੰਦੀ ਹੈ। ਇਸੇ ਸਮੇਂ 'ਤੇ ਦੋ ਪ੍ਰੇਮੀ ਸੰਤ ਨਰੈਣ ਸਿੰਘ ਜੀ ਦੇ ਨਗਰ ਤੋਂ ਬਾਬਾ ਜੀ ਦੇ ਦਰਸ਼ਨ ਕਰਨ ਆਏ ਤੇ ਉਹਨਾਂ ਨੇ ਸੰਤ ਨਰੈਣ ਸਿੰਘ ਜੀ ਨੂੰ ਵਣ ਹੇਠ ਖੜੇ ਵੇਖ ਕੇ ਬੁਲਾਇਆ। ਪਰੰਤੂ

ਸੰਤ ਨਰੈਣ ਸਿੰਘ ਜੀ ਬੋਲੇ ਨਹੀਂ। ਇਸ ਤੋਂ ਉਹਨਾਂ ਪ੍ਰੇਮੀਆਂ ਨੇ ਬਾਬਾ ਜੀ ਪਾਸ ਆ ਕੇ ਨਮਸਕਾਰ ਕਰ ਕੇ ਬੇਨਤੀ ਕੀਤੀ, "ਮਹਾਰਾਜ, ਸਾਡੇ ਪਿੰਡ ਵਾਲਾ ਨਰੈਣ ਸਿੰਘ ਵਣ ਹੇਠ ਕਿਉਂ ਖੜਾ ਕੀਤਾ ਹੈ ? ਉਸ ਦੀਆਂ ਲੱਤਾਂ ਵੀ ਸੁੱਜੀਆਂ ਪਈਆਂ ਹਨ।" ਅੱਗੋਂ ਬਾਬਾ ਜੀ ਨੇ ਬਚਨ ਕੀਤਾ, "ਉਹ ਕੱਲ੍ਹ ਦਾ ਖੜਾ ਹੈ।" ਉਹ ਹੈਰਾਨ ਹੋ ਕੇ ਪੁੱਛਣ ਲੱਗੇ, "ਮਹਾਰਾਜ, ਕੱਲ੍ਹ ਦਾ ਇਥੇ ਕਿਉਂ ਖੜਾ ਹੈ ?" ਹਜ਼ੂਰ ਨੇ ਬੇ-ਪਰਵਾਹੀ ਦੇ ਅੰਦਾਜ਼ ਵਿਚ ਫ਼ੁਰਮਾਇਆ, "ਹੁਕਮ ਨਾਲ ਹੀ ਖੜਾ ਹੈ, ਲਉ ਹੁਣ ਉਸ ਨੂੰ ਬੁਲਾ ਲੈਂਦੇ ਹਾਂ।" ਫਿਰ ਹੁਕਮ ਕਰ ਕੇ ਸੱਦ ਕੇ ਪੁੱਛਣ ਲੱਗੇ ਕਿ ਤੇਰੀ ਮੰਗ ਅਤੇ ਮਨੋਰਥ ਕੀ ਹੈ ? ਅੱਗੋਂ ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ, "ਗਰੀਬ ਨਿਵਾਜ, ਮੇਰਾ ਜਨਮ ਮਰਨ ਕੱਟ ਦਿਉ।" ਬਾਬਾ ਜੀ ਨੇ ਬਚਨ ਕੀਤਾ, "ਸੁੱਧ ਹੈ, ਇਕ ਸੌ ਇਕ ਪਾਠ ਜਪੁ ਜੀ ਸਾਹਿਬ ਦਾ ਰੋਜ਼ ਕਰਨਾ ਹੋਏਗਾ।" ਸੰਤ ਨਰੈਣ ਸਿੰਘ ਜੀ ਨੇ ਸਤਿ ਬਚਨ ਕਰ ਕੇ ਮੱਥਾ ਟੇਕਿਆ, ਫਿਰ ਸੇਵਾ ਮਿਲ ਗਈ। ਇਕ ਸੌ ਇਕ ਪਾਠ ਵਾਲਾ ਬਚਨ ਸੰਤ ਨਰੈਣ ਸਿੰਘ ਜੀ ਨੇ ਜ਼ਿੰਦਗੀ ਭਰ ਨਿਭਾਇਆ। ਸੇਵਾ ਕਰਨ ਦੇ ਸਮੇਂ ਤੋਂ ਲੈ ਕੇ ਸੰਤ ਨਰੈਣ ਸਿੰਘ ਜੀ ਬਾਬਾ ਜੀ ਦੇ ਸਮੇਂ ਤੋਂ ਬਾਅਦ ਸਾਰਾ ਸਮਾਂ ਛੱਤੀ ਸਾਲ ਦਾ ਹੈ। ਉਹ ਇਕ ਸੌ ਇਕ ਪਾਠ ਦਾ ਨੇਮ ਪੂਰਾ ਕਰਦੇ ਰਹੇ। ਇਹ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਮਿਹਰ ਦੀ ਨਿਸ਼ਾਨੀ ਹੈ। ਬਾਬਾ ਜੀ ਦੀ ਹਜ਼ੂਰੀ ਵਿਚ ਹਰ ਸਮੇਂ ਤਨ ਮਨ ਕਰਕੇ ਹਾਜ਼ਰ ਰਹਿਣਾ, ਸਰੀਰ ਢੱਕਣ ਲਈ ਇਕ ਪਤਲੀ ਬੋਰੀ, ਉਸ ਦੇ ਵਿਚੋਂ ਦੀ ਗਲ ਕੱਢ ਕੇ ਖਫਨੀ ਜਿਹੀ ਬਣਾ ਕੇ ਹਰ ਸਮੇਂ ਹਰ ਮੌਸਮ ਵਿਚ ਗਲ ਰੱਖਣੀ, ਸਿਰ ਉੱਤੇ ਵੀ ਖੱਦਰ ਦਾ ਪਰਨਾ ਜਿਹਾ ਬਣਾ ਕੇ ਰੱਖਣਾ, ਸਭ ਪਾਸੇ ਤੋਂ ਬੇਪਰਵਾਹ ਹੋ ਕੇ ਸੇਵਾ ਵਿਚ ਤਤਪਰ ਰਹੇ।

**ਧੰਨੁ ਸੇਵਾ ਸੇਵਕੁ ਪਰਵਾਣ॥**

**ਨਾ ਤਿਸ ਭੁਖ ਨਾ ਨੀਦ ਨਾ ਖਾਣਾ ਸੋਵਣਾ।**

ਭਾਈ ਗੁਰਦਾਸ ਜੀ ਦਾ ਕਥਨ ਉਹਨਾਂ ਉੱਤੇ ਢੁਕਦਾ ਹੈ। ਦਿਨ ਰਾਤ ਬਾਬਾ ਜੀ ਦੇ ਆਸਣ ਵਾਲੇ ਅਸਥਾਨ ਦਰਵਾਜ਼ੇ ਦੇ ਕਦੇ ਸੱਜੇ ਪਾਸੇ, ਕਦੇ ਖੱਬੇ ਪਾਸੇ ਮੂੰਹ ਅੱਗੇ ਕੱਪੜਾ ਰੱਖ ਕੇ ਦਿਨੇ ਰਾਤ ਖੜੇ ਰਹਿਣਾ ਅਤੇ ਜਪੁ

ਜੀ ਸਾਹਿਬ ਦਾ ਪਾਠ ਹਰ ਸਮੇਂ ਕਰਦੇ ਰਹਿਣਾ। ਗਰਮੀ ਦੇ ਮੌਸਮ ਵਿਚ ਸਾਰੀ-ਸਾਰੀ ਰਾਤ ਇਕੋ ਥਾਂ ਖੜੋ ਕੇ ਪੱਖਾ ਕਰਦੇ ਰਹਿਣਾ, ਲੱਤਾਂ ਅਤੇ ਚਰਨਾਂ ਵਿਚ ਕੀੜਿਆਂ ਨੇ ਦੰਦੀਆਂ ਵੱਢ ਕੇ ਖੁੱਡਾਂ ਕਰ ਦਿੱਤੀਆਂ ਸਨ, ਕਿਉਂਕਿ ਕੱਚੀ ਜਗ੍ਹਾ ਹੋਣ ਕਰਕੇ ਭੌਣ ਅਤੇ ਕੀੜੇ ਆਮ ਸਨ। ਬਾਬਾ ਜੀ ਇਹਨਾਂ (ਨਰੈਣ ਸਿੰਘ) ਦਾ ਨਾਮ ਨਹੀਂ ਲੈਂਦੇ ਸਨ, 'ਬਾਲਾ' ਕਹਿ ਕੇ ਬੁਲਾਉਂਦੇ ਸਨ। **ਐਸੀ ਸੇਵਕੁ ਸੇਵਾ ਕਰੈ ॥ ਜਿਸ ਦਾ ਜੀਉ ਤਿਸੁ ਆਗੈ ਧਰੈ ॥** ਵਾਲੀ ਕਰਨੀ ਕੀਤੀ ਹੋਈ ਸੀ, ਸੋ ਅੱਗੇ ਹਰ ਥਾਂ ਬਾਲਾ ਹੀ ਆਵੇਗਾ। ਐਸੀ ਗਾਖੜੀ ਸੇਵਾ ਬਾਬਾ ਜੀ ਕ੍ਰਿਪਾ ਨਾਲ ਕਰਵਾ ਰਹੇ ਸਨ। **ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥**

*(ਅੰਗ ੬੬੭)*

*(ਇਹ ਬਚਨ ਮਾਤਾ-ਪਿਤਾ ਤੋਂ ਸੁਣਿਆ ਅਤੇ ਭੁੱਚੋ ਨਗਰ ਦੀ ਸਭ ਸੰਗਤ ਪਾਸੋਂ।)*

## ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੁ ਸੰਮਾਲੇ ॥

*(ਅੰਗ ੪੮੯)*

ਮਹਾਂਪੁਰਖ ਸੇਵਕਾਂ ਦੇ ਦੁੱਖ-ਸੁਖ ਤਾਂ ਸੰਭਾਲਦੇ ਸਨ। ਕਿਤੇ ਮਿਹਰ ਦੇ ਘਰ ਵਿਚ ਆ ਕੇ ਸੇਵਕਾਂ ਦੇ ਸੰਬੰਧੀ ਦਾ ਦੁੱਖ ਦਰਦ ਵੀ ਨਿਵਾਰ ਦਿੰਦੇ ਸਨ। ਭਾਈ ਰਤਨ ਸਿੰਘ ਡਰੋਲੀ ਅਤੇ ਉਹਨਾਂ ਦੇ ਘਰੋਂ ਜੈ ਕੌਰ ਹਜ਼ੂਰ ਦੇ ਚਰਨਾਂ ਵਿਚ ਸੇਵਾ ਕਰ ਰਹੇ ਸਨ। ਇਕ ਦਿਨ ਸਵੇਰੇ-ਸਵੇਰੇ ਬਾਬਾ ਜੀ ਨੇ ਹੁਕਮ ਕੀਤਾ ਕਿ ਡਰੋਲੀ ਵਾਲੇ ਪ੍ਰੇਮੀ ਨੂੰ ਹਾਜ਼ਰ ਕਰੋ। ਹੁਕਮ ਅਨੁਸਾਰ ਭਾਈ ਰਤਨ ਸਿੰਘ ਡਰੋਲੀ ਹਾਜ਼ਰ ਹੋ ਗਏ। ਉਪਰੰਤ ਹਜ਼ੂਰ ਨੇ ਬਚਨ ਕੀਤਾ ਕਿ "ਭਾਈ, ਪਿੱਛੇ ਤੇਰੇ ਪਿੰਡ ਤੇਰੀ ਭੈਣ ਬੀਮਾਰ ਹੈ, ਤੂੰ ਉਥੇ ਪਹੁੰਚ।" ਹੁਕਮ ਅਨੁਸਾਰ ਤਿਆਰ ਹੋ ਗਏ। ਤੁਰਨ ਸਮੇਂ ਹਜ਼ੂਰ ਨੇ ਆਪਣੇ ਮੁਬਾਰਕ ਹੱਥਾਂ ਨਾਲ ਛੋਟੀ ਜਿਹੀ ਮਿਸ਼ਰੀ ਦੀ ਡਲੀ ਦੇ ਕੇ ਬਚਨ ਕੀਤਾ, "ਆਹ ਡਲੀ ਤੂੰ ਜਾਣ ਸਾਰ ਹੀ ਬੀਬੀ ਦੇ ਮੂੰਹ ਵਿਚ ਪਾ ਦੇਈਂ। ਬਾਕੀ ਆਪ ਖਾ

ਲਈ। ਕਿਸੇ ਹੋਰ ਨੂੰ ਨਹੀਂ ਦੇਣੀ। ਉਹ ਲੜਕੀ ਤੈਨੂੰ ਕੌੜਾ ਬੋਲੇ, ਚੁੱਪ ਰਹੀਂ।" ਉਪਰੰਤ ਬਾਬਾ ਜੀ ਨੇ ਕੋਲੋਂ ਕਿਰਾਇਆ ਦੇ ਕੇ ਤੋਰ ਦਿਤਾ। ਜਿਸ ਸਮੇਂ ਭਾਈ ਰਤਨ ਸਿੰਘ ਡਰੋਲੀ ਪਿੰਡ ਆਏ, ਉਸ ਸਮੇਂ ਉਸ ਦੀ ਭੈਣ ਸਖ਼ਤ ਬੀਮਾਰ ਸੀ ਅਤੇ ਕੋਈ ਬੰਦਾ ਖ਼ਬਰ ਕਰਨ ਲਈ ਆਉਣ ਲੱਗਾ ਸੀ। ਅਚਾਨਕ ਭਾਈ ਰਤਨ ਸਿੰਘ ਡਰੋਲੀ ਪਹੁੰਚ ਗਿਆ। ਇਸ ਨੇ ਹੁਕਮ ਅਨੁਸਾਰ ਜਾਣ ਸਾਰ ਹੀ ਮਿਸ਼ਰੀ ਦੀ ਡਲੀ ਥੋੜ੍ਹੀ ਜਿਹੀ ਤੋੜ ਕੇ ਭੈਣ ਦੇ ਮੂੰਹ ਵਿਚ ਪਾ ਦਿੱਤੀ। ਉਸੇ ਵੇਲੇ ਉਹ ਉੱਠ ਕੇ ਬੈਠ ਗਈ। ਸਭ ਹੈਰਾਨ ਹੋ ਗਏ ਕਿ ਇਸ ਦੇ ਬਚਣ ਦੀ ਉਮੀਦ ਨਹੀਂ ਸੀ, ਘੋਰੜੂ ਵੱਜ ਰਿਹਾ ਸੀ, ਅੰਤਮ ਸਾਹਾਂ ਉੱਤੇ ਸੀ, ਪਰ ਕਿਸੇ ਨੂੰ ਕੀ ਪਤਾ (**"ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ"॥**) ਇਹ ਬਰਕਤ ਤਾਂ ਬਾਬਾ ਜੀ ਦੇ ਬਚਨ ਔਰ ਪ੍ਰਸ਼ਾਦ ਵਿਚ ਸੀ। ਉਸ ਦੀ ਭੈਣ ਨੇ ਉੱਠਣ ਸਾਰੀ ਹੀ ਰਤਨ ਸਿੰਘ ਡਰੋਲੀ ਨੂੰ ਕਿਹਾ ਕਿ ਕਿਥੇ ਧੱਕੇ ਖਾਂਦਾ ਹੈਂ। ਉਪਰੰਤ ਕੋਲ ਬੈਠੇ ਸਾਰੇ ਹੱਸ ਪਏ। ਬਾਬਾ ਜੀ ਦੇ ਬਚਨ ਅਨੁਸਾਰ ਰਤਨ ਸਿੰਘ ਡਰੋਲੀ ਨੇ ਬਾਕੀ ਪ੍ਰਸ਼ਾਦ ਆਪਣੇ ਮੂੰਹ ਵਿਚ ਪਾ ਲਿਆ। ਫਿਰ ਉਥੇ ਠਹਿਰੇ ਨਹੀਂ ਅਤੇ ਨਾ ਹੀ ਹੁਕਮ ਠਹਿਰਨ ਦਾ ਸੀ, ਉਸੇ ਸਮੇਂ ਹੀ ਵਾਪਸ ਚਲ ਪਏ ਤੇ ਭੁੱਚੋ ਪਹੁੰਚ ਗਏ।

*(ਇਹ ਪ੍ਰਸੰਗ ਲੇਖਕ ਨੇ ਪਿਤਾ ਜੀ ਪਾਸੋਂ ਸੁਣਿਆ।)*

## ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ

*(ਅੰਗ ੨੫੩)*

ਬਾਬਾ ਜੀ ਕਲੇਰਾਂ ਵਾਲੇ ਬਾਬਾ ਅਨੰਦ ਸਿੰਘ ਜੀ ਬਚਨ ਕਰਿਆ ਕਰਦੇ ਸਨ। ਸੇਵਕ ਹੁਕਮ ਅਨੁਸਾਰ ਸੇਵਾ ਸਿਮਰਨ ਕਰੇ। ਸਤਿਗੁਰਾਂ ਦੀ ਸੇਵਾ ਕੀਤੀ, ਬੇਅਰਥ ਨਹੀਂ ਜਾਂਦੀ। ਗੁਰੂ ਸਾਹਿਬ ਨੇ ਤੇ ਉਹਨਾਂ ਤੋਂ ਵਰੋਸਾਏ ਮਹਾਂ ਪੁਰਖ ਬਖ਼ਸ਼ਿਸ਼ਾਂ ਕਰਦੇ ਰਹੇ। 'ਇਕ ਤਿਲੁ ਨਹੀ ਭੰਨੈ ਘਾਲੈ।' ਬਾਬਾ ਜੀ ਮਹਾਂ ਹਰਿਨਾਮ ਸਿੰਘ ਦੇ ਸਮੇਂ ਇਕ ਪ੍ਰੇਮੀ ਆਪਣੇ ਨਗਰ ਜੰਡਾ ਵਾਲਾ ਤੋਂ ਦੁੱਧ ਦੀ ਸੇਵਾ ਕਰਦਾ ਸੀ, ਉਸ ਦਾ ਇਹ ਨਿੱਤਨੇਮ ਹੀ ਸੀ, ਰੋਜ਼

ਆਉਣਾ ਤੇ ਜਾਣਾ। ਇਕ ਵਾਰ ਬਾਬਾ ਜੀ ਨੇ ਪੁੱਛਿਆ ਤੇਰੀ ਮੰਗ ਕੀ ਹੈ, ਜੋ ਮੰਗਣਾ ਹੈ ਮੰਗ ਲੈ। ਉਸ ਨੇ ਬੇਨਤੀ ਕੀਤੀ, ਮਹਾਰਾਜ, ਮੇਰੀ ਮੰਗ ਕੋਈ ਨਹੀਂ ਹੈ। ਅੱਗੋਂ ਹਜ਼ੂਰ ਨੇ ਬਚਨ ਕੀਤਾ, "ਤੇ ਤੇਰੀ ਸੇਵਾ ਸਵੇਰ ਤੋਂ ਬੰਦ।" ਪਰ ਉਹ ਫਿਰ ਵੀ ਦੁੱਧ ਲੈ ਕੇ ਆ ਗਿਆ। ਹਜ਼ੂਰ ਨੇ ਬਚਨ ਕੀਤਾ, "ਤੈਨੂੰ ਕੱਲ੍ਹ ਰੋਕਿਆ ਸੀ, ਤੂੰ ਅੱਜ ਫਿਰ ਦੁੱਧ ਲੈ ਕੇ ਆ ਗਿਆ ਹੈਂ।" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਦੁੱਧ ਦੀ ਸੇਵਾ ਵੱਡੇ ਕਰਮਾਂ ਨਾਲ ਮਿਲਦੀ ਹੈ, ਤੁਸੀਂ ਆਪੇ ਹੀ ਸੇਵਾ ਲਾਇਆ ਤੇ ਹੁਣ ਰੋਕਦੇ ਕਿਉਂ ਹੋ। ਬਾਬਾ ਜੀ ਨੇ ਬਚਨ ਕੀਤਾ ਕਿ ਤੇਰੀ ਮੰਗ ਤਾਂ ਕੋਈ ਹੈ ਨਹੀਂ, ਤੂੰ ਰੋਜ਼ ਆਉਣਾ ਤੇ ਜਾਣਾ, ਔਖਾ ਕੰਮ ਹੈ ਜੇ ਤੇਰੀ ਮੰਗ ਅੱਗੇ ਨਹੀਂ ਤੇ ਹੁਣ ਮੰਗ ਲੈ। ਉਸ ਨੇ ਨਾ ਕੁਝ ਮੰਗਿਆ ਅਤੇ ਨਾ ਸੇਵਾ ਛੱਡੀ। ਇਕ ਦਿਨ ਉਹ ਪ੍ਰੇਮੀ ਦੁੱਧ ਲੈ ਕੇ ਆਇਆ ਤੇ ਬਾਬਾ ਜੀ ਨੂੰ ਨਮਸਕਾਰ ਕੀਤੀ। ਉਸ ਸਮੇਂ ਹੀ ਹਜ਼ੂਰ ਨੇ ਸੰਤ ਨਰੈਣ ਸਿੰਘ ਜੀ ਨੂੰ ਹੁਕਮ ਕੀਤਾ, "ਬਾਲਿਆ, ਇਸ ਦੀ ਸ਼ਰਾ ਕਰਾ ਕੇ ਸਾਡੇ ਕੋਲ ਹਾਜ਼ਰ ਕਰੋ।" ਉਸ ਹੁਕਮ ਅਨੁਸਾਰ ਹਾਜ਼ਰ ਕੀਤਾ। ਉਪਰੰਤ ਬਾਬਾ ਜੀ ਨੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਬਚਨ ਕੀਤਾ, "ਲੈ, ਤੂੰ ਤਾਂ ਕੁਝ ਮੰਗਦਾ ਨਹੀਂ ਸੀ ਪਰ ਅਸੀਂ ਦਰਗਾਹੀ ਹੁਕਮ ਅਨੁਸਾਰ ਤੈਨੂੰ ਬਹੁਤ ਵੱਡੀ ਵਸਤੂ ਦੇ ਰਹੇ ਹਾਂ। ਜਿੰਨੀ ਮਰਜ਼ੀ ਆਵੇ ਵਰਤੀ ਤੇ ਮੁੱਕੇਗੀ ਨਹੀਂ।

**ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ**
**ਪੂਰਨ ਭਈ ਸਮਗਰੀ ਕਬਹੂ ਨਹੀ ਤੂਟ॥**

*(ਬਿਲਾਵਲੁ ਮਹਲਾ ੫, ਅੰਗ ੮੧੬)*

ਇਸ ਤੋਂ ਉਪਰੰਤ ਵੀ ਉਹ ਪ੍ਰੇਮੀ ਸੇਵਾ ਕਰਦਾ ਰਿਹਾ ਅਤੇ ਬੇਅੰਤ ਸਮਾਂ ਸੇਵਾ ਕਰਦਾ ਰਿਹਾ।

*(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮਾ ਨਿਵਾਸੀ ਨੇ ਲਿਖਵਾਇਆ।)*

# ਜੈਸੀ ਭੂਖ ਤੈਸੀ ਕਾ ਪੂਰਕ
# ਸਗਲ ਘਟਾ ਕਾ ਸੁਆਮੀ॥

*(ਅੰਗ ੬੧੩)*

ਅਸਲੀ ਮੰਗਣ ਵਾਲੀ ਵਸਤੂ ਤਾਂ ਪਰਮੇਸ਼ਰ ਦਾ ਨਾਮ ਹੀ ਹੈ। ਹੋਰ ਵਸਤੂਆਂ ਨਾਮ ਦੇ ਬਰਾਬਰ ਨਹੀਂ ਹੋ ਸਕਦੀਆਂ। ਨਾਮ ਤੁਲਿ ਕਛੁ ਅਵਰ ਨ ਹੋਇ॥ ਪਰ ਇਸ ਅਮੋਲ ਵਸਤੂ ਲੈਣ ਵਾਲਾ ਕਰੋੜਾਂ ਦੇ ਵਿਚੋਂ ਇਕ ਹੀ ਹੁੰਦਾ ਹੈ।

**ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥**

*(ਅੰਗ ੨੬੫)*

ਇਸੇ ਤਰ੍ਹਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਸਭ ਮੱਤਾਂ ਦੇ ਸਭ ਤਰ੍ਹਾਂ ਦੀ ਮੰਗ ਕਰਨ ਵਾਲੇ ਮਹਾਤਮਾ ਆਏ। ਪਰ ਖ਼ਾਲੀ ਕਿਸੇ ਨੂੰ ਨਹੀਂ ਮੋੜਿਆ। ਕਿਸੇ ਵਕਤ ਬਾਬਾ ਜੀ ਪਾਸ ਭੁੱਚੋ ਈਸ਼ਰ ਦਾਸ ਨਾਮ ਦੇ ਮਹਤਾਮਾ ਆਏ। ਬਾਬਾ ਜੀ ਨੇ ਆਪਣੀ ਮਰਿਆਦਾ ਅਨੁਸਾਰ ਨਾਮ, ਜ਼ਾਤ, ਗੋਤ, ਨਾਨਕੇ, ਦਾਦਕੇ ਪੁੱਛ ਕੇ ਬਚਨ ਕੀਤਾ, "ਹੁਣ ਦਰਸ਼ਨ ਹੈ ਕਿ ਕੋਈ ਪ੍ਰਸ਼ਨ ਹੈ।" ਤਾਂ ਸੰਤ ਈਸ਼ਰ ਦਾਸ ਨੇ ਬੇਨਤੀ ਕੀਤੀ, ਮਹਾਰਾਜ, ਮੈਂ ਭੂਤ ਵਿਦਿਆ ਦੇ ਬੜੇ ਚਾਲੀਸੇ ਕੀਤੇ। ਪਰ ਕੋਈ ਸਫ਼ਲਤਾ ਨਹੀਂ ਮਿਲੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਸਾਡੇ ਕੂਕਰਾਂ ਨੂੰ ਡਾਲੀ ਮੰਗ ਕੇ ਰੋਟੀਆਂ ਪਾਉ। ਇਹ ਚੀਜ਼ ਮਿਲ ਜਾਏਗੀ। ਪਰ ਸ਼ਰਤ ਇਹ ਹੈ ਕਿ ਸਾਡੇ ਕੋਲ ਆਉਣ ਤੋਂ ਪਹਿਲਾਂ ਜੋ ਤੇਰਾ ਗੁਰੂ ਸੰਤ ਸੀ ਇਸ ਤੋਂ ਬਾਅਦ ਵੀ ਤੇਰਾ ਗੁਰੂ ਉਹੋ ਹੀ ਹੋਏਗਾ। ਜੇ ਤੈਨੂੰ ਕੋਈ ਗੁਰੂ ਪੁੱਛੇ ਤਾਂ ਉਸ ਦਾ ਨਾਮ ਲੈਣਾ, ਅਸਾਡਾ ਨਹੀਂ ਲੈਣਾ।" ਉਪਰੰਤ ਸੰਤ ਈਸ਼ਰ ਦਾਸ ਨੇ ਸਤਿ ਬਚਨ ਕਰ ਕੇ ਸੇਵਾ ਕਰਨੀ ਆਰੰਭ ਦਿੱਤੀ। ਹੁਕਮ ਅਨੁਸਾਰ ਦੋ ਵੇਲੇ ਕੂਕਰਾਂ ਨੂੰ ਡਾਲੀ ਕਰ ਕੇ ਰੋਟੀਆਂ ਚੂਰ ਕੇ ਪਾਉਣੀਆਂ, ਫਿਰ ਰਾਤ ਨੂੰ ਹੁਕਮ ਅਨੁਸਾਰ ਜਿਥੇ

ਪਹਿਲਾਂ ਛੋਲੇ ਖਿਲਾਰਦੇ ਸਨ, ਉਥੇ ਜਾ ਕੇ ਛੋਲੇ ਖਿਲਾਰਨੇ, ਬਹੁਤ ਸਮਾਂ ਇਸ ਤਰ੍ਹਾਂ ਲਗਾਤਾਰ ਸੇਵਾ ਕੀਤੀ। ਇਕ ਦਿਨ ਬਾਬਾ ਜੀ ਪਾਸ ਬੇਨਤੀ ਕੀਤੀ, ਮਹਾਰਾਜ, ਹੁਣ ਮੈਨੂੰ ਇਉਂ ਆਵਾਜ਼ ਆਉਂਦੀ ਹੈ ਜਿਵੇਂ ਕੋਈ ਦਾਣੇ ਚੱਬਦਾ ਹੈ। ਤਾਂ ਅੱਗੋਂ ਬਾਬਾ ਜੀ ਨੇ ਬਚਨ ਕੀਤਾ, "ਸੰਤ ਜੀ, ਤੇਰਾ ਕਾਰਜ ਸ਼ੁੱਧ ਹੈ, ਹੁਣ ਤੁਸੀਂ ਕਿਸੇ ਅਸਥਾਨ ਉੱਤੇ ਜਾ ਕੇ ਟਿਕੋਗੇ।" ਉਪਰੰਤ ਉਹ ਮਹਾਤਮਾ ਹੁਕਮ ਅਨੁਸਾਰ ਕਿਤੇ ਜਾ ਕੇ ਟਿਕ ਗਏ। ਇਹ ਸੰਤ ਵੀ ਆਪਣੇ ਸਮੇਂ ਵਿਚ ਬੜੇ ਪ੍ਰਸਿੱਧ ਸਾਧੂ ਹੋਏ ਹਨ।

*(ਇਹ ਪ੍ਰਸੰਗ ਲੇਖਕ ਨੂੰ ਪਿਤਾ ਜੀ ਪਾਸੋਂ ਮਿਲਿਆ।)*

## ਸੋਇ ਅਚਿੰਤਾ ਜਾਗਿ ਅਚਿੰਤਾ॥
## ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ॥

*(ਅੰਗ ੧੧੩੬)*

ਇਕ ਵਾਰੀ ਬਾਬਾ ਜੀ ਨੇ ਸੰਤ ਨਰੈਣ ਸਿੰਘ ਜੀ ਨੂੰ ਹੁਕਮ ਕੀਤਾ, "ਬਾਲਿਆ, ਤੇਰਾ ਗੁਰੂ ਬਹਾਲ ਦਾਸ ਹੈ ਅਤੇ ਹੁਣੇ ਹੀ ਉਸ ਨੂੰ ਮੱਥਾ ਟੇਕ ਕੇ ਮੁੜ ਆ ਅਤੇ ਜਾਣਾ ਵੀ ਇਥੋਂ ਪਹਿਲਾਂ ਬਠਿੰਡੇ ਨੂੰ ਹੈ।" ਉਪਰੰਤ ਸੰਤ ਨਰੈਣ ਸਿੰਘ ਜੀ ਚੱਲ ਪਏ। ਰਸਤੇ ਵਿਚ ਸੋਚਦੇ ਹਨ ਬਠਿੰਡੇ ਤੋਂ ਹੋ ਕੇ ਜੱਸੀ ਪੌ ਵਾਲੀ ਜਾਣਾ-ਆਉਣਾ, ਰਸਤਾ ਲੰਮਾ ਹੈ। ਫਿਰ ਮੁੜ ਕੇ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਵੀ ਹੋਣਾ ਹੈ। ਕਿਤੇ ਰੁਕਣਾ ਵੀ ਨਹੀਂ। ਅੱਗੇ ਜਿਸ ਵਕਤ ਬਠਿੰਡੇ ਜਾ ਕੇ ਜੱਸੀ ਪੌ ਵਾਲੀ ਨੂੰ ਮੁੜਨ ਲੱਗੇ ਅੱਗੋਂ ਇਕ ਜੱਸੀ ਦਾ ਜ਼ਿਮੀਂਦਾਰ ਮਿਲਿਆ, ਉਸ ਨੇ ਪੁੱਛਿਆ, "ਨਰੈਣ ਸਿੰਆਂ, ਕਿਧਰ ਨੂੰ ਚੱਲਿਆ ਹੈਂ।" ਸੰਤ ਨਰੈਣ ਸਿੰਘ ਜੀ ਨੇ ਦੱਸਿਆ ਕਿ ਮੈਨੂੰ ਬਾਬਾ ਜੀ ਨੇ ਹੁਕਮ ਕੀਤਾ ਹੈ ਕਿ ਬਹਾਲ ਦਾਸ ਦਾ ਦਰਸ਼ਨ ਕਰ ਕੇ ਆ। ਸੋ ਉਹਨਾਂ ਦੇ ਹੁਕਮ ਅਨੁਸਾਰ ਮੈਂ ਬਠਿੰਡੇ ਤੋਂ ਹੋ ਕੇ ਜੱਸੀ ਪਹੁੰਚਣਾ ਅਤੇ ਵਾਪਸ ਵੀ ਇਸੇ ਰਸਤੇ ਤੋਂ ਲੰਘਣਾ ਹੈ। ਮੈਨੂੰ ਇਹੋ ਹੁਕਮ ਹੈ। ਪਰ ਉਸ ਪ੍ਰੇਮੀ ਨੇ ਕਿਹਾ ਕਿ ਸੰਤ ਬਹਾਲ ਦਾਸ ਜੀ ਕਈ ਦਿਨਾਂ ਤੋਂ ਬਾਹਰ ਬੀਕਾਨੇਰ

ਵੱਲ ਗਏ ਹੋਏ ਹਨ, ਅੱਜ ਉਹਨਾਂ ਨੇ ਮੁੜਨਾ ਹੈ, ਮੈਂ ਵੀ ਉਥ ਹੀ ਜਾਣਾ ਹੈ, ਸੋ ਤੂੰ ਮੇਰੇ ਨਾਲ ਬਠਿੰਡੇ ਸਟੇਸ਼ਨ ਉੱਤੇ ਹੀ ਚੱਲ। ਉਪਰੰਤ ਸੰਤ ਨਰੈਣ ਸਿੰਘ ਜੀ ਉਥੋਂ ਹੀ ਸਟੇਸ਼ਨ ਵੱਲ ਨੂੰ ਚੱਲ ਪਏ। ਜਿਸ ਸਮੇਂ ਸਟੇਸ਼ਨ ਉੱਤੇ ਪਹੁੰਚੇ ਅੱਗੇ ਸੰਤ ਬਹਾਲ ਦਾਸ ਗੱਡੀ ਤੋਂ ਉੱਤਰ ਕੇ ਆ ਰਹੇ ਸਨ। ਸੰਤ ਨਰੈਣ ਸਿੰਘ ਜੀ ਨੇ ਨਮਸਕਾਰ ਕੀਤੀ। ਤਤਕਾਲ ਹੀ ਸੰਤ ਬਹਾਲ ਦਾਸ ਜੀ ਨੇ ਬਚਨ ਕੀਤਾ, "ਲੈ ਭਾਈ ਨਰੈਣ ਸਿੰਘਾ, ਹੁਣ ਬਾਬਾ ਜੀ ਦਾ ਬਚਨ ਮੰਨਿਆ ਗਿਆ ਤੂੰ ਇਥੋਂ ਹੀ ਮੁੜ ਜਾ, ਉਹਨੀਂ ਪੈਰੀਂ ਹੀ।" ਸੰਤ ਨਰੈਣ ਸਿੰਘ ਜੀ ਪਿੱਛੇ ਮੁੜ ਪਏ ਵਾਪਸ ਬਾਬਾ ਜੀ ਪਾਸ ਪਹੁੰਚੇ। ਆ ਨਮਸਕਾਰ ਕੀਤੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਬਾਲਿਆ, ਮਿਲ ਆਇਆ ਹੈਂ ਆਪਣੇ ਗੁਰੂ ਨੂੰ ?" ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ, ਜੀ ਹਾਂ ਮਹਾਰਾਜ, ਮਿਲ ਆਇਆ ਹਾਂ। ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਇਸ ਅਸਚਰਜ ਕੌਤਕ ਨਾਲ ਬਾਬਾ ਜੀ ਨੇ ਸੰਤ ਨਰੈਣ ਸਿੰਘ ਜੀ ਦੇ ਸਭ ਤਰ੍ਹਾਂ ਦੇ ਸੰਸੇ ਮਿਟਾ ਦਿੱਤੇ।

*(ਇਹ ਬਚਨ ਸੰਤ ਨਰੈਣ ਸਿੰਘ ਜੀ ਨੇ ਇਥੇ ਸੰਗਤ ਵਿਚ ਸੁਣਾਇਆ ਸੀ।)*

# ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ॥

*(ਅੰਗ ੩੯੧)*

ਸੰਤ ਨਰੈਣ ਸਿੰਘ ਜੀ ਦੇ ਨਗਰ ਤੋਂ ਦੋ ਪ੍ਰੇਮੀ ਇਕ ਵਾਰ ਬਾਬਾ ਜੀ ਦੇ ਦਰਸ਼ਨ ਕਰਨ ਆਏ। ਜਿਸ ਸਮੇਂ ਉਹਨਾਂ ਨੇ ਬਾਬਾ ਜੀ ਦੇ ਪਾਸ ਆ ਕੇ ਨਮਸਕਾਰ ਕੀਤੀ ਅਤੇ ਬੈਠ ਗਏ। ਉਪਰੰਤ ਉਹਨਾਂ ਨੇ ਬਾਬਾ ਜੀ ਕੋਲ ਆਪਣੀ ਬੇਨਤੀ ਕਰਨ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ "ਤੁਸੀਂ ਤਾਂ ਸਾਡੇ ਬਾਲੇ ਕੋਲੋਂ ਪਿਛਲਾ ਕਰਜ਼ ਲੈਣ ਆਏ ਹੋ।" ਇਸ ਤਰ੍ਹਾਂ ਬਚਨ ਕਰ ਕੇ ਬਾਬਾ ਜੀ ਨੇ ਇਕ ਪੋਟਲੀ, ਜਿਸ ਦੇ ਵਿਚ ਕੁਝ ਰੁਪਏ

ਬੰਨ੍ਹੇ ਸਨ, ਇਕ ਬੰਦੇ ਵੱਲ ਸੁੱਟ ਕੇ ਬਚਨ ਕੀਤਾ, "ਲੈ, ਤੂੰ ਆਂ ਆਪਣੇ ਰੁਪਈਏ ਵਿਆਜ ਸਣੇ ਗਿਣ ਲੈ।" ਉਪਰੰਤ ਉਸ ਨੇ ਗਿਣ ਲਏ ਜੋ ਪੂਰੇ ਨਿਕਲੇ, ਦੂਜੇ ਨੂੰ ਬਚਨ ਕੀਤਾ, "ਤੂੰ ਆਖਦਾ ਸੀ ਮੈਂ ਤਾਂ ਸੰਤਾਂ ਕੋਲੋਂ ਲੱਡੂ ਖਾਣੇ ਹਨ, ਤੇਰੇ ਲੱਡੂਆਂ ਦਾ ਵੀ ਬੰਦੋਬਸਤ ਕਰਦੇ ਹਾਂ।" ਠੀਕ ਹੀ ਉਸੇ ਸਮੇਂ ਇਕ ਮੰਡੀ ਤੋਂ ਸੇਠ ਲੱਡੂਆਂ ਦਾ ਪ੍ਰਸ਼ਾਦ ਲੈ ਕੇ ਹਾਜ਼ਰ ਹੋ ਗਿਆ ਤੇ ਫਿਰ ਦੂਸਰੇ ਸਾਥੀ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ, "ਲੈ ਤੂੰ ਵੀ ਆਪਣੇ ਸੋਚੇ ਹੋਏ ਲੱਡੂ ਖਾ ਲੈ।" ਇਸ ਤੋਂ ਉਹਨਾਂ ਪ੍ਰੇਮੀਆਂ ਨੂੰ ਆਗਿਆ ਦੇ ਦਿੱਤੀ, ਬਚਨ ਕੀਤਾ, "ਅੱਗੇ ਤੋਂ ਕਿਸੇ ਸੰਤ ਦੀ ਇਉਂ ਪਰਖ ਨਹੀਂ ਕਰੀਦੀ।"

## ਪਾਪ ਕਰੇਂਦੇ ਪਤਿਤ ਉਧਾਰੇ॥

*(ਵਾਰ ਭਾਈ ਗੁਰਦਾਸ ਜੀ)*

ਇਸ ਭੁੱਚੋ ਨਗਰ ਦੇ ਰਹਿਣ ਵਾਲਾ ਇਕ ਸਿੱਖ, ਜਿਸ ਦਾ ਨਾਮ ਕੇਹਰ ਸਿੰਘ ਨੰਬਰਦਾਰ ਸੀ, ਕਦੇ-ਕਦਾਈਂ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦਾ। ਜਿੰਨੀ ਹੋ ਸਕੇ, ਸੇਵਾ ਵੀ ਕਰਦਾ ਹੁੰਦਾ ਸੀ। ਇਕ ਵਾਰ ਇਸ ਦੇ ਲੜਕੇ ਦੇ ਵਿਆਹ ਦੇ ਮੌਕੇ ਉੱਤੇ ਜੰਞ ਨਾਲ ਇਕ ਗਾਉਣ ਵਾਲੀ ਨੂੰ ਲੈ ਜਾਣ ਵਾਸਤੇ ਸਾਈ ਕਰ ਆਏ। ਜਿਸ ਸਮੇਂ ਬਾਬਾ ਜੀ ਨੂੰ ਪਤਾ ਲੱਗਾ, ਬਾਬਾ ਜੀ ਨੇ ਉਸੇ ਵੇਲੇ ਹੀ ਨੰਬਰਦਾਰ ਕੇਹਰ ਸਿੰਘ ਨੂੰ ਸੱਦ ਕੇ ਬਚਨ ਕੀਤਾ, "ਨੰਬਰਦਾਰ, ਅਸੀਂ ਸੁਣਿਆ ਹੈ ਤੂੰ ਮੁੰਡੇ ਦੇ ਵਿਆਹ ਵਿਚ ਜੰਞ ਦੇ ਨਾਲ ਗਾਉਣ ਵਾਲੀ ਲਿਜਾਣੀ ਹੈ।"ਅੱਗੋਂ ਨੰਬਰਦਾਰ ਨੇ ਬੇਨਤੀ ਕੀਤੀ, "ਜੀ, ਮੇਰੇ ਵੱਸ ਦੀ ਗੱਲ ਨਹੀਂ, ਮੁੰਡੇ ਹੀ ਸਭ ਕੁਝ ਕਰ ਕੇ ਆਏ ਹਨ।" ਬਾਬਾ ਜੀ ਨੇ ਬਚਨ ਕੀਤਾ, "ਜੇ ਮੁੰਡੇ ਕਰ ਆਏ ਹਨ, ਤਾਂ ਜਵਾਬ ਦੇ ਦੇ। ਗੁਰਸਿੱਖਾਂ ਦੀਆਂ ਜੰਞਾਂ ਵਿਚ ਮੁਜਰੇ ਚੰਗੇ ਨਹੀਂ ਲੱਗਦੇ।" ਉਪਰੰਤ ਨੰਬਰਦਾਰ ਘਰ ਚਲਾ ਗਿਆ ਤੇ ਜਿਸ ਵਕਤ ਜੰਞ ਚੜ੍ਹਨ ਦਾ ਦਿਨ ਆਇਆ ਤਾਂ ਆਪਣੇ ਇਕਰਾਰ ਉੱਤੇ ਮੁਜਰੇ ਵਾਲੀ ਵੀ ਆ ਗਈ। ਇਧਰ

ਬਾਬਾ ਜੀ ਕੋਲ ਵੀ ਖ਼ਬਰ ਪਹੁੰਚ ਗਈ। ਬਾਬਾ ਜੀ ਨੇ ਉਸੇ ਸਮੇਂ ਹੀ ਸੇਵਾਦਾਰ ਭੇਜ ਕੇ ਨੰਬਰਦਾਰ ਕੇਹਰ ਸਿੰਘ ਨੂੰ ਬੁਲਾ ਲਿਆ ਤੇ ਪੁੱਛਿਆ, "ਨੰਬਰਦਾਰਾ, ਗਾਉਣ ਵਾਲੀ ਤਾਂ ਆ ਗਈ ਤੇ ਤੂੰ ਉਸ ਨੂੰ ਮੋੜਿਆ ਨਹੀਂ।" ਨੰਬਰਦਾਰ ਨੇ ਬੇਨਤੀ ਕੀਤੀ, "ਮਹਾਰਾਜ, ਮੈਂ ਮੁੰਡਿਆਂ ਨੂੰ ਬਹੁਤ ਕਿਹਾ ਸੀ, ਉਹ ਮੇਰੇ ਕਹੇ ਨਹੀਂ ਲੱਗੇ। ਉਸ ਨੂੰ ਹਟਾਉਣ ਕੋਈ ਨਹੀਂ ਗਿਆ।" ਬਾਬਾ ਜੀ ਨੇ ਬਚਨ ਕੀਤਾ, "ਨੰਬਰਦਾਰਾ, ਉਸ ਨੂੰ ਸਾਈ ਦੇ ਕੀਤੇ ਪੈਸੇ ਦੇ ਕੇ ਪਿਛਾਂਹ ਮੋੜ ਦੇ, ਆਪਾਂ ਮੁਜਰਾ ਨਹੀਂ ਹੋਣ ਦੇਣਾ।" ਉਪਰੰਤ ਨੰਬਰਦਾਰ ਸਤਿ ਬਚਨ ਕਰ ਕੇ ਘਰ ਚਲਾ ਗਿਆ। ਜਿਸ ਵਕਤ ਗਾਉਣ ਵਾਲੀ ਨਾਲ ਕੀਤੇ ਰੁਪਏ ਦੇ ਕੇ ਕਿਹਾ ਕਿ ਅਸੀਂ ਮੁਜਰਾ ਨਹੀਂ ਕਰਵਾਉਣਾ ਤਾਂ ਗਾਉਣ ਵਾਲੀ ਨੇ ਕਿਹਾ ਕਿ ਲੋਕੀਂ ਤਾਂ ਕੰਮ ਕਰਾ ਕੇ ਵੀ ਪੈਸੇ ਨਹੀਂ ਦਿੰਦੇ ਤੇ ਤੁਸੀਂ ਬਿਨਾਂ ਕੰਮ ਤੋਂ ਹੀ ਪੈਸੇ ਦੇ ਕੇ ਮੋੜ ਰਹੇ ਹੋ। ਅੱਗੋਂ ਨੰਬਰਦਾਰ ਨੇ ਕਿਹਾ ਕਿ ਸਾਡੇ ਇਕ ਮਹਾਂਪੁਰਖ ਰੱਬ ਦਾ ਰੂਪ ਹਨ, ਮੈਂ ਉਹਨਾਂ ਦੇ ਬਚਨ ਅਨੁਸਾਰ ਤੈਨੂੰ ਪੈਸੇ ਦੇ ਕੇ ਮੋੜ ਰਿਹਾ ਹਾਂ। ਇਸ ਗੱਲ ਨਾਲ ਗਾਉਣ ਵਾਲੀ ਦਾ ਮਨ ਪ੍ਰੇਰਿਆ ਗਿਆ। ਨਾਲ ਦੇ ਦੋ ਸਾਥੀਆਂ ਨੂੰ ਕਹਿਣ ਲੱਗੀ ਕਿ ਚਲੋ ਐਸੇ ਮਹਾਂਪੁਰਖ ਦਾ ਦਰਸ਼ਨ ਕਰੀਏ। ਕੋਈ ਪੂਰਬਲਾ ਪੁੰਨ ਜਾਗਿਆ। ਉਸ ਦੇ ਸਦਕੇ ਦਰਸ਼ਨ ਕਰਨ ਬਾਬਾ ਜੀ ਦੇ ਅਸਥਾਨ 'ਤੇ ਪਹੁੰਚ ਗਏ। ਅਗੇ ਪਹਿਰੇਦਾਰ ਰਾਹੀਂ ਆਗਿਆ ਮਿਲਣ 'ਤੇ ਅੰਦਰ ਆ ਗਈ। ਜਿਸ ਸਮੇਂ ਸਿਰ ਝੁਕਾ ਕੇ ਸਿਰ ਚੁੱਕਿਆ ਤਾਂ ਇਕ-ਟਕ ਵੇਖ ਰਹੀ ਸੀ ਤੇ ਮਨ ਦੀ ਮੈਲ ਅੱਖ ਰਾਹੀਂ ਪਾਣੀ ਰੂਪ ਹੋ ਕੇ ਵਗ ਰਹੀ ਸੀ। ਗੁਨਾਹਾਂ ਦਾ ਪਸਚਾਤਾਪ ਹੋ ਰਿਹਾ ਸੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਨੀਲਾ ਸਿੰਆਂ, ਐਥੋਂ ਕਰਮੰਡਲ ਵਿਚ ਜਲ ਲੈ ਕੇ ਦੇਵੀ ਦੇ ਹਥ-ਪੈਰ ਧੁਆ ਕੇ ਹਾਜ਼ਰ ਕਰੋ।" ਹੁਕਮ ਅਨੁਸਾਰ ਨੀਲਾ ਸਿੰਘ ਨੇ ਹੱਥ-ਪੈਰ ਸੁੱਚੇ ਕਰ ਕੇ ਹਜ਼ੂਰ ਦੇ ਚਰਨਾਂ 'ਚ ਜਾ ਬਿਠਾਈ। ਬਾਬਾ ਜੀ ਨੇ ਬਚਨ ਕੀਤਾ, "ਕੰਨਿਆ, ਅਸੀਂ ਅੱਗੇ-ਅੱਗੇ ਕਲਮਾ ਪੜ੍ਹਦੇ ਹਾਂ ਤੂੰ ਸਾਡੇ ਪਿੱਛੇ-ਪਿੱਛੇ ਪੜ੍ਹੀ ਜਾਈਂ।" ਪੜ੍ਹਨ ਉਪਰੰਤ ਬਾਬਾ ਜੀ ਉਸ ਦੀ ਸ਼ਰ੍ਹਾ ਕਰਵਾਉਣ ਲੱਗ ਪਏ। ਸ਼ਰ੍ਹਾ ਕਰਨ ਸਮੇਂ ਨਾਲ ਦੇ ਸਾਥੀ ਕੁਝ ਬੋਲੇ। ਬਾਬਾ ਜੀ ਨੇ ਸ਼ੇਰ ਵਰਗੀ ਭਬਕ ਮਾਰੀ, ਡਰਦੇ ਹੋਏ ਦੋਵੇਂ ਕੋਠੀ ਦੇ ਓਹਲੇ ਜਾ ਕੇ ਲੁਕ ਗਏ। ਸ਼ਰ੍ਹਾ ਕਰਨ ਉਪਰੰਤ ਫਿਰ ਉਸ ਗਾਉਣ ਵਾਲੀ ਦੇ ਸਿਰ

'ਤੇ ਹੱਥ ਰੱਖ ਕੇ ਬਚਨ ਕੀਤਾ, "ਬੰਦਗੀ ਕਰ ਕੇ ਮਨੁੱਖ ਜਨਮ ਸਫਲ ਕਰੋ।"

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

*(ਅੰਗ ੧੨)*

ਇਸ ਮਿਹਰ ਦੇ ਸਦਕੇ :

**ਜਿਉ ਲੋਹਾ ਪਾਰਸ ਛੁਹੈ ਚੰਦਨ ਵਾਸੁ ਨਿੰਮ ਮਹਿਕਾਈ॥**
**ਪਸੂ ਪਰੇਤਹੁ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ॥**

*(ਭਾਈ ਗੁਰਦਾਸ ਜੀ)*

ਇਹ ਫ਼ਰਮਾਨ ਸਤਿ ਹੋ ਗਿਆ।

ਮੁਜਰਾ ਕਰਨ ਵਾਲੀ ਨਾਮ ਜਪਣ ਵਾਲੀ ਬਣ ਗਈ। ਫਿਰ ਵੀ ਦਰਸ਼ਨ ਕਰਨ ਆਉਂਦੀ ਰਹੀ। ਜਦੋਂ ਕਿਤੇ ਦਰਸ਼ਨ ਕਰਨ ਆਉਂਦੀ, ਕਿੰਨਾ-ਕਿੰਨਾ ਸਮਾਂ ਬਾਬਾ ਜੀ ਦੇ ਅੱਗੇ ਡੰਡਉਤ ਵਿਚ ਹੀ ਪਈ ਰਹਿੰਦੀ। ਕਈ ਵਾਰ ਤਾਂ ਬਾਬਾ ਜੀ ਨੇ ਹੁਕਮ ਦੇ ਕੇ ਉਠਾਉਣਾ। ਹਰ ਸਮੇਂ ਹੱਥ ਵਿਚ ਮਾਲਾ ਹੀ ਰੱਖਦੀ, ਰਹਿੰਦੀ ਸਾਦੇ ਲਿਬਾਸ ਵਿਚ।

*(ਇਹ ਬਚਨ ਲੇਖਕ ਨੂੰ ਪਿਤਾ ਜੀ ਪਾਸੋਂ ਮਿਲਿਆ, ਉਸ ਸਮੇਂ ਸੇਵਾ ਵਿਚ ਸਨ।)*

# ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ॥

*(ਅੰਗ ੧੦੮੬)*

ਇਕ ਵਾਰ ਕਸ਼ਮੀਰ ਵਾਲੇ ਮਹਾਰਾਜੇ ਨੇ ਜਿਸ ਦਾ ਨਾਮ ਪ੍ਰਤਾਪ ਸਿੰਘ ਸੀ, ਉਸ ਨੇ ਅਖ਼ਬਾਰ ਵਿਚ ਖ਼ਬਰ ਛਪਵਾਈ ਕਿ ਇਸ ਸਮੇਂ ਭਾਰਤ ਵਰਸ਼ ਵਿਚ ਕੋਈ ਐਸਾ ਸੰਤ ਕਿਸੇ ਭੇਖ ਵਿਚ ਨਹੀਂ ਜਿਸ ਦਾ ਹੁਕਮ ਮੰਨਣ ਤੇ ਪੁੰਨ ਦਾਨ ਯੱਗ ਆਦਿ ਕਰੀਏ ਤੇ ਪੁੱਤਰ ਹੋ ਜਾਏ। ਪੁਰਾਣੇ ਸਮੇਂ ਵਿਚ ਰਿਸ਼ੀ

ਪੁਤ੍ਰੇਸ਼ਟ ਯੱਗ ਕਰਵਾ ਕੇ ਪੁੱਤਰ ਦੇ ਦਿੰਦੇ ਸਨ ਪਰੰਤੂ ਹੁਣ ਕੋਈ ਨਹੀਂ ਜੋ ਕੋਈ ਐਸਾ ਹੋਵੇ। ਜਦੋਂ ਇਹ ਖ਼ਬਰ ਅਖ਼ਬਾਰ ਰਾਹੀਂ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਪਾਸ ਪਹੁੰਚੀ। ਤਾਂ ਸ੍ਰੀ ਰਾਮ ਸਿੰਘ ਜੀ ਨੇ ਬਾਬਾ ਜੀ ਨੂੰ ਸੁਣਾਈ, ਬਾਬਾ ਜੀ ਨੇ ਉਪਰੰਤ ਬਚਨ ਕੀਤਾ, "ਸ੍ਰੀ ਰਾਮ, ਤੁਸੀਂ ਰਾਜੇ ਕੋਲ ਜਾਉ, ਮਿਲੋ, ਅਸਾਡਾ ਨਾਮ ਲੈ ਕੇ ਦੱਸੋ ਕਿ ਅਜੇ ਹਿੰਦੁਸਤਾਨ ਗੁਰੂ ਨਾਨਕ ਦੀ ਕ੍ਰਿਪਾ ਨਾਲ ਐਸੇ ਮਹਾਤਮਾਂ ਤੋਂ ਖ਼ਾਲੀ ਨਹੀਂ ਹੋਇਆ। ਤੂੰ ਸਾਡੇ ਕੋਲ ਆ ਕੇ ਇਕ ਸਾਲ ਸਾਡੇ ਪਾਸ ਰਹੋ ਤੇ ਬਚਨ ਮੰਨ, ਦਿਨ ਗਿਣ ਲਵੀਂ, ਤੈਨੂੰ ਪੁੱਤ ਦੇ ਕੇ ਤੋਰਾਂਗੇ।" ਇਸ ਉਪਰੰਤ ਬਾਬਾ ਜੀ ਨੇ ਸ੍ਰੀ ਰਾਮ ਸਿੰਘ ਜੀ ਨੂੰ ਆਪ ਜਾਣ ਦਾ ਹੁਕਮ ਕਰ ਦਿੱਤਾ। ਮਲੂਕੇ ਪੰਡਿਤ ਸ੍ਰੀ ਰਾਮ ਸਿੰਘ ਜੀ ਦਾ ਇਕ ਮਿੱਤਰ ਸਾਧੂ ਸੀ ਜੋ ਕਿ ਭੁੱਚੋ ਹੀ ਰਹਿੰਦਾ ਸੀ, ਉਸ ਨੇ ਇਹ ਬਚਨ ਸੁਣਿਆ ਅਤੇ ਸ੍ਰੀ ਰਾਮ ਜੀ ਨੂੰ ਕਹਿਣ ਲੱਗਾ, ਜੀ, ਤੁਸੀਂ ਤਾਂ ਮਹਾਰਾਜ ਦੇ ਹੁਕਮ ਨਾਲ ਨੇਪਾਲ ਜਾ ਆਏ ਹੋ ਤੇ ਇਸ ਵਾਰ ਮੈਨੂੰ ਬਾਬਾ ਜੀ ਦਾ ਹੁਕਮ ਦੇ ਕੇ ਕਸ਼ਮੀਰ ਭੇਜ ਦਿਉ। "ਉਪਰੰਤ ਪੰਡਿਤ ਸ੍ਰੀ ਰਾਮ ਸਿੰਘ ਜੀ ਨੇ ਉਸ ਸੇਵਕ ਦਾ ਨਾਮ ਲੈ ਕੇ ਬੇਨਤੀ ਕੀਤੀ ਮਹਾਰਾਜ, ਜੇ ਹੁਕਮ ਕਰੋ ਤਾਂ ਮੈਂ ਉਸ ਦਾ ਨਾਮ ਲੈ ਕੇ ਇਸ ਨੂੰ ਭੇਜ ਦਿਆਂ।" ਉਸ ਸਮੇਂ ਬਾਬਾ ਜੀ ਨੇ ਕੋਈ ਉੱਤਰ ਨਾ ਦਿੱਤਾ। ਸ੍ਰੀ ਰਾਮ ਸਿੰਘ ਜੀ ਨੇ ਇਸ ਚੁੱਪ ਨੂੰ ਆਗਿਆ ਮੰਨ ਉਸ ਸੇਵਾਦਾਰ ਨੂੰ ਸ੍ਰੀਨਗਰ ਭੇਜ ਦਿੱਤਾ। ਉਹ ਸੇਵਾਦਾਰ ਕਸ਼ਮੀਰ ਪਹੁੰਚ ਗਿਆ। ਰਾਜਾ ਪ੍ਰਤਾਪ ਸਿੰਘ ਨੂੰ ਮਿਲਣ ਤੋਂ ਪਹਿਲਾਂ ਰਾਜੇ ਦੇ ਭਰਾ ਨਾਲ ਮੁਲਾਕਾਤ ਹੋ ਗਈ। ਉਸ ਸੇਵਾਦਾਰ ਨੇ ਸਾਰਾ ਸਮਾਚਾਰ ਸੁਣਾ ਕੇ ਕਿਹਾ ਕਿ ਮੈਂ ਮਹਾਰਾਜ ਨੂੰ ਮਿਲ ਕੇ ਦੱਸਣ ਆਇਆ ਹਾਂ ਕਿ ਅਜੇ ਭਾਰਤ ਵਰਸ਼ ਮਹਾਂਪੁਰਖਾਂ ਤੋਂ ਖ਼ਾਲੀ ਨਹੀਂ ਹੋਇਆ। ਇਕ ਮਹਾਂ ਪੁਰਖ ਭੁੱਚੋ ਨਗਰ ਜ਼ਿਲਾ ਬਠਿੰਡਾ ਪੰਜਾਬ ਵਿਚ ਰਹਿੰਦੇ ਹਨ, ਉਹਨਾਂ ਨੇ ਹੁਕਮ ਕੀਤਾ ਹੈ ਕਿ ਰਾਜਾ ਸਾਡੇ ਕੋਲ ਸਣੇ ਰਾਣੀ ਆਏ। ਇਕ ਸਾਲ ਰਹੇ, ਪੁੱਤਰ ਦੇ ਕੇ ਤੋਰਾਂਗੇ। ਪਰੰਤੂ ਰਾਜੇ ਦਾ ਭਾਈ ਚਾਹੁੰਦਾ ਸੀ ਕਿ ਰਾਜੇ ਦੇ ਘਰ ਔਲਾਦ ਨਾ ਹੋਵੇ, ਰਾਜ-ਗੱਦੀ ਮੈਨੂੰ ਮਿਲੇ। ਰਾਜੇ ਦੇ ਭਰਾ ਨੇ ਉਸ ਸੇਵਾਦਾਰ ਨੂੰ ਤਾੜ ਕੇ ਕਿਹਾ, "ਸੰਤ ਜੀ, ਤੁਸੀਂ ਇਸੇ ਵੇਲੇ ਹੀ ਰਿਆਸਤ ਵਿਚੋਂ ਬਾਹਰ ਹੋ ਜਾਓ, ਜੇ ਕਿਤੇ ਤੁਹਾਨੂੰ ਅੱਜ ਤੋਂ ਬਾਅਦ ਇਥੇ ਵੇਖ ਲਿਆ

ਤਾਂ ਸਾਰੀ ਉਮਰ ਜੇਲ੍ਹ ਵਿਚ ਹੀ ਕੱਟਣੀ ਪਵੇਗੀ।" ਰਾਜੇ ਦੇ ਭਰਾ ਨੇ ਆਪਣੀ ਸੀ.ਆਈ.ਡੀ. ਵੀ ਛੱਡੀ ਹੋਈ ਸੀ। ਇਸ ਗੱਲ ਨੂੰ ਰੋਕਣ ਲਈ ਫਿਰ ਤਾਂ ਉਸ ਨੇ ਹੋਰ ਵੀ ਪੱਕਾ ਪ੍ਰਬੰਧ ਕਰ ਦਿੱਤਾ। ਸੇਵਾਦਾਰ ਦਾ ਕੋਈ ਯਤਨ ਨਾ ਚੱਲਿਆ, ਜਿਵੇਂ ਬਾਣੀ ਦਾ ਫ਼ੁਰਮਾਨ ਹੈ:

**ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ ॥**
**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥**

*(ਅੰਗ ੧੩੬੯)*

ਵਾਲੀ ਗੱਲ ਹੋ ਗਈ। ਨਿਰਾਸ ਹੋ ਕੇ ਵਾਪਸ ਮੁੜ ਪਿਆ।

*(ਇਹ ਪ੍ਰਸੰਗ ਸ. ਬਲਬੀਰ ਸਿੰਘ ਜੀ ਕਾਨਿਆਂ ਵਾਲੀ ਵਾਲਿਆਂ ਪਾਸੋਂ ਮਿਲਿਆ।)*

# ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥

*(ਅੰਗ ੨੮੬)*

ਬਾਬਾ ਮਹਾਂ ਹਰਿਨਾਮ ਸਿੰਘ ਜੀ ਸੰਗਤ ਵਿਚ ਬਚਨ ਕਰਿਆ ਕਰਦੇ ਸਨ ਕਿ ਸੇਵਕ ਨੂੰ ਸੇਵਾ ਵਿਚ ਲਾ ਕੇ ਨਾਮ ਜਪਾ ਕੇ ਪਲ-ਪਲ ਉਸ ਦੇ ਮਨ ਅੰਦਰ ਝਾਤੀ ਮਾਰ ਕੇ ਵੇਖਣਾ ਚਾਹੀਦਾ ਹੈ ਕਿ ਕਿਤੇ ਕੋਈ ਖੋਟ ਤਾਂ ਨਹੀਂ ਕਰ ਰਿਹਾ। ਜਿਵੇਂ ਕਿ ਮਾਂ ਆਪਣੇ ਪੁੱਤਰ ਦੀ ਪਾਲਣਾ ਕਰਦੀ ਹੈ। ਪਹਿਲਾਂ ਪੇਟ ਅੰਦਰ, ਫਿਰ ਜਨਮ ਦੇਣ ਤੋਂ ਬਾਅਦ ਵੀ ਜੇ ਹੁਕਮ ਨਾਲ ਸੇਵਕ ਨੂੰ ਕਿਤੇ ਸਰੀਰਕ ਤੌਰ 'ਤੇ ਦੂਰ ਘੱਲ ਦੇਹੀਏ ਫਿਰ ਵੀ ਨਿਗਾਹ ਰੱਖਣੀ ਪੈਂਦੀ ਹੈ। ਆਪਣੇ ਨਿੱਜ ਅਨੰਦ ਨੂੰ ਘੱਟ ਕਰ ਕੇ ਵੀ ਵੇਖਣਾ ਪੈਂਦਾ ਹੈ, ਇਹ ਪਰਮ ਅਨੰਦ ਵਾਲੀ ਅਵਸਥਾ ਕਿਤੇ ਸੌਖੀ ਤਾਂ ਨਹੀਂ ਲੱਗਦੀ, ਪਹਿਲਾਂ ਤਾਂ ਸ਼ਕਤੀ ਅਮਾਨਤ ਵਾਂਗੂ ਦੇਈਦੀ ਹੈ। ਫਿਰ ਕਿਤੇ ਦਾਨ ਦੇ ਰੂਪ ਵਿੱਚ ਕਰੀਦੀ ਹੈ। ਅਮਾਨਤ ਤਾਂ ਮੋੜ ਵੀ ਲਈਦੀ ਹੈ ਪਰ ਦਾਨ ਦੇ ਕੇ ਨਹੀਂ ਮੋੜੀ ਜਾ ਸਕਦੀ। ਇਕ ਵਾਰਾ ਬਾਬਾ ਅਨੰਦ ਸਿੰਘ ਜੀ ਨੇ ਭਾਈ ਰਤਨ ਸਿੰਘ ਡਰੋਲੀ ਕੋਲ ਬਚਨ ਸੁਣੇ ਜੋ ਕਿ ਸੁਣ ਕੇ ਲਿਖਿਆ ਜਾ ਰਿਹਾ ਹੈ, ਦੱਸਿਆ ਕਿ ਬਾਬਾ

ਜੀ ਕਲੇਰਾਂ ਵਾਲਿਆਂ ਨੇ ਅਸੀਂ ਕਿਤੇ ਰਸਤੇ ਤੋਂ ਦੂਰ ਜੰਗਲ ਵਿਚ ਬੈਠੇ ਸੀ, ਦੋ ਸਾਧੂ ਕਿਤੇ ਸਾਡੇ ਕੋਲ ਆ ਗਏ, ਅਸਾਨੂੰ ਕਹਿਣ ਲੱਗੇ, ਤੁਸੀਂ ਐਡੀ ਦੂਰ ਜੰਗਲ ਵਿਚ ਬੈਠੇ ਹੋ, ਜਿਥੇ ਰਸਤਾ ਵੀ ਕਿਤੇ ਨੇੜੇ ਨਹੀਂ, ਜੇ ਬੰਦਗੀ ਕਰਨੀ ਹੈ ਤਾਂ ਸਾਧ ਬੇਲਾ ਨਾਮ ਜੀ ਇਕ ਜਗ੍ਹਾ ਹੈ, ਉਥੇ ਸਿਰਫ਼ ਤਪ ਕਰਨ ਵਾਲੇ ਹੀ ਸਾਧੂ ਰਹਿੰਦੇ ਹਨ। ਕੋਈ ਕੱਪੜਾ ਰਿਹਾਇਸ਼ ਦਾ ਕੋਈ ਫ਼ਿਕਰ ਨਹੀਂ, ਤੁਸੀਂ ਉਥੇ ਜਾ ਕੇ ਰਹੋ ਤੇ ਆਪ ਵੀ ਉਥੋਂ ਹੀ ਆ ਰਹੇ ਸਾਂ। ਰਸਤਾਂ ਭੁੱਲ ਕੇ ਇਧਰ ਨੂੰ ਆ ਗਏ। ਬਾਬਾ ਜੀ ਨੇ ਬਚਨ ਕੀਤਾ, ਇਹ ਸੁਣ ਕੇ ਸਾਡੇ ਮਨ ਵਿਚ ਵੀ ਖ਼ਿਆਲ ਥੋੜ੍ਹ ਜਿਹਾ ਆ ਗਿਆ ਕਿ ਉਥੇ ਚੱਲੀਏ। ਖ਼ਿਆਲ ਆਇਆ ਹੀ ਸੀ ਕਿ ਉਸੇ ਸਮੇਂ ਹੀ ਸਾਡੀ ਪਿੱਠ ਉੱਤੇ ਡੰਡਾ ਵੱਜਿਆ ਨਾਲੇ ਆਵਾਜ਼ ਆਈ ਕਿ ਮਿਲਣਾ ਰੱਬ ਨੂੰ ਤੇ ਸੁਨਣੀਆਂ ਬੇਲੇ ਦੀਆਂ ਗੱਲਾਂ, ਉਥੇ ਰੋਟੀ ਦਾ ਫ਼ਿਕਰ ਨਹੀਂ। ਸ੍ਰੀ ਬਾਬਾ ਜੀ ਨੇ ਦੱਸਿਆ ਅਸੀਂ ਆਵਾਜ਼ ਪਛਾਣੀ, ਇਹ ਤਾਂ ਭੁੱਚੋ ਵਾਲੇ ਮਹਾਰਾਜ ਜੀ ਦੀ ਹੈ। ਅਸੀਂ ਉਸੇ ਵੇਲੇ ਹੀ ਜਿਥੇ ਬੈਠੇ ਸੀ, ਭੱਜ ਤੁਰੇ। ਉਹ ਸਾਧੂ ਸਾਡੇ ਵੱਲ ਦੇਖਦੇ ਤੇ ਆਵਾਜ਼ਾਂ ਮਾਰਦੇ ਰਹੇ। ਅਸੀਂ ਇਕ ਨਾ ਸੁਣੀ।

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥**
**ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥**
**ਤਿਉ ਸਤਿਗੁਰੁ ਗੁਰ ਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥**

*(ਗਉੜੀ ਬੈਰਾਗਣ ਮਹਲਾ ੪, ਅੰਗ ੧੬੮)*

ਇਹ ਬਚਨ ਬਾਬਾ ਜੀ ਕਲੇਰਾਂ ਵਾਲਿਆਂ ਤੋਂ ਲੇਖਕ ਦੇ ਪਿਤਾ ਜੀ ਨੇ ਸੁਣਿਆ। ਬਾਬਾ ਜੀ ਨੇ ਦੱਸਿਆ ਜਿਸ ਸਮੇਂ ਅਸੀਂ ਭੁੱਚੋ ਪਹੁੰਚੇ ਸਭ ਤੋਂ ਪਹਿਲਾਂ ਭੁੱਚੋ ਵਾਲਿਆਂ ਨੇ ਬਚਨ ਕੀਤਾ, 'ਸਾ ਕਿਨਣੀਆਂ ਸਾਧ ਬੇਲੇ ਦੀਆਂ ਗੱਲਾਂ' ਅਸੀਂ ਚਰਨਾਂ 'ਤੇ ਡੰਡਉਤਿ ਕਰ ਕੇ ਮਾਫ਼ੀ ਮੰਗੀ, ਮਹਾਰਾਜ ਭੁੱਲ ਹੋ ਗਈ। ਬਚਨ ਕਰਦੇ ਸਨ ਇਸ ਤਰ੍ਹਾਂ ਸਤਿਗੁਰੂ ਸੇਵਕਾਂ ਦੀ ਪਾਲਣਾ ਕਰਦੇ ਸਨ ਤਾਂ ਕਿਤੇ ਜਾ ਕੇ ਪੂਰੀ ਪੈਂਦੀ ਸੀ।

**ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥**
**ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥**

*(ਅੰਗ ੧੩੭੧) (ਸਲੋਕ ਭਗਤ ਕਬੀਰ ਕੇ)*

# ਰਤਨ ਜਵੇਹਰੁ ਲਾਲੁ ਹਰਿ ਨਾਮਾ
# ਗੁਰਿ ਕਾਢਿ ਤਲੀ ਦਿਖਲਾਇਆ॥

*(ਅੰਗ ੬੮੦)*

ਇਕ ਵਾਰ ਬਾਬਾ ਜੀ ਦੁੱਧ ਛਕਣ ਲੱਗੇ ਸਨ, ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲੇ ਹੁਕਮ ਅਨੁਸਾਰ ਖ਼ਜ਼ਾਨੇ ਵਿਚੋਂ ਕੁਝ ਲੈਣ ਚਲੇ ਗਏ ਸਨ। ਇਕ ਭਜਨ ਸਿੰਘ ਨਾਮ ਦਾ ਸੇਵਾਦਾਰ ਹੁਕਮ ਅਨੁਸਾਰ ਕੱਪੜਾ ਲੈ ਕੇ ਝੱਲ ਮਾਰ ਕੇ ਦੁੱਧ ਵਿਚ ਮੱਖੀ ਪੈਣ ਤੋਂ ਉਡਾ ਰਿਹਾ ਸੀ। ਦੁੱਧ ਛਕਦੇ ਸਮੇਂ ਹਜ਼ੂਰ ਨੇ ਇਕ ਦੁੱਧ ਦਾ ਛੋਟਾ ਬਰਤਨ ਭਰ ਕੇ ਜਿਸ ਸਮੇਂ ਮੁੱਖ ਦੇ ਨੇੜੇ ਲੈ ਕੇ ਗਏ ਅਚਾਨਕ ਉਸ ਵਿਚ ਇਕ ਮੱਖੀ ਡਿੱਗ ਪਈ ਤੇ ਉਸ ਸਮੇਂ ਕੱਪੜੇ ਨਾਲ ਝੱਲ ਮਾਰ ਰਹੇ ਭਜਨ ਸਿੰਘ ਦੀ ਨਿਗਾਹ ਪੈ ਗਈ ਤੇ ਉਸੇ ਸਮੇਂ ਹੀ ਭਜਨ ਸਿੰਘ ਨੇ ਆਵਾਜ਼ ਦੇ ਕੇ ਆਖਿਆ, "ਮਹਾਰਾਜ, ਠਹਿਰ ਜਾਉ।" ਹਜ਼ੂਰ ਨੇ ਪੁੱਛਿਆ, "ਕਿਉਂ ਕੀ ਗੱਲ ਹੈ?" ਤਾਂ ਭਜਨ ਸਿੰਘ ਨੇ ਕਿਹਾ, "ਜੀ, ਦੁੱਧ ਵਿਚ ਮੱਖੀ ਡਿੱਗੀ ਹੈ।" ਉਪਰੰਤ ਉਸ ਨੇ ਮੱਖੀ ਕੱਢ ਦਿੱਤੀ ਅਤੇ ਹਜ਼ੂਰ ਨੇ ਦੁੱਧ ਛੱਕ ਲਿਆ। ਹਜ਼ੂਰ ਦੁੱਧ ਛਕਣ ਸਮੇਂ ਦੁੱਧ ਵਿਚ ਰੂਹ-ਕਿਉੜਾ ਸ਼ਰਬਤ ਸੰਦਲ, ਬੀਕਾਨੇਰੀ ਮਿਸ਼ਰੀ ਅਨਾਰਾਂ ਦਾ ਰਸ ਅਤੇ ਮਤੀਰੇ ਦਾ ਪਾਣੀ ਆਦਿਕ ਮਿਲਾ ਕੇ ਕਦੇ-ਕਦੇ ਗੰਗਾ ਜਲ ਵੀ ਮਿਲਾ ਲੈਂਦੇ ਸਨ। ਬਾਬਾ ਜੀ ਨੇ ਦੁੱਧ ਛਕਣ ਉਪਰੰਤ ਹੱਥ ਸਾਫ਼ ਕਰ ਕੇ ਹੁਕਮ ਕੀਤਾ, "ਭਜਨਿਆਂ, ਤੂੰ ਹੱਥ ਪੈਰ ਧੋ ਕੇ ਹਾਜ਼ਰ ਹੋ। ਤੈਨੂੰ ਇਕ ਵਾਰ ਵਿਖਾ ਰਹੇ ਹਾਂ, ਤੂੰ ਵਾਰ-ਵਾਰ ਵੇਖਣ ਦਾ ਹਠ ਨਾ ਕਰੀਂ। ਇਹ ਬਚਨ ਕਰ ਕੇ ਇਹ ਬਚਨ ਲੈ ਕੇ ਹੁਕਮ ਕੀਤਾ। ਹੁਕਮ ਅਨੁਸਾਰ ਭਜਨ ਸਿੰਘ ਹੱਥ ਪੈਰ ਧੋ ਕੇ ਹਾਜ਼ਰ ਹੋ ਗਿਆ ਤੇ ਬੇਨਤੀ ਕੀਤੀ "ਮਹਾਰਾਜ, ਮੈਂ ਹਾਜ਼ਰ ਹਾਂ।" ਫਿਰ ਬਾਬਾ ਜੀ ਨੇ ਬਚਨ ਕੀਤਾ, "ਤੂੰ ਵਾਹਿਗੁਰੁ-ਵਾਹਿਗੁਰੂ ਜਪ ਤੇ ਇਥੇ ਬੈਠ ਜਾ।" ਸਤਿ ਬਚਨ ਕਹਿ ਕੇ ਭਜਨ ਸਿੰਘ ਬੈਠ ਗਿਆ। ਹਜ਼ੂਰ ਨੇ

ਸਿਰ ’ਤੇ ਹੱਥ ਟਿਕਾਇਆ ਤਾਂ ਭਜਨ ਸਿੰਘ ਮਸਤ ਜਿਹਾ ਹੋ ਕੇ ਬੈਠਾ ਰਿਹਾ। ਕੁਝ ਸਮੇਂ ਬਾਅਦ ਬਾਬਾ ਜੀ ਨੇ ਸਿਰ ਤੋਂ ਹੱਥ ਚੁੱਕਿਆ ਤਾਂ ਭਜਨ ਸਿੰਘ ਨੇ ਆਵਾਜ਼ ਦਿੱਤੀ, “ਗਰੀਬ ਨਿਵਾਜ ਇਹ ਕੀ ਕੀਤਾ।” ਬਾਬਾ ਜੀ ਨੇ ਬਚਨ ਕੀਤਾ, “ਭਜਨਿਆ, ਤੂੰ ਦਸ ਤੈਨੂੰ ਪਤਾ ਲੱਗਾ ਕਿ ਸੰਸਾਰ ਕਿਥੇ ਹੈ ਤੇ ਮੈਂ ਕਿਥੇ ਹਾਂ।” ਭਜਨ ਸਿੰਘ ਨੇ ਬੇਨਤੀ ਕੀਤੀ, “ਮਹਾਰਾਜ, ਮੈਨੂੰ ਤਾਂ ਇਉਂ, ਲੱਗਾ ਜਿਵੇਂ ਮੇਰੇ ਕੋਲ ਕਰੋੜਾਂ ਹੀ ਸੂਰਜ ਅਤੇ ਚੰਦ ਚੜ੍ਹ ਗਏ ਹੋਣ । ਫਿਰ ਬਚਨ ਕੀਤਾ, “ਤੈਨੂੰ ਮੱਖੀ ਦਿੱਸੀ ?” ਤਾਂ ਭਜਨ ਸਿੰਘ ਨੇ ਕਿਹਾ, “ਜੀ, ਨਹੀਂ।” ਬਾਬਾ ਜੀ, “ਭਜਨਿਆਂ, ਅਸੀਂ ਤਾਂ ਹਰ ਵੇਲੇ ਇਥੇ ਬੈਠੇ ਹਾਂ, ਸਾਨੂੰ ਮੱਖੀ ਦਾ ਕਿਵੇਂ ਪਤਾ ਲੱਗੇ, ਅਖ਼ੀਰ ’ਤੇ ਬਚਨ ਕੀਤਾ, “ਤੁਸੀਂ ਤਕੜੇ ਹੋ ਕੇ ਸੇਵਾ ਕਰੋ ਤੁਹਾਨੂੰ ਸਭ ਨੂੰ ਇਥੇ ਪਹੁੰਚਾਉਣਾ ਸਾਡਾ ਕੰਮ ਹੈ । ਸਮਾਂ ਆਉਣ ’ਤੇ ਸਭ ਕੁਝ ਹੋਏਗਾ।” ਬਾਬਾ ਜੀ ਕਲੇਰਾਂ ਵਾਲਿਆਂ ਪਾਸ ਕਵੀ ਸੀ, ਨਾਮ ਉਸ ਦਾ ਮਧੂਸੂਦਨ ਸਿੰਘ ਸੀ, ਪਰੰਤੂ ਬਾਬਾ ਜੀ ਕਵੀ ਜੀ ਕਹਿ ਕੇ ਬੁਲਾਉਂਦੇ ਸਨ। ਉਹਨਾਂ ਦੇ ਇਕ ਵਾਰ ਦਿੱਲੀ ਰਹਿਣ ਸਮੇਂ ਕੁਝ ਸੰਗੀ ਹੋਰ ਵੀ ਸਨ, ਵਿਚ ਦਾਸ ਲਿਖਾਰੀ ਵੀ ਸੀ, ਕਵੀ ਜੀ ਨੇ ਦੱਸਿਆ ਕਿ ਮੈਂ ਪਹਿਲਾਂ ਬਾਬਾ ਜੀ ਪਾਸ ਕਲੇਰੀਂ ਆਇਆ ਸੀ, ਇਕ ਸਮੇਂ ਕਵੀ ਜੀ ਨੂੰ ਬਾਬਾ ਜੀ ਨੇ ਬਚਨ ਕੀਤਾ, “ਕਵੀ ਜੀ ਸਾਡੀ ਪੱਗ ਫੜਾਈਂ।” ਕਵੀ ਜੀ ਨੇ ਹੁਕਮ ਅਨੁਸਾਰ, ਜਿਸ ਸਮੇਂ ਬਾਬਾ ਜੀ ਨੂੰ ਪੱਗ ਫੜਾਉਣ ਲਈ ਲਾਹੀ ਹੋਈ ਪੱਗ ਨੂੰ ਹੱਥ ਲਾਇਆ ਤਾਂ ਕਵੀ ਜੀ ਦੀ ਹਾਲਤ ਵੀ ਉਹਨਾਂ ਦੇ ਦੱਸਣ ਅਨੁਸਾਰ ਕੁਝ ਐਸੀ ਹੀ ਹੋ ਗਈ ਸੀ। ਜਿਤਨੇ ਵੀ ਬਾਬਾ ਅਨੰਦ ਸਿੰਘ ਜੀ ਦੇ ਨਿਕਟ ਵਰਤੀ ਸੇਵਕ ਸਨ ਸਭ ਨੂੰ ਐਸਾ ਜਲਵਾ ਕ੍ਰਿਪਾ ਦ੍ਰਿਸ਼ਟੀ ਦੁਆਰਾ ਵਿਖਾ ਕੇ ਹੀ ਸੰਗਤ ਵਿਚ ਰੱਖਿਆ ਸੀ ਤੇ ਫਿਰ ਉਹਨਾਂ ਦਾ ਮਨ ਕਿਵੇਂ ਡੋਲ ਜਾਏ, ਅਖ਼ੀਰ ਤਕ ਨਹੀਂ ਡੋਲੇ।

# ਜਹ ਅਬਿਗਤੁ ਭਗਤੁ ਤਹ ਆਪਿ ॥
# ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥

*(ਅੰਗ ੨੯੨)*

ਇਕ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਆਪਣੇ ਸਾਈਂ ਰੰਗ ਰੱਤੇ ਸਦਾ ਵਾਂਗੂ ਆਸਣ ਉੱਤੇ ਬਿਰਾਜੇ ਹੋਏ ਸਨ। ਸਮੁੰਦਰ ਸਦਾ ਵਾਂਗ ਭਰਿਆ ਤੇ ਗੰਭੀਰ ਵੀ ਹੈ। ਜਿਸ ਤਰ੍ਹਾਂ ਸਮੁੰਦਰ ਵਿਚ ਉਛਾਲਾਂ ਆਉਣ ਸਮੇਂ ਹੋਰ ਵੀ ਗੰਭੀਰ ਹੋ ਜਾਂਦਾ ਹੈ, ਅਚਾਨਕ ਬਚਨ ਕੀਤਾ, "ਕੋਈ ਹਾਜ਼ਰ ਹੈ ?" ਠੀਕ ਉਸੇ ਸਮੇਂ ਬੈਠੀ ਹੋਈ ਸੰਗਤ ਵਿਚੋਂ ਭਜਨ ਸਿੰਘ ਨਾਮ ਦਾ ਸੇਵਾਦਾਰ ਹੈ ਜੋ ਬਾਬਾ ਜੀ ਦੇ ਹਜ਼ੂਰ ਬੈਠਾ ਸੀ, ਨੇ ਬੇਨਤੀ ਕੀਤੀ ਹਜ਼ੂਰ ਭਜਨ ਸਿੰਘ ਹਾਜ਼ਰ ਹੈ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਹੋਰ ਕੌਣ-ਕੌਣ ਹਾਜ਼ਰ ਹੈ। ਸਭ ਦੇ ਨਾਮ ਗਿਣੋ।" ਉਪਰੰਤ ਭਜਨ ਸਿੰਘ ਨੇ ਹੁਕਮ ਅਨੁਸਾਰ ਨਾਮ ਲੈਣੇ ਸ਼ੁਰੂ ਕਰ ਦਿੱਤੇ। ਇਕ ਮਾਈ ਖੇਮੀ ਜੰਡਾਂ ਵਾਲੇ ਵਾਲੀ ਡਰੋਲੀ ਵਾਲੀ ਬੀਬੀ ਜੈ ਕੌਰ, ਦਾਤਾਰ ਕੌਰ ਠਾਣੇਦਾਰਨੀ ਨੀਲਾ ਸਿੰਘ, ਭਾਈ ਕਪੂਰ ਸਿੰਘ ਰਹਰਾਸੀਆ, ਮੰਗਲ ਸਿੰਘ ਤੁੰਗਵਾਲੀ ਇਤਨੇ ਹਾਜ਼ਰ ਹਨ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਫਿਰ ਬਚਨ ਕੀਤਾ ਕਿ ਤੁਸੀਂ ਭਗਤਾਂ ਦੇ ਦਰਸ਼ਨ ਕਰਨੇ ਹਨ ਕਿ ਦੇਵਤਿਆਂ ਦੇ। ਭਜਨ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਸਭ ਦੇ ਕਰਾ ਦਿਉ। ਬਾਬਾ ਜੀ ਨੇ ਬਚਨ ਕੀਤਾ, ਸਭ ਦੇ ਨਹੀਂ ਹੋ ਸਕਦੇ, ਤੇਰੀ ਮਰਜ਼ੀ ਨਹੀਂ ਚੱਲਣੀ। ਉਪਰੰਤ ਭਜਨ ਸਿੰਘ ਨੇ ਬੇਨਤੀ ਕੀਤੀ, ਮਹਾਰਾਜ, ਕ੍ਰਿਪਾ ਕਰੋ ਸਭ ਦੇ ਹੀ ਕਰਾ ਦਿਉ ਸਾਡੀ ਤਾਂ ਇਹੋ ਬੇਨਤੀ ਹੈ। ਬਾਬਾ ਜੀ ਨੇ ਹੁਕਮ ਕੀਤਾ, "ਅੱਛਾ, ਪਹਿਲਾਂ ਮੂਲ ਮੰਤਰ ਦਾ ਪਾਠ ਕਰੋ, ਫਿਰ ਭਗਤਾਂ ਦੀ ਬਾਣੀ ਵਿਚੋਂ ਸ਼ਬਦ ਜਾਂ ਸਲੋਕ ਪੜ੍ਹੋ।" ਹੁਕਮ ਅਨੁਸਾਰ ਕਰਨ ਬਾਅਦ ਕੀ ਵੇਖਦੇ ਹਨ ਕਿ ਬਾਬਾ ਜੀ ਦੇ ਆਸਣ ਦੇ ਆਸੇ-ਪਾਸੇ ਇਕ ਪਾਸੇ ਚਿੱਟਾ ਤੇ ਲਾਲ ਰੰਗ ਦੀ ਝਲਕ ਵਾਲਾ ਪ੍ਰਕਾਸ਼

ਹੀ ਪ੍ਰਕਾਸ਼ ਹੋ ਗਿਆ ਹੈ। ਉਪਰੰਤ ਬਾਬਾ ਜੀ ਦੇ ਸੱਜੇ ਪਾਸੇ ਅਣਗਿਣਤ ਹੀ ਅਸਚਰਜ ਰੂਪ ਵਾਲੇ ਬੈਠੇ ਹਨ। ਮਨਮੋਹਣੀ ਸੁਗੰਧੀ ਫੈਲ ਰਹੀ ਹੈ। ਅਨੇਕ ਰੰਗ ਬਹੁ ਤਰੰਗ ਸਰਬ ਕੋ ਧਨੀ ਵਾਲਾ ਨਜ਼ਾਰਾ ਬਣ ਗਿਆ ਹੈ। ਹਜ਼ੂਰ ਨੇ ਬਚਨ ਕੀਤਾ, "ਕਿਉਂ ਕੀ ਦਿਸ ਰਿਹਾ ਹੈ।" ਤਾਂ ਜੋ ਕੁਝ ਦਿਸ ਰਿਹਾ ਸੀ ਸੇਵਕਾਂ ਨੇ ਬੇਨਤੀ ਕਰ ਦਿੱਤੀ। ਬਚਨ ਕੀਤਾ, "ਸ਼ੁੱਧ ਹੈ।" ਉਪਰੰਤ ਅੱਖ ਦੇ ਪਲਕਾਰੇ ਵਿਚ ਸਭ ਕੁਝ ਅਲੋਪ ਹੋ ਗਿਆ ਫਿਰ ਬਚਨ ਕੀਤਾ, "ਤੁਹਾਡੇ ਕੋਲੋਂ ਪਹਿਲੀ ਪਉੜੀ ਦਾ ਜਾਪ ਇਸ ਲਈ ਕਰਵਾਇਆ ਸੀ ਕਿ ਹੁਣ ਸਮਾਂ ਗੁਰੂ ਨਾਨਕ ਦਾ ਹੈ, ਆਸਣ ਨਿਸ਼ਾਨ ਵੀ ਗੁਰੂ ਨਾਨਕ ਹੀ ਹੈ, ਭਗਤਾਂ ਦੇ ਦਰਸ਼ਨ ਕਰਾਉਣ ਕਰਕੇ ਭਗਤਾਂ ਦੀ ਬਾਣੀ ਤੁਹਾਨੂੰ ਪੜ੍ਹਾਈ, ਦੇਵਤਿਆਂ ਦੇ ਤੇ ਭਗਤਾਂ ਦੇ ਦਰਸ਼ਨ ਹੋਏ।

ਫਿਰ ਭਜਨ ਸਿੰਘ ਨੇ ਬੇਨਤੀ ਕੀਤੀ, ਫਿਰ ਮਹਾਰਾਜ ਦੇਵਤਿਆਂ ਦਾ ਪ੍ਰਕਾਸ਼ ਬੜਾ ਹੁੰਦਾ ਸੁਣਿਆ ਹੈ ਤਾਂ ਬਚਨ ਕੀਤਾ, "ਜੇ ਇਕੱਲੇ ਦੇਵਤੇ ਹੋਣ ਤਾਂ ਹੁੰਦਾ ਹੈ। ਇਥੇ ਸਾਡੇ ਸਾਹਮਣੇ ਨਾਨਕ ਦੀ ਕ੍ਰਿਪਾ ਹੈ। ਫਿਰ ਬਚਨ ਕੀਤਾ ਦੇਵਤਿਆਂ ਦਾ ਲਾਲ ਇਸ ਕਰਕੇ ਹੈ, ਉਥੇ ਮਾਇਆ ਹੁੰਦੀ ਹੈ। ਗੁਰਵਾਕ ਹੈ:

**ਮਾਇਆ ਅੰਤਰਿ ਭੀਨੇ ਦੇਵ**

*(ਅੰਗ ੧੧੬੦)*

ਭਗਤਾਂ ਵਿਚ ਮਾਇਆ ਨਹੀਂ ਹੁੰਦੀ, ਭਗਤ ਮਾਇਆ ਤੋਂ ਰਹਿਤ ਹੁੰਦੇ ਹਨ।

*(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)*

# ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ॥

*(ਅੰਗ ੩੪੯)*

ਬਾਬਾ ਜੀ ਕਿਸੇ ਉੱਤੇ ਆਪ ਕ੍ਰਿਪਾ ਕਰਦੇ। ਕਿਸੇ ਉੱਤੇ ਕਿਸੇ ਸੇਵਾਦਾਰ ਦੇ ਰਾਹੀਂ। ਹਜ਼ੂਰ ਦਾ ਹਰ ਬਚਨ ਬੜਾ ਅਸਚਰਜਤਾ ਵਾਲਾ ਹੁੰਦਾ ਸੀ। ਕਿਸੇ ਸਮੇਂ ਇਕ ਮੁਸਲਮਾਨ ਫ਼ਕੀਰ ਬਾਬਾ ਜੀ ਪਾਸ ਆਉਂਦਾ ਅਤੇ ਬਾਬਾ ਜੀ ਦੇ ਆਸਣ ਤੋਂ ਦੂਰ ਕਰੀਰਾਂ ਵਿਚ ਖਲੋ ਕੇ ਉੱਚੀ-ਉੱਚੀ ਆਵਾਜ਼ ਵਿਚ ਕੁਝ ਬੋਲਦਾ ਅਤੇ ਆਪੇ ਹੀ ਬੋਲ ਕੇ ਚਲਾ ਜਾਂਦਾ। ਕੁਝ ਦਿਨ ਤਾਂ ਕਿਸੇ ਨੇ ਕੋਈ ਧਿਆਨ ਨਾ ਦਿੱਤਾ। ਇਹ ਬੋਲਦਾ ਵੀ ਬਹੁਤਾ ਸਾਫ਼ ਨਹੀਂ ਸੀ, ਤੋਤਲੀ ਜਿਹੀ ਜ਼ਬਾਨ ਵਿਚ ਹੀ ਕੁਝ ਆਖਦਾ ਅਤੇ ਚਲਾ ਜਾਂਦਾ। ਇਕ ਦਿਨ ਦੋ ਸੇਵਾਦਾਰ ਨਗਰ ਵਿਚ ਆਏ ਅਤੇ ਉਹਨਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ, ਮਹਾਰਾਜ ਇਹ ਕੀ ਬੋਲਦਾ ਹੈ। ਇਸ ਨੂੰ ਹਟਾਈਏ। ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ। ਇਸ ਨੂੰ ਹਟਾ ਕੇ ਡਰਾ ਕੇ ਭਜਾ ਦਿਉ ਪਰ ਮਾਰਨਾ ਨਹੀਂ।" ਉਪਰੰਤ ਭਾਈ ਚੰਦਾ ਸਿੰਘ ਆਦਿ ਸੇਵਾਦਾਰਾਂ ਨੇ ਡਰਾਇਆ ਅਤੇ ਉਹ ਇਹਨਾਂ ਦੇ ਅੱਗੇ ਭੱਜ ਤੁਰਿਆ। ਅੱਗੇ ਖੇਤਾਂ ਵਿਚ ਉਸ ਸਮੇਂ ਡੂੰਮੇ ਹੁੰਦੇ ਸਨ, ਉਹਨਾਂ ਨਾਲ ਹੀ ਡਰਾ ਕੇ ਭਜਾ ਕੇ ਛੱਡ ਆਏ। ਮੁੜ ਬਾਬਾ ਜੀ ਕੋਲ ਆ ਬੇਨਤੀ ਕਰ ਦਿੱਤੀ, ਮਹਾਰਾਜ, ਹੁਕਮ ਅਨੁਸਾਰ ਬਠਿੰਡੇ ਦੇ ਨੇੜੇ ਛੱਡ ਆਏ ਹਾਂ। ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ, ਉਹ ਆਪਣਾ ਕੰਮ ਕਰ ਗਿਆ, ਤੁਸੀਂ ਆਪਣਾ ਕੰਮ ਕਰ ਲਿਆ।" ਉਪਰੰਤ ਇਸ ਵਿਚ ਕੀ ਭੇਦ ਸੀ, ਨਾ ਕਿਸੇ ਨੇ ਪੁੱਛਿਆ ਨਾ ਬਾਬਾ ਜੀ ਨੇ ਕੋਈ ਬਚਨ ਕੀਤਾ।

*(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਪਾਸੋਂ ਮਿਲਿਆ।)*

# ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ॥

*(ਅੰਗ ੧੧੦੨)*

ਭਾਈ ਰਤਨ ਸਿੰਘ ਡਰੋਲੀ ਹੋਰਾਂ ਨੇ ਦੱਸਿਆ ਕਿ ਅਸੀਂ ਇਕ ਵਾਰ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸੇਵਾ ਕਰ ਰਹੇ ਸੀ। ਇਕ ਪੰਡਿਤ ਜਿਸਨੇ ਮੱਥੇ ਉੱਤੇ ਤਿਲਕ ਲਗਾਇਆ ਹੋਇਆ, ਇਕ ਛੋਟੀ ਜਿਹੀ ਪੁਸਤਕ ਉਸ ਦੇ ਪਾਸ ਰੁਮਾਲ ਵਿਚ ਲਪੇਟੀ ਹੋਈ, ਬਾਬਾ ਜੀ ਪਾਸ ਆ ਕੇ ਹਰਿ-ਹਰਿ ਬੋਲ ਕੇ ਖੜਾ ਹੋ ਗਿਆ। ਹਜ਼ੂਰ ਨੇ ਬਚਨ ਕੀਤਾ, "ਪੰਡਿਤ ਜੀ, ਬੈਠੋ।" ਫਿਰ ਬਚਨ ਕੀਤਾ, "ਦਰਸ਼ਨ ਹੈ ਕਿ ਪ੍ਰਸ਼ਨ ?" ਉਸ ਨੇ ਕਿਹਾ ਮੇਰੇ ਪ੍ਰਸ਼ਨ ਦਾ ਜਵਾਬ ਤੁਸੀਂ ਦੇਵੋਗੇ। ਇਤਨਾ ਕੁਝ ਕਹਿ ਕੇ ਪੰਡਿਤ ਬੈਠ ਗਿਆ ਅਤੇ ਹੱਥ ਵਾਲੀ ਪੁਸਤਕ ਦਾ ਰੁਮਾਲ ਖੋਲ੍ਹਣ ਲੱਗ ਪਿਆ ਫਿਰ ਅਜੇ ਪੁਸਤਕ ਉਸ ਨੇ ਖੋਲ੍ਹ ਕੇ ਪੜ੍ਹਨੀ ਆਰੰਭ ਨਹੀਂ ਸੀ ਕੀਤੀ ਕਿ ਬਾਬਾ ਜੀ ਉਸ ਸਮੇਂ ਲੇਟੇ ਹੋਏ ਸਨ, ਫਿਰ ਹਜ਼ੂਰ ਉੱਠ ਕੇ ਬੈਠ ਗਏ, ਆਪਣੇ ਮੰਜੇ ਦੇ ਚਰਨਾਂ ਵਾਲੇ ਪਾਸੇ ਤੋਂ ਕੱਪੜਾ ਚੁੱਕਿਆ, ਹੇਠੋਂ ਕਾਗ਼ਜ਼ ਕੱਢ ਕੇ ਉਸ ਪੰਡਿਤ ਵੱਲ ਸੁੱਟੇ ਤੇ ਬਚਨ ਕੀਤੇ, "ਲਉ ਪੰਡਿਤ ਜੀ, ਤੁਸੀਂ ਪੜ੍ਹਨ ਦੀ ਔਖਿਆਈ ਨਾ ਕਰੋ ਤੇ ਪਹਿਲਾਂ ਆਪਣੇ ਪ੍ਰਸ਼ਨ ਦਾ ਉੱਤਰ ਪੜ੍ਹ ਲਉ।" ਪੰਡਿਤ ਨੇ ਕਾਗ਼ਜ਼ ਫੜ ਲਿਆ, ਪੜ੍ਹਨ ਤੋਂ ਪਹਿਲਾਂ ਲਿਖਤ ਦੇਖਣ ਸਾਰ ਹੀ ਬੋਲ ਪਿਆ, ਕਿ ਐਹੋ ਜਿਹੀ ਲਿਖਤ ਤਾਂ ਮੇਰੇ ਵਿਦਿਆ ਗੁਰੂ ਦੀ ਹੁੰਦੀ ਸੀ। ਉਸ ਤੋਂ ਬਾਅਦ ਮੈਂ ਇਥੇ ਵੇਖੀ ਹੈ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਪੰਡਿਤ ਜੀ, ਤੇਰੇ ਆਉਣ ਤੋਂ ਕੁਝ ਚਿਰ ਪਹਿਲਾਂ ਤੇਰਾ ਗੁਰੂ ਵੀ ਇਥੇ ਆ ਕੇ ਗਿਆ ਹੈ।" ਹੈਰਾਨ ਹੋ ਕੇ ਉਸ ਨੇ ਕਿਹਾ, "ਜੀ, ਮੇਰੇ ਵਿਦਿਆ ਗੁਰੂ ਨੂੰ ਤਾਂ ਸਵਰਗਵਾਸ ਹੋਏ ਨੂੰ ਸੱਤਰ ਸਾਲ ਹੋ ਗਏ ਹਨ, ਇਥੇ ਕਿਵੇਂ ਆ ਗਿਆ ?" ਹਜ਼ੂਰ ਨੇ ਬਚਨ ਕੀਤਾ, "ਇਥੇ ਆਪਣਾ ਦੁੱਖ ਹਟਾਉਣ

ਆਇਆ ਸੀ।" ਉਸ ਨੇ ਪੁੱਛਿਆ, "ਜੀ ਕਿਹੜਾ ਦੁੱਖ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, ਆਪਣੇ ਸੱਜੇ ਹੱਥ ਦਾ ਦੁੱਖ। ਉਪਰੰਤ ਬਚਨ ਕੀਤਾ, "ਬਾਲਿਆ, ਆਪਣੇ ਚੁੱਲ੍ਹੇ ਦੇ ਮਗਰ ਕਰੀਰ ਉੱਤੇ ਇਕ ਲੀਰ ਬੰਨ੍ਹੀ ਹੈ, ਲਿਆ।" ਸੰਤ ਨਰੈਣ ਸਿੰਘ ਜੀ ਹੁਕਮ ਅਨੁਸਾਰ ਟਿੱਲੇ ਦੇ ਪਿੱਛੇ ਗਏ ਤੇ ਇਕ ਮੈਲੀ ਜਿਹੀ ਲੀਰ ਲੈ ਆਏ। ਫਿਰ ਪੰਡਿਤ ਨੇ ਵੀ ਵੇਖੀ ਤੇ ਸਿਰ ਨਿਵਾ ਕੇ ਬੋਲਿਆ, ਮਹਾਰਾਜ, ਸਤਿ ਹੈ, ਸਤਿ ਹੈ। ਉਪਰੰਤ ਹਜ਼ੂਰ ਨੇ ਬਚਨ ਕੀਤਾ, "ਤੇਰਾ ਗੁਰੂ ਇਕ ਕਿਸੇ ਸੰਤ ਨਾਲ ਚਰਚਾ ਕਰ ਰਿਹਾ ਸੀ, ਤੇਰੇ ਗੁਰੂ ਨੇ ਸੱਜੇ ਹੱਥ ਨਾਲ ਸੰਤਾਂ ਦੇ ਧੱਫਾ ਮਾਰ ਦਿੱਤਾ, ਉਹਨਾਂ ਨੇ ਬਚਨ ਕੀਤਾ, ਤੇਰਾ ਹੱਥ ਫਿੱਟ ਜਾਵੇ। ਉਹ ਮਹਾਂ ਪੁਰਖ ਸੀ, ਇਹ ਬਚਨ ਸਤਿ ਹੋ ਗਿਆ। ਉਸ ਦਾ ਹੱਥ ਗਲ ਗਿਆ ਇਸੇ ਤਰ੍ਹਾਂ ਮਰ ਗਿਆ। ਹੁਣ ਉਹ ਰਾਜ਼ੀ ਹੋ ਕੇ ਗਿਆ ਹੈ। ਉਪਰੰਤ ਪੰਡਿਤ ਨੇ ਚਰਨਾਂ ਨੂੰ ਹੱਥ ਲਾਉਣ ਦੀ ਆਗਿਆ ਮੰਗੀ ਹਜ਼ੂਰ ਨੇ ਬਚਨ ਕੀਤਾ, "ਨਹੀਂ, ਤੂੰ ਜਗਤ ਗੁਰੂ ਹੈਂ ਤੈਨੂੰ ਹੁਕਮ ਨਹੀਂ, ਪਰ ਤੂੰ ਕੁਝ ਮੰਗ ਲੈ।" ਉਸ ਨੇ ਝੋਲੀ ਅੱਡ ਕੇ ਕਿਹਾ ਜੀ ਜੋ ਦੇਣਾ ਹੈ ਦੇ ਦਿਉ ਤਾਂ ਬਚਨ ਕੀਤਾ, "ਸ਼ੁੱਧ ਹੈ। ਤੂੰ ਵਿਸ਼ਨੂੰ ਭਗਵਾਨ ਦਾ ਉਪਾਸ਼ਕ ਹੈਂ ਤੇ ਉਹਨਾਂ ਦੀ ਉਪਾਸਨਾ ਕਰਿਆ ਕਰ। ਮੰਗਣਾ ਖਾਣਾ ਚਰਚਾ ਕਰਨੀ ਛੱਡ ਦੇ।" ਉਪਰੰਤ ਉਸ ਨੇ ਸਿਰ ਨਿਵਾ ਕੇ ਸਤਿ ਬਚਨ ਕੀਤਾ ਤੇ ਚਲਾ ਗਿਆ।

*(ਇਹ ਪ੍ਰਸੰਗ ਪਿਤਾ ਜੀ ਪਾਸੋਂ ਮਿਲਿਆ।)*

## ਸੰਤ ਕਾ ਸੰਗੁ ਵਡਭਾਗੀ ਪਾਈਐ ॥
## ਸੰਤ ਕੀ ਸੇਵਾ ਨਾਮੁ ਧਿਆਈਐ ॥

*(ਅੰਗ ੨੬੫)*

ਇਕ ਤਾਂ ਹੁੰਦੀ ਹੈ ਸੁਮੱਤ, ਦੂਜੀ ਹੁੰਦੀ ਹੈ ਸਹਾਇਤਾ। ਲੇਖਕ ਦੀ ਸਮਝ ਅਨੁਸਾਰ ਦੋਨੋ ਵੇਖਣ ਨੂੰ ਅੱਡ-ਅੱਡ ਹਨ ਪਰ ਵਿਚੋਂ ਇਕ ਗੱਲ ਹੈ। ਇਕ ਸਮੇਂ ਦਾ ਜ਼ਿਕਰ ਹੈ। ਭਾਈ ਰਤਨ ਸਿੰਘ ਜੀ ਡਰੋਲੀ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੂੰ ਪੱਖੇ ਦੀ ਸੇਵਾ ਕਰ ਰਹੇ ਸਨ ਤੇ ਬਾਬਾ ਜੀ ਨੇ ਬਚਨ

ਕੀਤਾ ਕਿ ਤੁਹਾਡਾ ਦੋਹਾਂ ਜੀਆਂ ਦਾ ਸੇਵਾ ਕਰਨ ਤੋਂ ਬਿਨਾਂ ਨਿੱਤਨੇਮ ਕਿੰਨਾ ਕੁ ਹੈ ? ਤਾਂ ਅੱਗੋਂ ਬੇਨਤੀ ਕੀਤੀ, ਮਹਾਰਾਜ ਅਸੀਂ ਦੋਵੇਂ ਜਪੁ ਜੀ ਸਾਹਿਬ ਦੇ ਪੈਂਤੀ-ਪੈਂਤੀ ਪਾਠ ਕਰਦੇ ਹਾਂ। ਅੱਗੋਂ ਬਚਨ ਕੀਤਾ, "ਇਹ ਤਾਂ ਜਮਾਂ ਹੀ ਥੋੜ੍ਹੇ ਹਨ। ਪੂਰੇ ਕਰਨ ਪਿੱਛੋਂ ਸਾਰਾ ਦਿਨ ਵਿਹਲੇ ਕੀ ਕਰਦੇ ਹੋ ?" ਕੁਝ ਦੇਰ ਚੁੱਪ ਰਹਿਣ ਪਿੱਛੋਂ ਬਚਨ ਕੀਤਾ, "ਤਕੜੇ ਹੋ ਕੇ ਚੱਕੀ ਝੋਇਆ ਕਰੋ।" ਭਾਵ ਕਿ ਨਿੱਤਨੇਮ ਵਧਾਉ। ਫਿਰ ਬਚਨ ਕੀਤਾ, "ਤੂੰ ਹੁਣ ਪੱਖਾ ਕਰ ਤੇ ਨਾਲ-ਨਾਲ ਪਾਠ ਸੁਣਾ ਤੇ ਤੇਰੇ ਨਾਲ ਤੇਰੇ ਘਰੋਂ ਦੇਵੀ ਵੀ ਕਰੇ।" ਹੁਕਮ ਅਨੁਸਾਰ ਇਵੇਂ ਹੀ ਕੀਤਾ। ਇਕ ਪਾਠ ਪੂਰਾ ਕਰਨ ਪਿੱਛੋਂ ਹੁਕਮ ਕੀਤਾ, "ਸ਼ੁੱਧ ਹੈ, ਤਕੜੇ ਹੋ ਕੇ ਨਿਤਨੇਮ ਕਰੋ।" ਇਸ ਤੋਂ ਬਾਅਦ ਜੋ ਕੁਝ ਅਨੁਭਵ ਕੀਤਾ, ਦੱਸਿਆ ਹੈ ਪਰ ਕਹਿਣ ਕਥਨ ਤੋਂ ਬਾਹਰ ਗੁਰੂ ਵਾਕ ਹੈ ***ਜੋ ਪੇਖੈ ਤਿਸੁ ਬਨਿ ਆਵੈ।*** ਇਸ ਤੋਂ ਉਪਰੰਤ ਸੇਵਾ ਤੇ ਸਿਮਰਨ ਸੰਗੀ ਸਾਥੀ ਬਣ ਗਏ। ਕਈ ਵਾਰ ਕਿਤੇ ਨਿਤਨੇਮ ਕਰਨ ਸਮੇਂ ਕੋਈ ਕਮੀ ਆਉਣੀ ਤਾਂ ਉਸ ਸਮੇਂ ਸਾਵਧਾਨ ਕਰ ਦੇਣਾ ਤਾਂ ਗਿਣਤੀ ਰੋਜ਼ਾਨਾ ਨਿਯਮ ਅਨੁਸਾਰ ਘਟਣ ਨਹੀਂ ਦੇਣੀ ਤਾਂ ਬਾਬਾ ਜੀ ਦੀ ਕ੍ਰਿਪਾ ਨਾਲ ਸੱਤਰ-ਸੱਤਰ ਪਾਠ ਰੋਜ਼ਾਨਾ ਜਪੁ ਜੀ ਸਾਹਿਬ ਦੇ ਕਰਦੇ ਸਨ।

## 31

ਇਕ ਵਾਰ ਇਥੇ ਸੰਤਾਂ ਦਾ ਅਖਾੜਾ ਆ ਗਿਆ। ਹੁਕਮ ਅਨੁਸਾਰ ਟਿੱਲੇ ਦੇ ਪਿੱਛੇ ਪਾਸੇ ਉਤਾਰਾ ਹੋ ਗਿਆ। ਉਹਨਾਂ ਪਾਸ ਹਾਥੀ ਸਨ। ਪਿੱਪਲਾਂ ਦੇ ਹੇਠ ਹੁਕਮ ਨਾਲ ਬੰਨ੍ਹ ਦਿੱਤੇ ਗਏ। ਪਿੰਡ ਵਿਚੋਂ ਵਾਰੀ-ਵਾਰੀ ਨਿਉਂਦਾ ਆਉਣਾ ਆਰੰਭ ਹੋ ਗਿਆ। ਫਿਰ ਇਕ ਦੋ ਦਿਨ ਉਪਰੰਤ ਉਹਨਾਂ ਨੇ ਆਗਿਆ ਮੰਗੀ। ਬਾਬਾ ਜੀ ਨੇ ਬਚਨ ਕੀਤਾ ਅਜੇ ਤਾਂ ਸਾਡੀ ਮਰਿਆਦਾ ਹੀ ਨਹੀਂ ਹੋਈ। ਪੂਰੀ ਕਰ ਕੇ ਤੋਰਾਂਗੇ। ਕਈ ਵਾਰ ਉਹਨਾਂ ਨੇ ਆਗਿਆ ਮੰਗੀ ਹਰ ਵਾਰ ਇਹੋ ਹੀ ਬਚਨ ਕਰਦੇ ਰਹੇ ਅੰਤ ਨੂੰ ਜਾਣ ਦੀ ਤਿਆਰੀ ਕਰ ਕੇ ਆਗਿਆ ਲੈਣ ਆਉਣ ਦੀ ਤਿਆਰੀ ਵਿਚ ਸਨ। ਉਹਨਾਂ ਦਾ ਇਕ ਹਾਥੀ ਖੁੱਲ੍ਹ ਕੇ ਅਚਾਨਕ ਹੀ ਕਿਤੇ ਭੱਜ ਗਿਆ। ਰੌਲਾ ਸੁਣ ਕੇ ਬਾਬਾ

ਜੀ ਨੇ ਸੇਵਾਦਾਰ ਭੇਜਿਆ ਕਿ ਜ਼ਰਾ ਪਤਾ ਕਰੋ ਰੌਲਾ ਕਿਸ ਗੱਲ ਦਾ ਹੈ। ਸੇਵਾਦਾਰ ਨੇ ਪਤਾ ਕਰ ਕੇ ਬੇਨਤੀ ਕੀਤੀ, ਜੀ ਉਹਨਾਂ ਦਾ ਹਾਥੀ ਕਿਤੇ ਖੁੱਲ੍ਹ ਗਿਆ ਹੈ ਪਤਾ ਨਹੀਂ ਲੱਗ ਰਿਹਾ ਕਿ ਕਿਥੇ ਚਲਾ ਗਿਆ ਹੈ। ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ ਇਹ ਸੰਤ ਵੀ ਜਾਣ ਦੀ ਕਾਹਲੀ ਵਿਚ ਸਨ। ਹਾਥੀ ਕਿਤੇ ਨਹੀਂ ਗਿਆ ਆਪੇ ਆ ਜਾਏਗਾ।" ਉਪਰੰਤ ਬੜੇ ਨਿਰਾਸ਼ ਹੋਏ। ਹੁਕਮ ਅਨੁਸਾਰ ਸ਼ਾਮ ਨੂੰ ਹਾਥੀ ਵਾਪਸ ਆ ਗਿਆ। ਲਗਾਤਾਰ ਕਈ ਦਿਨ ਇਸੇ ਤਰ੍ਹਾਂ ਹੋਇਆ ਫਿਰ ਉਹਨਾਂ ਨੇ ਆਗਿਆ ਮੰਗਣੀ ਛੱਡ ਦਿੱਤੀ। ਕੁਝ ਸਮੇਂ ਬਾਅਦ ਆਪ ਹੀ ਛੁੱਟੀ ਦੇ ਦਿੱਤੀ। ਇਸ ਤਰ੍ਹਾਂ ਕਈ ਮੱਤਾਂ ਦੇ ਸਾਧੂ ਵਾਰ-ਵਾਰ ਆਏ। ਅਖ਼ੀਰ ਨੂੰ ਆਉਣਾ ਛੱਡ ਦਿੱਤਾ।

## ਸਰਬ ਕਲਾ ਭਰਪੂਰੁ ਦਿਸੈ ਜਤ ਕਤਾ॥

*(ਅੰਗ ੯੬੫)*

ਇਕ ਸਮੇਂ ਇਕ ਪੰਡਿਤ ਬਾਬਾ ਜੀ ਦੇ ਦਰਸ਼ਨ ਕਰਨ ਆਇਆ। ਬਾਬਾ ਜੀ ਨੇ ਆਪਣੀ ਮਰਿਆਦਾ ਅਨੁਸਾਰ ਜਿਵੇਂ ਸਭ ਦੇ ਨਾਮ, ਗੋਤ, ਨਾਨਕੇ, ਦਾਦਕੇ ਪੁੱਛਦੇ ਸਨ ਅਤੇ ਇਸ ਪੰਡਿਤ ਨੂੰ ਵੀ ਪੁੱਛਣ ਲੱਗੇ ਪਰੰਤੂ ਇਹ ਪੰਡਿਤ ਕਹਿਣ ਲੱਗਾ ਇਹਨਾਂ ਦੀ ਕੀ ਲੋੜ ਹੈ, ਬਾਬਾ ਜੀ ਹੱਸ ਕੇ ਉਸ ਦੇ ਪਿਤਾ ਦਾ ਨਾਮ ਤੇ ਮਾਤਾ ਦਾ ਨਾਂ ਲੈ ਕੇ ਬੋਲੇ, "ਦੱਸ ਦੇ ਹੁਣ ਤਾਂ ਮੌਕਾ ਹੈ।" ਖ਼ੈਰ ਪਰ ਉਸ ਨੇ ਨਾਂ ਲਿਖਾਏ। ਇਤਨੇ ਚਿਰ ਲੰਗਰ ਪੱਕ ਕੇ ਆ ਗਿਆ ਫਿਰ ਲੰਗਰ ਦੀ ਮਰਿਆਦਾ ਹੁਕਮ ਅਨੁਸਾਰ ਹੋਣ ਲੱਗ ਪਈ। (ਇਹ ਲੰਗਰ ਦੀ ਮਰਿਆਦਾ ਇਸਤਰ੍ਹਾਂ ਹੁੰਦੀ ਕਿ ਦੋ-ਦੋ ਪ੍ਰਸ਼ਾਦੇ ਜਿਤਨੀ ਦੇਰ ਹਜ਼ੂਰ 'ਸ਼ੁੱਧ ਹੈ' ਬਚਨ ਨਾ ਕਰਦੇ, ਇਹ ਗਿਣਤੀ ਵਾਰ-ਵਾਰ ਹੁੰਦੀ ਰਹਿੰਦੀ। ਫਿਰ ਦਾਲ ਦੀ ਕੜਛੀ ਭਰ-ਭਰ ਦਾਲ ਦੇ ਵਿਚ ਹੀ ਪਾਉਂਦੇ ਰਹਿੰਦੇ। ਉਪਰੰਤ ਬਾਬਾ ਜੀ 'ਸ਼ੁੱਧ ਹੈ' ਦਾ ਬਚਨ ਕਰਦੇ ਫਿਰ ਲੰਗਰ ਵਿਚ ਪੰਗਤ ਲੱਗ ਕੇ ਲੰਗਰ ਵਰਤਦਾ। ਜਿਤਨੇ ਪ੍ਰਸ਼ਾਦੇ ਖਾਣੇ ਹੁੰਦੇ ਉਤਨੇ ਇਕ ਵਾਰ ਹੀ ਮਿਲ ਜਾਂਦੇ ਸਨ ਫਿਰ ਨਹੀਂ। ਜੂਠਾ ਪ੍ਰਸ਼ਾਦਾ ਨਹੀਂ ਛੱਡਣਾ ਨਾ ਕਿਸੇ ਜਾਨਵਰ ਨੂੰ ਪਾਉਣਾ, ਭਾਂਡੇ ਮਾਂਜਣ ਤੋਂ ਪਹਿਲਾਂ ਧੋਣੇ ਫਿਰ ਸੁੱਕ

ਮਾਂਜ ਕਰ ਕੇ ਹੀ ਲੰਗਰ ਵਿਚ ਰੱਖਣੇ। ਕਿਸੇ ਨੇ ਵੀ ਜੂਠਾ ਬਰਤਨ ਨਹੀਂ ਮਾਂਜਣਾ। ਇਸ ਤਰਾਂ ਕਰਕੇ ਮਰਿਆਦਾ ਸਾਦੀ ਤੇ ਵਿਲੱਖਣ ਸੀ। ਉਸ ਪੰਡਿਤ ਨੂੰ ਵੀ ਹੁਕਮ ਹੋਇਆ, "ਜਾਓ ਲੰਗਰ ਵਿਚ ਅਨੁਪਾਨ ਕਰੋ।" ਹੁਕਮ ਅਨੁਸਾਰ ਪੰਡਿਤ ਜੀ ਲੰਗਰ ਵਿਚ ਆਏ ਪੰਗਤ ਵਿਚ ਬੈਠ ਗਏ ਪਰੰਤੂ ਜਿਸ ਵਕਤ ਪੰਡਿਤ ਜੀ ਨੇ ਪ੍ਰਸ਼ਾਦੇ ਅਣ-ਚੋਪੜੇ ਤੇ ਦਾਲ ਮੂੰਗੀ ਦੀ ਧੋਤੀ ਬਿਨਾਂ ਮਿਰਚ ਮਸਾਲੇ ਹਲਦੀ ਤੋਂ ਵੇਖੀ ਮਨ ਵਿਚ ਕੁਝ ਘਿਰਣਾ ਹੋਈ। ਸੰਗਦੇ ਹੋਏ ਥੋੜ੍ਹੀ ਦਾਲ ਤੇ ਇਕ ਫੁਲਕਾ ਲਿਆ। ਜਿਸ ਵਕਤ ਛਕਣਾ ਆਰੰਭ ਕੀਤਾ, ਅਨੰਦ ਐਸਾ ਆਇਆ ਕਿ ਕਈ ਵਾਰ ਮੰਗ ਦੇ ਦਾਲ ਪ੍ਰਸ਼ਾਦਾ ਛਕਿਆ। ਉਸ ਸਮੇਂ ਪੰਡਿਤ ਜੀ ਦੇ ਚਿਹਰੇ ਤੋਂ ਹੀ ਅਨੰਦ ਝਲਕ ਰਿਹਾ ਸੀ। 'ਭੂਖੇ ਖਾਵਤ ਲਾਜੁ ਨ ਆਵੈ' 'ਭੂਖੇ ਸਾਦੈ ਗੰਢੂ' ਅਸਰਚਜ ਸੁਆਦ ਆਇਆ, ਰੱਜ ਕੇ ਲੰਗਰ ਛਕਿਆ। ਉਪਰੰਤ ਹੱਥ ਸੁੱਚੇ ਕਰ ਕੇ ਹਜ਼ੂਰ ਦੇ ਚਰਨਾਂ ਵਿਚ ਆ ਮੱਥਾ ਟੇਕਿਆ ਅਤੇ ਬੇਨਤੀ ਕੀਤੀ, ਮਹਾਰਾਜ ਮੈਥੋਂ ਭੁੱਲ ਹੋ ਗਈ। ਹੁਣ ਮੇਰੇ ਸਭ ਅੰਗ-ਸਾਕਾਂ ਦੇ ਨਾਮ ਜੋ ਲਿਖਣਾ ਚਾਹੋ ਲਿਖਾ ਲਵੋ। ਬਾਬਾ ਜੀ ਨੇ ਬਚਨ ਕੀਤਾ, "ਪੰਡਿਤ ਜੀ, ਤੁਸੀਂ ਤਾਂ ਸਾਦਾ ਅੰਨ ਪਾਣੀ ਵੇਖ ਕੇ ਹੋਰ ਸੋਚਿਆ ਸੀ, ਫਿਰ ਮੰਗ ਕੇ ਸਭ ਕੁਝ ਛਕਿਆ।" ਪੰਡਿਤ ਨੇ ਬੇਨਤੀ ਕੀਤੀ ਗਰੀਬ ਨਿਵਾਜ, ਤੁਹਾਡੀਆਂ ਤੁਸੀਂ ਜਾਣੋ, ਮੈਂ ਤਾਂ ਕੁਝ ਹੋਰ ਸੋਚਿਆ ਸੀ ਪਰ ਇਥੇ ਤਾਂ ਸਭ ਕੁਝ ਹੋਰ ਹੈ। 'ਸੁਣੀਐ ਅਵਰ ਅਵਰ ਬਿਧ ਬੁਝੀਐ ਬਕਨ ਕਥਨ ਰਹਿਤ॥ ਕੁਝ ਐਸੇ ਬਚਨ ਅਸਰਚਜਤਾ ਵਿਚ ਪੰਡਿਤ ਨੇ ਆਖੇ। ਉਪਰੰਤ ਪੰਡਿਤ ਨੇ ਸਭ ਦੇ ਨਾਮ ਲਿਖਾਏ ਫਿਰ ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਕਿਸ ਦੀ ਉਪਾਸਨਾ ਕਰਦੇ ਹੋ?" ਉੱਤਰ ਵਿਚ ਪੰਡਿਤ ਜੀ ਨੇ ਦੱਸਿਆ, "ਜੀ, ਭਗਵਾਨ ਨਰਸਿੰਘ ਜੀ ਦੀ।" ਫਿਰ ਪੁੱਛਿਆ ਕਦੇ ਦਰਸ਼ਨ ਵੀ ਹੋਏ ਹਨ। ਪੰਡਿਤ ਜੀ ਨੇ ਕਿਹਾ, ,,ਜੀ, ਹੋ ਗਏ ਹਨ।" ਬਾਬਾ ਜੀ ਨੇ ਪੁੱਛਿਆ, "ਸਮਾਧੀ ਵਿਚ ਜਾਂ ਸੁਪਨੇ ਵਿਚ।" ਪੰਡਿਤ ਨੇ ਬੇਨਤੀ ਕੀਤੀ, ਜੀ, ਸੁਪਨੇ ਵਿਚ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਅੱਛਾ ਅੱਜ ਰਾਤ ਇਥੇ ਰਹੋ। ਤੁਹਾਨੂੰ ਪ੍ਰਤੱਖ ਦਰਸ਼ਨ ਹੋ ਜਾਣਗੇ।" ਫਿਰ ਬਚਨ ਕੀਤਾ, "ਨਰਸਿੰਘ ਦੀ ਉਪਸਾਨ ਭਗਤੀ ਅਸੀਂ ਵੀ ਕੀਤੀ ਹੈ ਜੇ ਪ੍ਰਤੱਖ ਹੋ ਜਾਣ ਪੁੱਛ ਕੇ ਸਾਨੂੰ

ਦੱਸਣਾ ਕਿ ਸਾਡੇ ਉੱਤੇ ਖੁਸ਼ ਹੈ ਕਿ ਨਹੀਂ।" ਉਪਰੰਤ ਪੰਡਿਤ ਜੀ ਰਾਤ ਨੂੰ ਡੇਰੇ ਵਿਚ ਹੀ ਰਹੇ। ਅਗਲੇ ਦਿਨ ਬਾਬਾ ਜੀ ਨੇ ਪੰਡਿਤ ਜੀ ਨੂੰ ਸੱਦ ਕੇ ਪੁੱਛਿਆ, "ਦੱਸੋ ਪੰਡਿਤ ਜੀ, ਰਾਤ ਨੂੰ ਨਰਸਿੰਘ ਜੀ ਨੇ ਕੀ ਬਚਨ ਕੀਤਾ।" ਉਪਰੰਤ ਪੰਡਿਤ ਜੀ ਬਾਬਾ ਜੀ ਦੇ ਚਰਨਾਂ 'ਤੇ ਨਮਸਕਾਰ ਕਰ ਕੇ ਬੋਲੇ, "ਮਹਾਰਾਜ, ਮੈਨੂੰ ਆਪ ਜੀ ਹੁਣ ਨਰਸਿੰਘ ਭਗਵਾਨ ਦੇ ਰੂਪ ਵਿਚ ਦਿਸ ਰਹੇ ਹੋ। ਰਾਤ ਵੀ ਤੁਸੀਂ ਹੀ ਸੀ, ਮੈਂ ਕਿਸ ਨੂੰ ਦੱਸਾਂ।" ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ, ਸ਼ੁੱਧ ਹੈ, ਸ਼ੁੱਧ ਹੈ।" ਉਪਰੰਤ ਉਸ ਪੰਡਿਤ ਨੂੰ ਮਾਣ ਸਤਿਕਾਰ ਨਾਲ ਵਿਦਾ ਕੀਤਾ। ਇਸ ਤੋਂ ਉਪਰੰਤ ਵੀ ਦਰਸ਼ਨ ਕਰਨ ਆਉਂਦਾ ਰਿਹਾ।

*(ਇਹ ਬਚਨ ਮਾਤਾ-ਪਿਤਾ ਪਾਸੋਂ ਸੁਣਿਆ ਸ. ਬਲਬੀਰ ਸਿੰਘ ਜੀ ਕਾਨਿਆਂ ਵਾਲੀ ਵਾਲਿਆਂ ਪਾਸੋਂ ਕੁਝ ਫ਼ਰਕ ਨਾਲ ਸੁਣਿਆ।)*

## ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ॥
## ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ॥

*(ਅੰਗ ੯੫੭)*

ਭਗਤ ਸੰਸਾਰ ਵਿਚ ਰਹਿੰਦੇ ਹੋਏ ਵੀ ਸੰਸਾਰ ਤੋਂ ਅਲੱਗ ਰਹਿੰਦੇ ਹਨ। ਸੰਸਾਰੀ ਬੰਦੇ ਉਹਨਾਂ ਦੀ ਆਤਮਕ ਅਵਸਥਾ ਤੋਂ ਬੇ-ਖ਼ਬਰ ਹੁੰਦੇ ਹੋਏ ਉਹਨਾਂ ਦੀ ਸੇਵਾ-ਸੰਭਾਲ ਨਹੀਂ ਕਰਦੇ। ਪਰੰਤੂ ਪਰਮੇਸ਼ਰ ਤਾਂ ਸਾਰੇ ਸੰਸਾਰ ਦੀ ਸੰਭਾਲ ਕਰਦਾ ਹੈ। ਪਰੰਤੂ ਭਗਤ ਜਨਾਂ ਦੀ ਦੇਖ-ਰੇਖ ਹਰ ਸਮੇਂ ਤੇ ਹਰ ਥਾਂ ਕਰਦਾ ਹੈ। ਤੇਰੇ ਭਗਤ ਭਗਤਨ ਕਾ ਆਪ। ਗੁਰ ਫ਼ੁਰਮਾਨ ਹੈ: **ਨਾਨਕ ਸਤਿਗੁਰ ਸਿਖ ਕਉ ਜੀਅ ਨਾਲ ਸਮਾਰੈ॥** ਇਕ ਵਾਰ ਬਾਬਾ ਜੀ ਦੇ ਸਮੇਂ ਲੰਗਰ ਤਿਆਰ ਹੋ ਕੇ ਆਇਆ। ਲੰਗਰ ਦੀ ਸਾਰੀ ਮਰਿਆਦਾ ਤੋਂ ਉਪਰੰਤ ਲੰਗਰ ਵਰਤਣ ਸਮੇਂ ਹਜ਼ੂਰ ਨੇ ਹੁਕਮ ਕੀਤਾ, "ਬਾਲਿਆ, ਲੰਗਰ ਵਿਚੋਂ ਦੋ ਪ੍ਰਸ਼ਾਦੇ ਤੇ ਥੋੜ੍ਹੀ ਜਿਹੀ ਦਾਲ ਪੁਆ ਕੇ ਲੈ ਆ।" ਸੰਤ ਨਰੈਣ ਸਿੰਘ ਜੀ ਹੁਕਮ ਅਨੁਸਾਰ ਲੈ ਆਏ। ਫਿਰ ਹੁਕਮ ਕੀਤਾ ਕਿ ਪੋਣੇ ਵਿਚ ਲਪੇਟ ਕੇ ਟਿੱਲੇ

ਉੱਤੇ ਰੱਖ ਦਿਉ। ਸੰਤ ਨਰੈਣ ਸਿੰਘ ਜੀ ਨੇ ਇਸੇ ਤਰ੍ਹਾਂ ਹੀ ਕੀਤਾ। ਲਗਾਤਾਰ ਤਿੰਨ ਦਿਨ ਦੋ ਵੇਲੇ ਇਸ ਤਰ੍ਹਾਂ ਹੀ ਕਰਦੇ ਰਹੇ। ਇਕ ਦਿਨ ਭਜਨ ਸਿੰਘ ਮਹਿਰੇ ਸਿੱਖ ਨੇ ਪੁੱਛ ਲਿਆ, "ਮਹਾਰਾਜ, ਇਹ ਕੀ ਕਰਦੇ ਹੋ ?" ਤਾਂ ਹੁਕਮ ਕੀਤਾ, "ਸਾਈਂ ਲੋਕਾਂ ਤੈਂ ਸਾਡੀ ਗੱਲ ਵਿਚੋਂ ਕੀ ਲੈਣਾ, ਤੈਨੂੰ ਕੀ। ਤੂੰ ਚੁੱਪ ਰਹੁ।" ਤੀਜੇ ਦਿਨ ਦੁਪਹਿਰ ਸਮੇਂ ਦੋ ਸਾਧੂ ਭਗਵੇ ਕੱਪੜਿਆਂ ਵਾਲੇ ਪਹਿਰੇਦਾਰ ਨੂੰ ਆ ਕੇ ਕਹਿਣ ਲੱਗੇ ਕਿ ਅਸੀਂ ਸੰਤਾਂ ਦੇ ਦਰਸ਼ਨ ਕਰਨੇ ਹਨ। ਉਪਰੰਤ ਪਹਿਰੇਦਾਰ ਨੇ ਬਾਬਾ ਜੀ ਕੋਲ ਬੇਨਤੀ ਕਰ ਦਿੱਤੀ ਕਿ ਮਹਾਰਾਜ ਦੋ ਭਗਵੇ ਬਸਤਰਾਂ ਵਾਲੇ ਸਾਧੂ ਦਰਸ਼ਨ ਕਰਨਾ ਚਾਹੁੰਦੇ ਹਨ। ਬਾਬਾ ਜੀ ਨੇ ਹੁਕਮ ਕੀਤਾ ਕਿ ਉਹਨਾਂ ਸਾਧਾਂ ਨੂੰ ਅੰਨ-ਪਾਣੀ ਛਕਾਉ, ਪਰ ਦਰਸ਼ਨ ਅਜੇ ਨਹੀਂ ਦੇਣੇ। ਇਹ ਉਹਨਾਂ ਨੂੰ ਵੀ ਦੱਸ ਦਿਉ। ਸੇਵਾਦਾਰ ਨੇ ਇਸੇ ਤਰ੍ਹਾਂ ਹੀ ਜਾ ਹੁਕਮ ਸੁਣਾਇਆ। ਉਪਰੰਤ ਸਾਧੂਆਂ ਨੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ। ਉਹਨਾਂ ਨੇ ਫਿਰ ਦਰਸ਼ਨ ਕਰਨ ਦੀ ਆਗਿਆ ਮੰਗੀ ਤਾਂ ਹੁਕਮ ਕੀਤਾ, "ਅਜੇ ਤਾਂ ਅਸੀਂ ਤੁਹਾਡੇ ਨਾਲ ਦੇ ਵਾਸਤੇ ਰੋਟੀਆਂ ਢੋਅ ਰਹੇ ਹਾਂ, ਉਸ ਦੇ ਆਏ ਤੋਂ ਦਰਸ਼ਨ ਦਿਆਂਗੇ।" ਉਹਨਾਂ ਸਾਧੂਆਂ ਨੂੰ ਉਸੇ ਸਮੇਂ ਹੀ ਹੁਕਮ ਕਰ ਦਿੱਤਾ, "ਉਹ ਦੋ ਜਣੇ ਦੋ ਵੇਲੇ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਟਿੱਲੇ 'ਤੋਂ ਪਰੇ ਪਿੱਪਲ ਹੇਠ ਆਰਾਮ ਕਰਿਆ ਕਰਨ, ਅਜੇ ਜਾਣਾ ਨਹੀਂ।" ਦੋ ਦਿਨ ਹੋਰ ਲੰਘੇ, ਬਾਬਾ ਜੀ ਟਿੱਲੇ ਉੱਤੇ ਦਾਲ ਰੋਟੀ ਰਖਵਾਉਂਦੇ ਰਹੇ। ਇਸ ਤੋਂ ਉਪਰੰਤ ਤੀਸਰੇ ਦਿਨ ਇਕ ਵਾਰ ਅਚਾਨਕ ਹੀ ਬਾਬਾ ਜੀ ਆਪਣੇ ਆਸਣ ਤੋਂ ਤਿੰਨ ਵਾਰ ਉੱਠੇ, ਥੋੜ੍ਹਾ ਚਿਰ ਖਲੋ ਕੇ ਬੈਠ ਜਾਂਦੇ ਰਹੇ। ਜਿਹੜੇ ਸੇਵਾਦਾਰ ਉਸ ਵੇਲੇ ਹਾਜ਼ਰ ਸਨ, ਉਹ ਵੀ ਵੇਖਦੇ ਰਹੇ। ਉੱਠਣ ਸਮੇਂ ਮੁੱਖ ਤੋਂ 'ਹਰੇ' ਬਚਨ ਕਰ ਕੇ ਬੈਠ ਜਾਣ। ਇਕ ਦਿਨ ਬਚਨ ਕੀਤਾ, "ਅੱਜ ਇਕ ਭਗਤ ਆ ਰਿਹਾ ਹੈ। ਉਸ ਦੇ ਲਈ ਤਿੰਨ ਮੇਲ ਦਾ ਪ੍ਰਸ਼ਾਦ ਬਣਾਉ।" ਹੁਕਮ ਅਨੁਸਾਰ ਪ੍ਰਸ਼ਾਦ ਤਿਆਰ ਹੋ ਗਿਆ। ਕੁਝ ਸਮਾਂ ਬੀਤਿਆ, ਇਕ ਹੋਰ ਪੁਰਾਣੇ ਫਟੇ ਜਿਹੇ ਭਗਵੇ ਕੱਪੜੇ ਪਾਈ ਇਕ ਮਸਤ ਜਿਹੀ ਹਾਲਤ ਵਿਚ ਸਾਧੂ ਪਹਿਰੇਦਾਰ ਰਾਹੀਂ ਹੁਕਮ ਲੈ ਕੇ ਅੰਦਰ ਆਇਆ, ਜਿਨ੍ਹਾਂ ਦੀ ਬਾਬਤ ਸਾਹਿਬ ਬਾਣੀ ਵਿਚ ਫ਼ੁਰਮਾਉਂਦੇ ਹਨ :

**ਜਿਨ ਪਟ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥**

**ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ॥**

*(ਅੰਗ ੪੭੩)*

ਉਸ ਦੇ ਆਉਣ ਉਪਰੰਤ ਬਾਬਾ ਜੀ ਨੇ ਹੱਥ ਜੋੜ ਕੇ 'ਹਰੇ' ਬਚਨ ਕੀਤਾ, ਉਸ ਨੂੰ ਪਿਆਰ ਅਤੇ ਸਤਿਕਾਰ ਨਾਲ ਬਿਠਾ ਕੇ ਬੋਲੇ, "ਕੇਸਰਾ, ਇਹ ਭਗਤ ਬਹੁਤ ਉੱਚੀ ਕਮਾਈ ਵਾਲਾ ਹੈ, ਇਸ ਨੂੰ ਕੀ ਦੇਈਏ ?" ਤਾਂ ਕੇਸਰ ਸਿੰਘ ਨੇ ਕਿਹਾ, "ਜੀ, ਇਸ ਨੂੰ ਅੱਗੇ ਹੀ ਬਹੁਤ ਕੁਝ ਮਿਲਿਆ ਹੈ। ਹੋਰ ਜੋ ਕੁਝ ਮੰਗਦਾ ਹੈ, ਦੇ ਦਿਉ।" ਬਾਬਾ ਜੀ ਨੇ ਬਚਨ ਕੀਤਾ, "ਸੁੱਧ ਹੈ।" ਫਿਰ ਉਸ ਦੀ ਅੰਦਰਲੀ ਤੇ ਬਾਹਰਲੀ ਸ਼ਰ੍ਹਾ ਕਰਵਾਈ। ਫਿਰ ਉਸ ਦੇ ਸਿਰ 'ਤੇ ਹੱਥ ਰੱਖ ਕੇ ਬਚਨ ਕੀਤਾ, "ਬੋਲ, ਰਾਮ-ਰਾਮ।" ਇਸ ਤਰ੍ਹਾਂ ਇਕ ਸੌ ਇਕ ਵਾਰ ਰਾਮ-ਰਾਮ ਕਹਾ ਕੇ ਫਿਰ ਬਚਨ ਕੀਤਾ, "ਉਹ ਜੋ ਦੋ ਸਾਧੂ ਪਹਿਲਾਂ ਆਏ ਹੋਏ ਹਨ, ਉਹਨਾਂ ਨੂੰ ਹਾਜ਼ਰ ਕਰੋ।" ਉਪਰੰਤ ਉਹ ਵੀ ਹਾਜ਼ਰ ਹੋਏ। ਫਿਰ ਉਹਨਾਂ ਨੂੰ ਹੁਕਮ ਕੀਤਾ, "ਕਰੋ ਦਰਸ਼ਨ।" ਉਹਨਾਂ ਨੇ ਵੀ ਨਮਸਕਾਰ ਕੀਤੀ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ ਤੁਸੀਂ ਪਹਿਲਾਂ ਤਾਂ ਇਸ ਨੂੰ ਨਾਲ ਲੈ ਕੇ ਤੁਰੇ ਤੇ ਫਿਰ ਰਾਹ ਦੇ ਵਿਚ ਹੀ ਛੱਡ ਤੁਰੇ। ਉਹਨਾਂ ਨੇ ਬਚਨ ਕਰੇ ਕਿ "ਜੀ, ਅਸੀਂ ਸਵੇਰੇ ਉੱਠ ਕੇ ਇਸ਼ਨਾਨ ਕਰ ਕੇ ਭਜਨ ਕਰ ਕੇ ਛੇਤੀ ਤੁਰ ਪੈਂਦੇ ਸੀ। ਇਹ ਬੈਠ ਕੇ ਭਜਨ ਕਰਦਾ ਉੱਠਦਾ ਹੀ ਨਹੀਂ ਸੀ। ਅਸੀਂ ਸੋਚਿਆ ਕਿ ਇੰਨਾ ਲੰਮਾ ਸਫ਼ਰ ਤੁਰ ਕੇ ਕਦੋਂ ਮੁੱਕੇਗਾ। ਅਸੀਂ ਇਸ ਨੂੰ ਛੱਡ ਕੇ ਤੁਰ ਆਏ।" ਬਾਬਾ ਜੀ ਨੇ ਦੱਸਿਆ, "ਜੇ ਤੁਸੀਂ ਇਸ ਨੂੰ ਛੱਡ ਤੁਰੇ ਤੇ ਰੋਟੀ ਉਨੇ ਦਿਨ ਇਸ ਨੂੰ ਅਸੀਂ ਪਹੁੰਚਾਉਂਦੇ ਰਹੇ।" ਉਪਰੰਤ ਹੁਕਮ ਕੀਤਾ, "ਇਹਨਾਂ ਨੂੰ ਸਾਡੇ ਆਸਣ ਤੋਂ ਬਾਹਰ ਕਰ ਕੇ ਬਿਠਾਉ ਤੇ ਪ੍ਰਸ਼ਾਦ ਛਕਾਉ।" ਜਿਸ ਵਕਤ ਉਹ ਸਾਧੂ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣ ਲੱਗੇ ਤਾਂ ਉਸੇ ਵੇਲੇ ਹੀ ਉਹਨਾਂ ਨੇ ਕੋਈ ਚਮਤਕਾਰ ਵੇਖਿਆ ਅਤੇ ਆਪਸ ਵਿਚ ਸੈਨਤ ਮਾਰੀ ਪਰ ਤੀਸਰਾ ਸਾਧੂ ਮਸਤ ਹੀ ਬੈਠਾ ਰਿਹਾ, ਕੁਝ ਨਹੀਂ ਬੋਲਿਆ। ਪ੍ਰਸ਼ਾਦ ਛਕਣ ਉਪਰੰਤ ਤਿੰਨੇ ਹੀ ਉੱਠ ਬੈਠੇ ਅਤੇ ਸ੍ਰੀ ਬਾਬਾ ਜੀ ਦੀ ਹਜ਼ੂਰੀ ਵਿਚ ਪਹੁੰਚੇ। ਬਾਬਾ ਜੀ ਨੇ ਹੁਕਮ ਕੀਤਾ, "ਇਹਨਾਂ ਦੋਹਾਂ ਦੇ ਆਸਣ ਅੱਗੇ ਵਾਲੀ ਥਾਂ ਉੱਤੇ, ਜਿਹੜਾ ਅੱਜ ਆਇਆ ਹੈ ਇਸ ਦਾ ਆਸਣ ਕੋਠੀ ਦੇ ਬਰਾਂਡੇ ਵਿਚ ਕਰਾਉ।"

ਇਸੇ ਤਰ੍ਹਾਂ ਹੀ ਕੀਤਾ ਗਿਆ ਤੇ ਅਗਲੇ ਦਿਨ ਤਿੰਨਾਂ ਸਾਧੂਆਂ ਨੂੰ ਬੁਲਾ ਕੇ ਹੁਕਮ ਕੀਤਾ, "ਹੁਣ ਤੁਸੀਂ ਜਾਉ, ਤੁਹਾਨੂੰ ਆਗਿਆ ਹੈ ਜਾ ਸਕਦੇ ਹੋ।" ਉਸ ਸਮੇਂ ਜਿਹੜਾ ਸਾਧੂ ਇਹਨਾਂ ਤੋਂ ਬਾਅਦ ਇਕੱਲਾ ਆਇਆ ਸੀ, ਉਸ ਨੇ ਬਾਬਾ ਜੀ ਨੂੰ ਦੋ ਵਾਰ ਨਮਸਕਾਰ ਕੀਤੀ। ਹਜ਼ੂਰ ਨੇ ਬਚਨ ਕੀਤਾ, "ਸਾਨੂੰ ਗੁਪਤ ਰਹਿਣ ਦੇ, ਜੋ ਹੈ ਮਨ ਵਿਚ ਹੀ ਰੱਖ।" ਉਪਰੰਤ ਹੁਕਮ ਹੋਇਆ, "ਡਰੋਲੀ ਵਾਲੇ ਦੋਵੇਂ ਜੀਅ ਹਾਜ਼ਰ ਕਰੋ।" ਹਾਜ਼ਰ ਹੋਣ 'ਤੇ ਹੁਕਮ ਕੀਤਾ, "ਇਸ ਸਾਧੂ ਨੂੰ ਨਮਸਕਾਰ ਕਰੋ। ਨਾਮਦੇਵ ਵਾਲੀ ਅਵਸਥਾ ਦਾ ਮਾਲਕ ਹੈ ਇਹ।" ਉਪਰੰਤ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੇ ਨਮਸਕਾਰ ਕੀਤੀ।

ਬਚਨ ਕੀਤਾ, "ਸੁੱਧ ਹੈ।" ਉਪਰੰਤ ਇਹ ਤਿੰਨੇ ਸਾਧੂ ਵਿਦਾ ਕੀਤੇ।

*(ਇਹ ਪ੍ਰਸੰਗ ਮਾਤਾ ਪਿਤਾ ਤੋਂ ਲੇਖਕ ਨੂੰ ਪ੍ਰਾਪਤ ਹੋਇਆ।)*

## ਅਪਨੇ ਸੇਵਕ ਕਉ ਆਪਿ ਸਹਾਈ ॥
## ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥

*(ਅੰਗ ੨੦੨)*

ਇਕ ਬੁਢਲਾਡੇ ਤੋਂ ਬਾਬਾ ਜੀ ਦਾ ਇੱਕ ਸੇਵਕ ਸੀ। ਹਜ਼ੂਰ ਨੇ ਇਕ ਵਾਰ ਗੰਗਾ ਤੋਂ ਜਲ ਲਿਆਉਣ ਵਾਸਤੇ ਹੁਕਮ ਕੀਤਾ। ਸੇਠ ਨੇ ਬੇਨਤੀ ਕੀਤੀ ਕਿ ਗਰੀਬ ਨਿਵਾਜ ਮੈਂ ਬੁਢਲਾਡੇ ਤੋਂ ਹੋ ਕੇ ਇਕ ਨੌਕਰ ਨੂੰ ਸਾਰਾ ਕੰਮ ਸਮਝਾ ਕੇ ਚਲਾ ਜਾਵਾਂ ਤਾਂ ਹਜ਼ੂਰ ਨੇ ਬਚਨ ਕੀਤਾ, "ਤੇਰਾ ਕੰਮ ਅਸੀਂ ਆਪੇ ਸੰਭਾਲ ਲਵਾਂਗੇ, ਤੂੰ ਛੇਤੀ ਗੰਗਾ 'ਤੇ ਪਹੁੰਚ ਕੇ ਸਾਡੇ ਵਾਸਤੇ ਗੰਗਾ-ਜਲ ਲੈ ਆ।" ਹੁਕਮ ਅਨੁਸਾਰ ਸੇਠ ਤਾਂ ਗੰਗਾ ਜੀ ਨੂੰ ਚਲਾ ਗਿਆ। ਉਸ ਤੋਂ ਬਾਅਦ ਕਿਸੇ ਵਕਤ ਅਚਾਨਕ ਹੀ ਸੰਤ ਚਿੰਤ ਰਾਮ ਜੀ ਨੇ ਪਾਣੀ ਦੀ ਮੰਗ ਕੀਤੀ ਕਿ ਮੈਨੂੰ ਪਾਣੀ ਪਿਲਾਓ, ਮੇਰੇ ਅੰਦਰ ਇਉਂ ਮਾਲੂਮ ਹੁੰਦਾ ਹੈ ਜਿਵੇਂ ਅੱਗ ਮੱਚ ਰਹੀ ਹੋਵੇ। ਉਪਰੰਤ ਸੰਤ ਚਿੰਤ ਰਾਮ ਜੀ ਪਾਣੀ ਪੀਣ ਲੱਗ ਪਏ। ਭਾਈ ਰਤਨ ਸਿੰਘ ਡਰੋਲੀ ਘੜਿਆਂ ਰਾਹੀਂ ਪਾਣੀ ਪਿਲਾ

ਰਹੇ ਸਨ। ਚਿੰਤ ਰਾਮ ਜੀ ਬੇਅੰਤ ਪਾਣੀ ਪੀ ਰਹੇ ਸਨ, ਸੱਤ ਘੜੇ ਪਾਣੀ ਦੇ ਪੀ ਚੁੱਕੇ ਸਨ ਤੇ ਨੀਲਾ ਸਿੰਘ ਨੇ ਕਿਹਾ ਕਿ ਇਹ ਤਾਂ ਮਹਾਰਾਜ ਦੀ ਲੀਲ੍ਹਾ ਹੈ। ਉਹਨਾਂ ਕੋਲ ਬੇਨਤੀ ਕਰੀਏ। ਫਿਰ ਬਾਬਾ ਜੀ ਕੋਲ ਬੇਨਤੀ ਕੀਤੀ। ਹਜ਼ੂਰ ਨੇ ਚਾਰ-ਚੁਫੇਰੇ ਆਪਣੀ ਨਿਗਾਹ ਦੌੜਾਈ ਤੇ ਉਥੇ ਇਕ ਛੋਟੀ ਜਿਹੀ ਕੌਲੀ ਪਈ ਸੀ, ਹੁਕਮ ਕੀਤਾ, "ਇਸ ਕੌਲੀ ਨੂੰ ਮਾਂਜ ਕੇ ਮੱਟੀ ਵਿਚੋਂ ਜਲ ਭਰ ਕੇ ਲਿਆਉ।" ਨੀਲਾ ਸਿੰਘ ਨੇ ਹੁਕਮ ਅਨੁਸਾਰ ਇਵੇਂ ਹੀ ਕੀਤਾ। ਉਪਰੰਤ ਕੌਲੀ 'ਤੇ ਬਾਬਾ ਜੀ ਨੇ ਨਿਗਾਹ ਕਰ ਕੇ ਹੁਕਮ ਕੀਤਾ ਕਿ ਚਿੰਤ ਰਾਮ ਨੂੰ ਪਿਆ ਦਿਉ। ਫਿਰ ਨੀਲਾ ਸਿੰਘ ਨੇ ਉਹ ਕੌਲੀ ਵਾਲਾ ਜਲ ਚਿੰਤ ਰਾਮ ਜੀ ਨੂੰ ਛਕਾ ਦਿੱਤਾ। ਉਪਰੰਤ ਸੰਤ ਚਿੰਤ ਰਾਮ ਜੀ ਨੇ ਜਲ ਛਕਣਾ ਬੰਦ ਕਰ ਦਿੱਤਾ ਤੇ ਬਾਹਰ ਨੂੰ ਚਲੇ ਗਏ। ਬਾਅਦ ਵਿਚ ਬਾਬਾ ਜੀ ਨੇ ਮੁਣਸ਼ੀ ਹਰਦਿੱਤ ਸਿੰਘ ਨੂੰ ਕਾਗਜ਼ ਕਲਮ ਦੁਆਤ ਲੈ ਕੇ ਹਾਜ਼ਰ ਹੋਣ ਦਾ ਹੁਕਮ ਕੀਤਾ। ਮੁਣਸ਼ੀ ਜੀ ਹਾਜ਼ਰ ਹੋ ਗਏ, ਹੁਕਮ ਕੀਤਾ, "ਅੱਜ ਦਾ ਦਿਨ, ਵਾਰ, ਤਰੀਕ, ਮਹੀਨਾ ਸਭ ਕੁਝ ਲਿਖ ਲਓ ਅਤੇ ਸਾਂਭ ਕੇ ਰੱਖਣਾ, ਕਿਤੇ ਲੋੜ ਪੈ ਜਾਏਗੀ।" ਤੇ ਹੁਕਮ ਕੀਤਾ ਕਿ ਲਿਖੇ ਵੇਰਵੇ ਸਮੇਤ ਚਿੰਤ ਰਾਮ ਨੇ ਪਾਣੀ ਪੀਤਾ ਤੇ ਕੀ ਬਚਨ ਕਹੇ। ਉਪਰੰਤ ਸੇਠ ਗੰਗਾ ਤੋਂ ਜਲ ਲੈ ਕੇ ਆਇਆ ਤੇ ਘਰ ਨੂੰ ਤੋਰ ਦਿੱਤਾ। ਉਸ ਵੇਲੇ ਕੋਈ ਬਚਨ ਨਹੀਂ ਕੀਤਾ। ਇਸ ਤੋਂ ਉਪਰੰਤ ਤਿੰਨ ਮਹੀਨੇ ਬਾਅਦ ਸੇਠ ਦਰਸ਼ਨ ਕਰਨ ਆਇਆ ਤਾਂ ਬੜਾ ਉਦਾਸ ਸੀ। ਉਸ ਦੀ ਉਦਾਸੀ ਵੇਖ ਕੇ ਹਜ਼ੂਰ ਨੇ ਬਚਨ ਕੀਤਾ, "ਕਿਉਂ ਭਾਈ, ਤੂੰ ਉਦਾਸ ਕਿਉਂ ਹੈਂ?" ਉਸ ਨੇ ਘਰ ਨੂੰ ਅੱਗ ਲੱਗਣ ਵਾਲੀ ਸਾਰੀ ਕਹਾਣੀ ਦੱਸ ਕੇ ਬੇਨਤੀ ਕੀਤੀ, "ਮਹਾਰਾਜ ਜੀ, ਜੋ ਹੋਣਾ ਸੀ ਹੋ ਗਿਆ, ਹਾਲੀ ਵੀ ਤੁਹਾਡੀ ਕ੍ਰਿਪਾ ਹੈ।" ਬਾਬਾ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ, ਬਜ਼ਾਰ ਵਿਚ ਸਾਡੀ ਦੁਕਾਨ ਅਤੇ ਉਪਰ ਸਾਡੀ ਰਿਹਾਇਸ਼ ਸੀ। ਉਸ ਨੂੰ ਅੱਗ ਲੱਗ ਗਈ, ਲੋਕਾਂ ਨੇ ਬੁਝਾਉਣ ਦੀ ਬੜੀ ਕੋਸ਼ਿਸ਼ ਕੀਤੀ, ਅੱਗ ਵੀ ਬੜੀ ਤੇਜ਼ ਸੀ। ਸਾਡੇ ਪਰਿਵਾਰ ਨੇ ਆਪ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ, ਕੁਦਰਤੀ ਆਕਾਸ਼ ਵਿਚ ਬੱਦਲ ਹੋ ਗਏ, ਮੀਂਹ ਵਰ੍ਹਨ ਲੱਗ ਪਿਆ ਤਾਂ ਕਿਤੇ ਜਾ ਕੇ ਅੱਗ ਬੁਝੀ। ਚੁਬਾਰੇ ਦੀ ਛੱਤ ਡਿੱਗ ਪਈ ਮਸਾਂ ਪਰਿਵਾਰ ਪੌੜੀ ਰਾਹੀਂ ਉਤਰਿਆ। ਪਰਿਵਾਰ ਤਾਂ

ਰਾਜ਼ੀ-ਖ਼ੁਸ਼ੀ ਹੈ ਪਰ ਮਹਾਰਾਜ ਮਾਲੀ ਨੁਕਸਾਨ ਹੋ ਗਿਆ। ਬਾਬਾ ਜੀ ਨੇ ਹੁਕਮ ਦੇ ਕੇ ਉਸੇ ਵੇਲੇ ਮੁਣਸ਼ੀ ਨੂੰ ਬੁਲਾ ਕੇ ਚਿੰਤ ਰਾਮ ਦੇ ਪਾਣੀ ਪੀਣ ਦਾ ਦਿਨ, ਵਾਰ, ਮਹੀਨਾ ਦਸ ਕੇ ਲਿਖਤ ਵਿਖਾ ਕੇ ਬਚਨ ਕੀਤਾ ਕਿ "ਤੇਰਾ ਸਾਰਾ ਕੰਮ ਤਾਂ ਚਿੰਤ ਰਾਮ ਨੇ ਕਰ ਦਿੱਤਾ ਹੈ, ਤੂੰ ਫ਼ਿਕਰ ਨਾ ਕਰ।"

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ ਅਤੇ ਜੋਗਿੰਦਰ ਸਿੰਘ ਢਿੱਲੋਂ ਨੇ ਵੀ ਸੁਣਾਇਆ।)*

## ਹਰਿ ਨਾਮੋ ਮੰਤ੍ਰ ਦ੍ਰਿੜਾਇਦਾ ਕਟੇ ਹਉਮੈ ਰੋਗੁ॥

*(ਅੰਗ ੯੫੭)*

ਮਹਾਂ ਪੁਰਖ ਸੇਵਕ ਦੀ ਮਨੋ ਕਾਮਨਾ ਅਨੁਸਾਰ ਦੁਨਿਆਵੀ ਪਦਾਰਥ ਆਪ ਆਪਣੇ ਸੇਵਕਾਂ ਦੇ ਰਾਹੀਂ ਬਖ਼ਸ਼ ਕੇ ਲੋਕ ਪ੍ਰਲੋਕ ਸੁਧਾਰਨ ਲਈ ਗੁਰਬਾਣੀ ਦਾ ਪਾਠ ਕਰਵਾ ਕੇ ਗੁਰੂ ਦੇ ਲੜ ਲਾ ਕੇ ਗੁਰੂ ਦਾ ਸ਼ਿਸ਼ ਬਣਾਉਂਦੇ ਹਨ। ਇਸ ਭੁੱਚੋ ਨਗਰ ਦੀ ਮਾਈ ਜਿਸ ਦਾ ਨਾਮ ਨਰਾਇਣ ਕੌਰ ਸੀ, ਮਾਨ ਹੰਦ ਪੱਤੀ ਇਸ ਦੇ ਪੇਕਿਆ ਦਾ ਘਰ ਸੀ, ਦਾਨ ਸਿੰਘ ਵਾਲੇ ਇਸ ਦੇ ਸਹੁਰੇ ਸਨ। ਇਸ ਮਾਈ ਦੇ ਕੋਈ ਔਲਾਦ ਨਹੀਂ ਸੀ। ਇਹ ਬਾਬਾ ਜੀ ਦੇ ਦਰਸ਼ਨ ਕਰਦੀ, ਜਦੋਂ ਕਿਤੇ ਪੇਕੇ ਘਰ ਭੁੱਚੋ ਆਉਣਾ, ਇਸ ਦਾ ਨੇਮ ਹੀ ਸੀ। ਇਕ ਵਾਰ ਮਾਈ ਨੇ ਬਾਬਾ ਜੀ ਕੋਲ ਪੁੱਤਰ ਦੀ ਦਾਤ ਵਾਸਤੇ ਬੇਨਤੀ ਕੀਤੀ, ਹਜ਼ੂਰ ਨੇ ਬਚਨ ਕੀਤਾ, "ਤੁਸੀਂ ਕੇਸਰ ਸਿੰਘ ਕੋਲ ਅਰਜ਼ ਕਰੋ।" ਹੁਕਮ ਅਨੁਸਾਰ ਮਾਈ ਨੇ ਕੇਸਰ ਸਿੰਘ ਕੋਲੋਂ ਪੁੱਤਰ ਦੀ ਮੰਗ ਕੀਤੀ। ਕੇਸਰ ਸਿੰਘ ਨੇ ਬਚਨ ਕੀਤਾ, "ਹੋ ਜਾਏਗਾ।" ਭਾਈ ਕੇਸਰ ਸਿੰਘ ਮੰਜੇ ਉੱਤੇ ਪਿਆ ਹੀ ਜਪੁ ਜੀ ਸਾਹਿਬ ਦਾ ਪਾਠ ਕਰ ਰਿਹਾ ਸੀ। ਕੁਝ ਸਮਾਂ ਉਪਰੰਤ ਮਾਈ ਦੇ ਘਰ ਪੁੱਤਰ ਹੋ ਗਿਆ। ਉਸ ਬੱਚੇ ਦਾ ਨਾਮ ਦਰਬਾਰਾ ਸਿੰਘ ਰੱਖਿਆ। ਫਿਰ ਮਾਈ ਦਰਸ਼ਨ ਕਰਨ ਆਈ ਤਾਂ ਬੱਚੇ ਦਰਬਾਰਾ ਸਿੰਘ ਨੂੰ ਨਾਲ ਲੈ ਆਈ। ਦਰਬਾਰਾ ਸਿੰਘ ਵੱਲ ਤੱਕ ਕੇ ਬਾਬਾ ਜੀ ਨੇ ਬਚਨ ਕੀਤਾ, "ਇਸ ਲੜਕੇ ਨੇ ਰਾਜੇ ਦੇ ਘਰ ਜਨਮ ਲੈਣਾ ਸੀ, ਇਹ ਦਾਨੇ ਵਾਲੇ ਦਾ ਤਪੱਸਵੀ ਹੈ ਪਰ ਇਸ ਦੀ ਇਥੇ ਲੋੜ ਸੀ, ਇਹ ਸਾਰਾ ਪ੍ਰਤਾਪ ਜਪੁ

ਜੀ ਸਾਹਿਬ ਦੇ ਪਾਠ ਦਾ ਹੈ, ਇਸ ਦਾ ਇਥੇ ਜਨਮ ਹੋ ਗਿਆ।" ਤੇ ਬਾਬਾ ਜੀ ਦਰਬਾਰਾ ਸਿੰਘ ਨੂੰ 'ਬਾਲਾ' ਆਖ ਕੇ ਬੁਲਾਉਂਦੇ ਸਨ। ਜਿਸ ਵਕਤ ਦਰਬਾਰਾ ਸਿੰਘ ਦੀ ਉਮਰ ਅੱਠ-ਨੌਂ ਸਾਲ ਦੀ ਹੋਈ ਫਿਰ ਸੰਤ ਦਲ ਸਿੰਘ ਵਾਲੇ ਡੇਰੇ ਪੜ੍ਹਨ ਲੱਗ ਪਿਆ। ਇਕ ਵਾਰ ਦਰਬਾਰਾ ਸਿੰਘ ਬਾਬਾ ਜੀ ਦੇ ਦਰਸ਼ਨ ਕਰਨ ਆਇਆ ਤਾਂ ਬਾਬਾ ਜੀ ਨੇ ਕੋਲ ਬਿਠਾ ਕੇ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ। ਪਾਠ ਕਰਨ ਸਮੇਂ ਨਾਲ-ਨਾਲ ਗ਼ਲਤੀਆਂ ਦੱਸ ਕੇ ਪਾਠ ਸ਼ੁੱਧ ਕਰਵਾਇਆ। ਫਿਰ ਉਸ ਨੂੰ ਪਾਠ ਕਰਨ ਦੀ ਮਰਿਆਦਾ ਦੱਸ ਕੇ ਰੋਜ਼ ਪਾਠ ਕਰਨ ਦਾ ਹੁਕਮ ਕੀਤਾ ਜੋ ਹੁਕਮ ਅਨੁਸਾਰ ਅੱਜ ਤਕ ਕਰ ਰਿਹਾ ਹੈ। ਫਿਰ ਬਾਬਾ ਜੀ ਨੇ ਮਾਈ ਨਰੈਣ ਕੌਰ ਨੂੰ ਇਕ ਚਾਦਰ ਅਤੇ ਦੋ ਰੁਪਏ ਦੇ ਕੇ ਬਚਨ ਕੀਤਾ, ਘਰ ਵਿਚ ਰੱਖਣੇ, ਪਦਾਰਥ ਦੀ ਘਾਟ ਨਹੀਂ ਆਏਗੀ।

*(ਇਹ ਬਚਨ ਭਾਈ ਦਰਬਾਰਾ ਸਿੰਘ ਨੇ ਲਿਖਾਇਆ, ਨਗਰ ਚੰਨਣ ਖੇੜਾ ਨੇ।)*

## ਵਡੀ ਹੂ ਵਡਾ ਅਪਾਰ ਤੇਰਾ ਮਰਤਬਾ॥ ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ॥

*(ਅੰਗ ੯੬੫)*

ਇਕ ਵਾਰ ਦਰਬਾਰਾ ਸਿੰਘ ਨਾਲ ਇਕ ਪੰਡਿਤ, ਇਸ ਪੰਡਿਤ ਦਾ ਪਿੰਡ ਗਦੋਂ ਡੋਬ ਸੀ, ਤੇ ਨਾਮ ਹਰੀ ਕ੍ਰਿਸ਼ਨ ਸੀ, ਬਾਬਾ ਜੀ ਦੇ ਦਰਸ਼ਨ ਕਰਨ ਆਇਆ। ਪਹਿਰੇਦਾਰ ਰਾਹੀਂ ਦਰਸ਼ਨ ਕਰਨ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਉਸ ਨੂੰ ਅੰਦਰ ਬੁਲਾ ਲਿਆ। ਪੰਡਿਤ ਨੇ ਨਮਸਕਾਰ ਕੀਤੀ, ਉਪਰੰਤ ਬਾਬਾ ਜੀ ਨੇ ਪੁੱਛਿਆ, "ਕਿਵੇਂ ਆਏ ਪੰਡਿਤ ਜੀ ?" ਤੇ ਪੰਡਿਤ ਜੀ ਨੇ ਬੇਨਤੀ ਕੀਤੀ, "ਮਹਾਰਾਜ, ਦਰਸ਼ਨ ਹੀ ਕਰਨੇ ਸਨ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕੋਈ ਪ੍ਰਸ਼ਨ ਹੈ ਤਾਂ ਦੱਸੋ।" ਤਾਂ ਪੰਡਿਤ ਜੀ ਨੇ ਬੇਨਤੀ ਕੀਤੀ ਮਹਾਰਾਜ ਕੋਈ ਬਚਨ ਸੁਣਾਉ। ਉਪਰੰਤ

ਬਾਬਾ ਜੀ ਨੇ ਚਾਰ ਸਲੋਕ ਸੰਸਕ੍ਰਿਤ ਵਿਚ ਉਚਾਰੇ ਸਲੋਕ ਸੁਣ ਕੇ ਪੰਡਿਤ ਨੇ ਬੇਨਤੀ ਕੀਤੀ, ਜੀ ਇਹਨਾਂ ਦੇ ਅਰਥ ਬੜੇ ਗੂੜ੍ਹੇ, ਮੇਰੀ ਸਮਝੋਂ ਬਾਹਰ ਹਨ। ਮੈਂ ਪਹਿਲੀ ਵਾਰੀ ਸੁਣੇ ਹਨ,. ਉਸ ਸਮੇਂ ਅਸਮਾਨ ਵਿਚ ਇਕ ਨਿੱਕੀ ਜਿਹੀ ਬੱਦਲੀ ਹੋਈ ਸੀ, ਅਚਾਨਕ ਹੀ ਉਸ ਵਿਚੋਂ ਮੀਂਹ ਆਰੰਭ ਹੋ ਗਿਆ। ਪੰਡਿਤ ਬੱਦਲਾਂ ਵੱਲ ਵੇਖਣ ਲੱਗ ਪਿਆ। ਪੰਡਿਤ ਨੂੰ ਕੋਠੜੀ ਦੇ ਬਾਹਰੋਂ ਜੈਕਾਰੇ ਛੱਡਣ ਦੀ ਆਵਾਜ਼ ਆਈ ਤੇ ਪੰਡਿਤ ਹੈਰਾਨ ਹੋ ਕੇ ਬਾਹਰ ਵੱਲ ਨੂੰ ਵੇਖਣ ਲੱਗ ਪਿਆ ਤੇ ਬਾਬਾ ਜੀ ਨੇ ਆਪਣੇ ਪੱਟ 'ਤੇ ਹੱਥ ਮਾਰ ਕੇ ਬਚਨ ਕੀਤਾ, "ਬਾਚਾ ਬੰਦ" ਉਸੇ ਵੇਲੇ ਕਣੀਆਂ ਅਤੇ ਜੈਕਾਰਿਆਂ ਦੀ ਆਵਾਜ਼ ਬੰਦ ਹੋ ਗਈ। ਬਾਬਾ ਜੀ ਨੇ ਬਚਨ ਕੀਤਾ, "ਪੰਡਿਤ ਜੀ, ਡਰੋ ਨਾ ਅਜੇ ਤਾਂ ਇਕ ਹੀ ਸ਼ੇਰ ਗੱਜਿਆ ਹੈ।" ਇਸ ਉਪਰੰਤ ਬਾਬਾ ਜੀ ਨੇ ਪੰਡਿਤ ਨੂੰ ਪੁੱਛਿਆ, "ਪੰਡਿਤ ਜੀ ਤੇਰੇ ਨਾਲ ਇਕ ਬੈਣਾ ਬਾਣੀਆ ਸੀ, ਉਹ ਕਿਥੇ ਹੈ?" ਤਾਂ ਪੰਡਿਤ ਨੇ ਕਿਹਾ, "ਜੀ, ਇਥੇ ਬਠਿੰਡੇ ਉਸਦੀ ਲੜਕੀ ਹੈ, ਉਥੇ ਅੱਜ ਰਹੇਗਾ ਤੇ ਕੱਲ੍ਹ ਨੂੰ ਇਥੇ ਆਏਗਾ। ਇਥੇ ਉਸ ਦੀ ਭਤੀਜੀ ਹੈ।" ਇਹਨਾਂ ਸਾਰੀਆਂ ਗੱਲਾਂ 'ਤੇ ਪੰਡਿਤ ਹੈਰਾਨ ਹੋ ਕੇ ਨਮਸਕਾਰ ਕਰ ਕੇ ਚਲਾ ਗਿਆ। ਬਾਬਾ ਜੀ ਦੇ ਸਮੇਂ ਕੁਝ ਜਗ੍ਹਾ ਬਾਬਾ ਜੀ ਨੇ ਸ਼ਰਾ ਕਰਵਾ ਕੇ ਰੱਖੀ ਹੋਈ ਸੀ, ਉਥੇ ਥੁੱਕਣ ਦੀ ਮਨਾਹੀ ਸੀ, ਜੇ ਕੋਈ ਥੁੱਕ ਦੇਂਦਾ ਤਾਂ ਦੋ-ਦੋ ਘੜੇ ਪਾਣੀ ਦੇ ਪੁਆ ਕੇ ਸਾਫ਼ ਕਰਵਾਉਂਦੇ ਸਨ। ਉਸ ਸਮੇਂ ਡੇਰੇ ਵਿਚ ਕੇਸਰ ਸਿੰਘ ਨੂੰ ਹੀ ਮੰਜਾ ਮਿਲਿਆ ਹੋਇਆ ਸੀ ਹੋਰ ਸਾਰੀ ਸੰਗਤ ਜ਼ਮੀਨ 'ਤੇ ਹੀ ਸੌਂਦੀ ਸੀ।

*(ਇਹ ਬਚਨ ਸ. ਦਰਬਾਰਾ ਸਿੰਘ ਨੇ ਲਿਖਵਾਏ।)*

# ਜੋ ਤੂੰ ਕਰਹਿ ਸੋਈ ਪਰਵਾਣੁ ॥
# ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥

*(ਅੰਗ ੩੭੬)*

ਮਹਾਂ ਪੁਰਖ ਕਿਸੇ ਨਾਲ ਕੈਸਾ ਵਿਹਾਰ ਕਰਦੇ ਹਨ ਇਹ ਤਾਂ ਉਹ ਆਪ ਜੀ ਜਾਣਦੇ ਹਨ। ਪ੍ਰੰਤੂ ਸੇਵਕਾਂ ਦੇ ਮਨ ਵਿਚ ਸ਼ੰਕਾ ਆ ਜਾਵੇ ਤੇ ਸਮਰੱਥ ਪੁਰਖ ਉਸ ਨੂੰ ਛੇਤੀ ਹੀ ਨਵਿਰਤ ਕਰ ਦਿੰਦੇ ਹਨ। ਬੀਬੀ ਸਾਹਿਬ ਕੌਰ ਦਾਦੂ ਮੱਠ ਵਾਲੀ ਇਕ ਇਸ ਨਾਲ ਮਾਸਟਰਨੀ ਬੀਬੀ ਅਮਰ ਕੌਰ ਸੀ, ਬਾਬਾ ਜੀ ਇਹਨਾਂ ਨੂੰ ਹੁਕਮ ਨਾਲ ਦੁੱਧ ਪੀਣ ਲਈ ਦਿੰਦੇ। ਇਕ ਦਿਨ ਨੀਲਾ ਸਿੰਘ ਦੇ ਮਨ ਵਿਚ ਆਈ ਕਿ ਬਾਬਾ ਜੀ ਸਾਨੂੰ ਸੇਵਾਦਾਰਾਂ ਨੂੰ ਪੁੱਛਦੇ ਨਹੀਂ ਤੇ ਇਹਨਾਂ ਲੜਕੀਆਂ ਨੂੰ ਦੁੱਧ ਪੀਣ ਨੂੰ ਦਿੰਦੇ ਹਨ। ਇਧਰ ਬਾਬਾ ਜੀ ਮਨ ਦੀਆਂ ਬੁੱਝਣ ਵਾਲੇ 'ਵਿਣ ਬੋਲਿਆ ਸਭ ਕਿਛ ਜਾਣਦਾ' ਵਾਲੀ ਸਮਰੱਥਾ ਰੱਖਦੇ ਸਨ। ਅਗਲੇ ਦਿਨ ਨੀਲਾ ਸਿੰਘ ਨੂੰ ਸੱਦ ਕੇ ਦੁੱਧ ਦਾ ਭਰਿਆ ਬਰਤਨ ਦੇ ਕੇ ਹੁਕਮ ਕੀਤਾ, "ਨੀਲਾ ਸਿੰਆਂ, ਚੁੱਕ ਦੁੱਧ ਪੀ ਲੈ, ਤੂੰ ਕੱਲ੍ਹ ਆਖਦਾ ਸੀ ਸਾਨੂੰ ਦੁੱਧ ਕਦੇ ਪੁੱਛਿਆ ਨਹੀਂ, ਇਹਨਾਂ ਬੀਬੀਆਂ ਨੂੰ ਦੁੱਧ ਪਿਆਉਂਦੇ ਹਨ ਪਰ ਜੇ ਤੂੰ ਇਤਨਾ ਭਜਨ ਕਰਦਾ ਹੈਂ ਤਾਂ ਦੁੱਧ ਨੂੰ ਹੱਥ ਪਾਈਂ। ਨੀਲਾ ਸਿੰਘ ਵੀ ਇਸ ਰਮਜ਼ ਨੂੰ ਸਮਝ ਗਿਆ, ਉਸ ਨੇ ਝੱਟ ਹੀ ਮਾਫ਼ੀ ਮੰਗ ਲਈ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।"

# ਮਾਨਸ ਕੀ ਕਹੁ ਕੇਤਕ ਬਾਤ॥
# ਜਮ ਤੇ ਰਾਖੈ ਦੇ ਕਰਿ ਹਾਥ॥

*(ਅੰਗ ੧੧੪੯)*

ਸੇਵਕਾਂ ਦੀ ਸਦਾ ਹੀ ਰੱਖਿਆ ਕਰਨੀ ਆਦਿ ਕਾਲ ਤੋਂ ਮਰਿਆਦਾ ਚਲੀ ਆਈ ਹੈ। ਕੋਈ ਦੁੱਖ ਜੇ ਸੇਵਾਦਾਰ ਨੂੰ ਲੱਗਿਆ ਪਰਮੇਸ਼ਰ ਨੇ ਤਤਕਾਲ ਹੀ ਦੂਰ ਕਰ ਦਿੱਤਾ। ਸੇਵਾਦਾਰ ਨੂੰ ਦੁੱਖ ਲੱਗਣਾ ਵੀ ਫਿਰ ਇਸ ਦੁੱਖ ਦੀ ਨਵਿਰਤੀ ਕਰਨੀ ਇਸ ਵਿਚ ਵੀ ਕੋਈ ਰੱਬੀ ਭੇਦ ਹੁੰਦਾ ਹੈ। ਇਕ ਵਾਰ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਦੋਵੇਂ ਹੀ ਲੰਗਰ ਪਕਾਉਣ ਜਾਣ ਵਾਸਤੇ ਤਿਆਰੀ ਕਰ ਰਹੇ ਸਨ। ਅਚਾਨਕ ਹੀ ਭਾਈ ਰਤਨ ਸਿੰਘ ਡਰੋਲੀ ਬੇਹੋਸ਼ ਹੋ ਕੇ ਡਿੱਗ ਪਏ, ਮੂੰਹ ਵਿਚ ਪਾਣੀ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਪਾਣੀ ਵੀ ਨਾ ਲੰਘਿਆ। ਫਿਰ ਉਸੇ ਸਮੇਂ ਹੀ ਬਾਬਾ ਜੀ ਨੂੰ ਖ਼ਬਰ ਕਰ ਦਿੱਤੀ ਗਈ। ਉਪਰੰਤ ਹਜ਼ੂਰ ਨੇ ਹੁਕਮ ਕੀਤਾ, "ਨੀਲਾ ਸਿੰਆਂ, ਤੂੰ ਤੇ ਭਜਨ ਸਿੰਘ ਅੱਜ ਦੇਵੀ ਨਾਲ ਲੰਗਰ ਪਕਾ ਕੇ ਲਿਆਉ ਅਤੇ ਤੂੰ ਬਾਲਿਆ, ਤੂੰ ਅਤੇ ਕਪੂਰ ਸਿੰਘ ਰਤਨ ਸਿੰਘ ਡਰੋਲੀ ਨੂੰ ਚੁੱਕ ਲਿਆਉ।" ਹੁਕਮ ਅਨੁਸਾਰ ਭਾਈ ਰਤਨ ਸਿੰਘ ਡਰੋਲੀ ਨੂੰ ਚੁੱਕ ਕੇ ਬਾਬਾ ਜੀ ਦੀ ਹਜ਼ੂਰੀ ਲਿਆ ਕੇ ਪਾ ਦਿੱਤਾ। ਬਾਬਾ ਜੀ ਨੇ ਹੁਕਮ ਕਰ ਕੇ ਭਾਈ ਕਪੂਰ ਸਿੰਘ ਨੂੰ ਕਿਹਾ, "ਕਪੂਰ ਸਿੰਆਂ, ਤੂੰ ਜਪੁ ਜੀ ਸਾਹਿਬ ਦੇ ਪੱਚੀ ਪਾਠ ਸਾਡੇ ਕੋਲ ਬੈਠ ਕੇ ਸੁਣਾ।" ਇਸ ਸਮੇਂ ਬਾਬਾ ਜੀ ਆਪਣੇ ਹੱਥਾਂ ਨਾਲ ਭਾਈ ਰਤਨ ਸਿੰਘ ਡਰੋਲੀ ਦੀ ਸ਼ਰਾ ਕਰਨ ਲੱਗ ਪਏ, ਸਿਰ ਤੋਂ ਲੈ ਕੇ ਪੈਰਾਂ ਤਕ ਆਪਣੀ ਮਰਿਆਦਾ ਆਪ ਹੀ ਕਰਦੇ ਰਹੇ। ਸ਼ਾਮ ਦਾ ਲੰਗਰ ਪੱਕ ਕੇ ਆ ਗਿਆ, ਜਿਸ ਸਮੇਂ ਲੰਗਰ ਪੱਕ ਕੇ ਹਜ਼ੂਰੀ ਵਿਚ ਪਹੁੰਚਾਉਣ ਦੀ ਬੇਨਤੀ ਬਾਬਾ ਜੀ ਕੋਲ ਕੀਤੀ, ਹਜ਼ੂਰ ਨੇ ਲੰਗਰ ਦੀ ਸਾਰੀ ਮਰਿਆਦਾ ਜਿਵੇਂ ਪਿੱਛੇ ਲਿਖਿਆ ਹੈ, ਕਰਵਾ ਕੇ ਲੰਗਰ ਵਰਤਾਉਣ ਵਾਸਤੇ ਹੁਕਮ ਕੀਤਾ। ਉਧਰ ਲੰਗਰ

ਵਰਤਣ ਲੱਗ ਪਿਆ, ਬਾਬਾ ਜੀ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਬਾਹ ਫੜ ਕੇ ਕਿਲਕਾਰੀ ਮਾਰ ਕੇ ਜ਼ੋਰ ਨਾਲ ਬਚਨ ਕੀਤਾ, "ਸਾਡੇ ਬੈਠੇ ਕੌਣ ਹੈ ਜੋ ਤੈਨੂੰ ਕੁਝ ਆਖ ਸਕੇ।" ਉਪਰੰਤ ਭਾਈ ਰਤਨ ਸਿੰਘ ਡਰੋਲੀ ਉੱਠ ਕੇ ਬੈਠ ਗਿਆ। ਫਿਰ ਹੁਕਮ ਕਰ ਕੇ ਬਚਨ ਕੀਤਾ "ਜਿਹੜੇ ਪਾਠ ਬਾਕੀ ਰਹਿੰਦੇ ਹਨ ਸੁਣ ਕੇ ਉੱਠੀ।" ਉਪਰੰਤ ਸਾਰੇ ਪਾਠ ਸੁਣਾਏ, ਹੁਕਮ ਕੀਤਾ, "ਜਾ ਲੰਗਰ ਵਿਚ ਅਨੁਪਾਨ ਕਰ ਲੈ।" ਹੁਕਮ ਅਨੁਸਾਰ ਜਾ ਕੇ ਪ੍ਰਸ਼ਾਦਾ ਛੱਕ ਲਿਆ। ਉਪਰੰਤ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੂੰ ਹਾਜ਼ਰ ਕਰ ਕੇ ਤਕੜੇ ਹੋ ਨਿਤਨੇਮ ਕਰਨ ਦੀ ਆਗਿਆ ਦਿੱਤੀ।

*(ਇਹ ਪ੍ਰਸੰਗ ਲੇਖਕ ਨੂੰ ਮਾਤਾ-ਪਿਤਾ ਪਾਸੋਂ ਮਿਲਿਆ।)*

# ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮਖਿ ਪਰਗਟੁ ਹੋਇ॥

*(ਅੰਗ ੬੦੫)*

ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਸਰੀਰਕ ਤੌਰ 'ਤੇ ਤਾਂ ਇਕ ਥਾਂ ਉੱਤੇ ਬਿਰਾਜਦੇ ਰਹੇ ਪਰੰਤੂ ਵਿਚ ਕਿਥੇ-ਕਿਥੇ ਕਿਸ-ਕਿਸ ਦੀ ਸਹਾਇਤਾ ਕੀਤੀ, ਕਿਸ-ਕਿਸ ਨੂੰ ਰੂਹਾਨੀ ਅਗਵਾਈ ਕਰ ਕੇ ਨਿਵਾਜਿਆ ਜੋ ਪ੍ਰਸੰਗ ਮਿਲੇ ਹਿੱਸਿਆ ਵਿਚ ਆ ਚੁੱਕੇ ਹਨ, ਅੱਜ ਅੱਗੇ ਹੋਰ ਪ੍ਰਸੰਗ ਪੜ੍ਹੋ। ਗੁਰਬਾਣੀ ਵਿਚ ਫ਼ੁਰਮਾਨ ਹੈ:

**ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥**
**ਜਨ ਨਾਨਕ ਗੁਰਮਖਿ ਪਰਗਟ ਹੋਇ॥**

*(ਅੰਗ ੧੨)*

ਇਕ ਵਾਰ ਦੁਪਹਿਰ ਦੇ ਸਮੇਂ ਲੰਗਰ ਤਿਆਰ ਹੋ ਕੇ ਆਇਆ ਅਤੇ ਬਾਬਾ ਜੀ ਐਸੇ ਸਮਾਧੀ ਅਸਥਿਤ ਹੋਏ ਕਿ ਕਿਸੇ ਤਰ੍ਹਾਂ ਵੀ ਨਾ ਬੋਲੇ। ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲੇ ਅੱਗੇ ਜਿਸ ਤਰੀਕੇ ਨਾਲ ਆਵਾਜ਼ ਦੇ ਕੇ ਬੁਲਾਉਂਦੇ ਸਨ, ਉਹਨਾਂ ਨੇ ਵੀ ਬੁਲਾਇਆ ਪਰ ਕੋਈ ਉੱਤਰ ਨਾ ਆਉਣ

ਕਰਕੇ ਉਹ ਵੀ ਚੁੱਪ ਕਰ ਰਹੇ ਅਤੇ ਫਿਰ ਭਾਈ ਕੇਸਰ ਸਿੰਘ ਨੂੰ ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਦੀ ਸਮਾਧੀ ਖੁਲ੍ਹਵਾਉ ਤੇ ਉਹਨਾਂ ਨੇ ਵੀ ਕੋਈ ਉੱਤਰ ਨਾ ਦਿੱਤਾ। ਆਖ਼ਰ ਤੇ ਉਡੀਕ ਕਰਦਿਆਂ ਸਵੇਰੇ ਦਾ ਲੰਗਰ ਪੱਕ ਕੇ ਆਇਆ ਦੁਪਹਿਰ ਦੇ ਢਲਣ ਦਾ ਸਮਾਂ ਹੋ ਗਿਆ ਇਤਨੀ ਦੇਰ ਨੂੰ ਕੁਝ ਸੰਗਤ ਬਾਹਰੋਂ ਵੀ ਦਰਸ਼ਨ ਕਰਨ ਨੂੰ ਆ ਗਈ ਤੇ ਪਹਿਰੇਦਾਰ ਉਹਨਾਂ ਨੂੰ ਅੰਦਰ ਆਉਣ ਦੀ ਆਗਿਆ ਨਾ ਦੇਵੇ। ਉਹਨਾਂ ਨੇ ਹੁਕਮ ਬਗ਼ੈਰ ਅੱਗੇ ਆ ਕੇ ਦਰਸ਼ਨ ਕੀਤੇ, ਪਿੱਛੇ ਮੁੜਨ, ਦਿਨ ਢਲਣ ਵਾਲਾ ਹੋ ਗਿਆ। ਸੰਗਤ ਅਤੇ ਸੇਵਾਦਾਰ ਸਭ ਭੁੱਖੇ ਬੈਠੇ, ਇਤਨੀ ਦੇਰ ਨੂੰ ਸੰਤ ਚਿੰਤ ਰਾਮ ਜੀ ਟਿੱਲੇ ਉੱਤੇ ਬੈਠੇ ਸਨ ਤੇ ਉੱਠ ਕੇ ਖੜੇ ਹੋ ਗਏ ਤੇ ਚੜ੍ਹਦੇ ਵੱਲ ਮੂੰਹ ਕਰ ਕੇ ਜ਼ੋਰ ਨਾਲ ਆਵਾਜ਼ ਦੇ ਕੇ ਬਚਨ ਕੀਤਾ, "ਮਹਾਰਾਜ, ਤੁਸੀਂ ਤਾਂ ਬਦਰੀ ਨਰਾਇਣ ਵੱਲ ਤੁਰੇ ਫਿਰਦੇ ਹੋ, ਇਥੇ ਦਿਨ ਢਲਣ ਵਾਲਾ ਹੋ ਗਿਆ ਹੈ ਤੇ ਸੰਗਤ ਭੁੱਖੀ ਤਿਹਾਈ ਬੈਠੀ ਹੈ। ਬਾਹਰਲੀ ਸੰਗਤ ਦਰਸ਼ਨ ਕਰਨ ਆਈ ਹੈ, ਮਿਹਰ ਕਰੋ, ਜਿਨ੍ਹਾਂ ਨੇ ਦਰਸ਼ਨ ਕਰਨੇ ਹਨ, ਉਹਨਾਂ ਨੂੰ ਦਰਸ਼ਨ ਦਿਉ ਅਤੇ ਲੰਗਰ ਦੀ ਮਰਿਆਦਾ ਕਰਾਉ। ਸੰਗਤ ਪ੍ਰਸ਼ਾਦਾ ਛਕੇ। ਸ੍ਰੀ ਚਿੰਤ ਰਾਮ ਜੀ ਦੇ ਆਵਾਜ਼ ਦੇਣ ਦੀ ਦੇਰ ਹੀ ਸੀ, ਉਪਰੰਤ ਬਾਬਾ ਜੀ ਖੰਘੂਰਾ ਮਾਰਿਆ ਤੇ ਬਚਨ ਕੀਤਾ, "ਚਿੰਤ ਰਾਮਾ, ਜੇ ਤੂੰ ਵੇਖ ਲਿਆ ਸੀ ਤਾਂ ਸਾਨੂੰ ਆਵਾਜ਼ ਦੇ ਕੇ ਚੁੱਪ ਕਰ ਜਾਂਦਾ, ਅਸੀਂ ਆ ਜਾਂਦੇ। ਤੈਨੂੰ ਜਿਥੇ ਅਸੀਂ ਬੈਠੇ ਸੀ, ਉਸ ਥਾਂ ਦਾ ਨਾਂ ਲੈ ਕੇ ਬੋਲਣ ਦੀ ਲੋੜ ਨਹੀਂ ਸੀ। ਅੱਗੇ ਤੋਂ ਤੂੰ ਸਾਨੂੰ ਵੇਖ ਸਕੇਂਗਾ ਪਰ ਤੇਰਾ ਬੋਲਣਾ ਬੰਦ।" ਉਪਰੰਤ ਲੰਗਰ ਦੀ ਮਰਿਆਦਾ ਕਰਾਈ ਤੇ ਸੰਗਤ ਵਿਚ ਲੰਗਰ ਵਰਤਿਆ। ਆਈ ਹੋਈ ਸੰਗਤ ਨੂੰ ਦਰਸ਼ਨ ਦੇ ਕੇ ਤੋਰਿਆ।

**ਅਪਨੇ ਚਲਿਤ ਆਪਿ ਕਰਣੈਹਾਰ॥**
**ਕਉਤਕ ਕਰੈ ਰੰਗ ਆਪਾਰ॥**
**ਮਨ ਮਹਿ ਆਪਿ ਮਨ ਅਪੁਨੇ ਮਾਹਿ॥**
**ਨਾਨਕ ਕੀਮਤਿ ਕਹਨੁ ਨ ਜਾਇ॥**

*(ਅੰਗ ੨੭੯)*

*(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮੇ ਵਾਲਿਆਂ ਤੇ ਫਿਰ ਮਾਤਾ-ਪਿਤਾ ਤੋਂ ਸੁਣਿਆ।)*

# ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥

*(ਅੰਗ ੧੧੮੧)*

ਪਿੱਛੇ ਪਾਠਕ ਪੜ੍ਹ ਆਏ ਹਨ ਕਿ ਬਾਬਾ ਜੀ ਦੇ ਅਸਥਾਨ ਉੱਤੇ ਪੰਜਾਹ-ਸੱਠ ਕੁੱਤੇ ਸਨ। ਉਸ ਸਮੇਂ ਬਾਬਾ ਜੀ ਦੇ ਅਸਥਾਨ ਉੱਤੇ ਕੋਈ ਚਾਰ-ਦੀਵਾਰੀ ਵਗ਼ੈਰਾ ਨਹੀਂ ਸੀ, ਜਿਸ ਵਕਤ ਬਾਬਾ ਜੀ ਦਾ ਆਸਣ ਟਿੱਲੇ ਤੋਂ ਹੇਠਾਂ ਆ ਗਿਆ, ਸਾਰੀ ਜਗ੍ਹਾ ਆਮ ਤੌਰ ਉੱਤੇ ਖੁੱਲ੍ਹੀ ਪਈ ਹੁੰਦੀ ਸੀ। ਜਿਸ ਸੇਵਕ ਨੂੰ ਹੁਕਮ ਹੁੰਦਾ, ਉਹ ਹੁਕਮ ਅਨੁਸਾਰ ਜਿਸ ਜਗ੍ਹਾ ਦਾ ਬਾਬਾ ਜੀ ਹੁਕਮ ਕਰਦੇ, ਉਥੇ ਝਾੜੂ ਫੇਰਨ ਦੀ ਸੇਵਾ ਕਰ ਦਿੰਦਾ। ਇਕ ਵਾਰ ਭਾਈ ਨੀਲਾ ਸਿੰਘ ਹੁਕਮ ਅਨੁਸਾਰ ਟਿੱਲੇ ਉੱਤੇ ਝਾੜੂ ਦੀ ਸੇਵਾ ਕਰਨ ਗਿਆ ਕੀ ਵੇਖਿਆ ਕਿ ਟਿੱਲੇ ਉੱਤੇ ਮਰੇ ਪਸ਼ੂ ਦਾ ਕੁਰੰਗ ਪਿਆ ਹੈ। ਉਸ ਨੇ ਕੁਰੰਗ ਵੀ ਉਥੋਂ ਕਿਵੇਂ ਨਾ ਕਿਵੇਂ ਚੁੱਕ-ਚੁਕਾ ਦਿੱਤਾ, ਨਫ਼ਰਤ ਤੇ ਗ਼ੁੱਸੇ ਵਿਚ ਸੁਭਾਵਿਕ ਹੀ ਮੂੰਹੋਂ ਕੁੱਤਿਆਂ ਦੇ ਬਾਰੇ ਨਿਕਲ ਗਿਆ। ਓਇ ਤੁਹਾਨੂੰ ਬੀਮਾਰੀ ਪੈ ਜਾਏ । ਤੁਸੀਂ ਕੁਰੰਗ ਇਥੇ ਲੈ ਆਏ। ਉਪਰੰਤ ਸ਼ਾਮ ਦੇ ਸਮੇਂ ਜਿਸ ਵਕਤ ਸੇਵਾਦਾਰ ਕੁੱਤਿਆਂ ਨੂੰ ਰੋਟੀ ਪਾਉਣ ਗਏ, ਪਰੰਤੂ ਸੱਦਣ ਦੇ ਬਾਵਜੂਦ ਵੀ ਕੁੱਤਾ ਕੋਈ ਨਾ ਆਇਆ, ਜਿਥੇ ਪਏ ਸੀ ਪਏ ਰਹੇ। ਉਪਰੰਤ ਸੇਵਾਦਾਰ ਨੇ ਬਾਬਾ ਜੀ ਕੋਲ ਬੇਨਤੀ ਕੀਤੀ, ਮਹਾਰਾਜ ਕੁੱਤੇ ਬੀਮਾਰ ਹੋਏ ਲੱਗਦੇ ਹਨ, ਰੋਟੀ ਨੂੰ ਮੂੰਹ ਨਹੀਂ ਲਾਉਂਦੇ ਅਤੇ ਬਾਬਾ ਜੀ ਨੇ ਬਚਨ ਕੀਤਾ, "ਸਾਡੇ ਕੁੱਤੇ ਨੀਲਾ ਸਿੰਘ ਨੇ ਬੀਮਾਰ ਕੀਤੇ ਹਨ, ਉਸ ਨੂੰ ਕਹੋ ਜਿਵੇਂ ਬਚਨ ਕਰ ਕੇ ਬੀਮਾਰ ਕੀਤੇ ਹਨ, ਉਸੇ ਤਰ੍ਹਾਂ ਹੀ ਰਾਜ਼ੀ ਕਰੇ, ਬੁਲਾਉ ਨੀਲਾ ਸਿੰਘ ਨੂੰ।" ਹੁਕਮ ਅਨੁਸਾਰ ਨੀਲਾ ਸਿੰਘ ਨੂੰ ਬੁਲਾ ਕੇ ਪੁੱਛਿਆ ਅਤੇ ਉਸ ਨੇ ਬੇਨਤੀ ਕੀਤੀ, ਮਹਾਰਾਜ ਮੈਂ ਗ਼ੁੱਸੇ ਨਾਲ ਨਹੀਂ ਸੀ ਕੁਝ ਕਿਹਾ ਮੇਰੇ ਮੂੰਹ ਵਿਚੋ ਤਾਂ ਸੁਭਾਵਿਕ ਹੀ ਨਿਕਲਿਆ ਸੀ ਤਾਂ ਬਾਬਾ ਜੀ ਨੇ ਬਚਨ ਕੀਤਾ, "ਭਾਈ ਮੂੰਹ ਵਿਚੋਂ ਬਚਨ ਕਰਨ ਲੱਗੇ ਨੇ ਸੋਚਣਾ ਸੀ। ਹੁਣ ਤੂੰ ਹੀ ਇਹਨਾਂ

ਨੂੰ ਰੋਟੀ ਪਾ ਕੇ ਰਾਜ਼ੀ ਕਰ।" ਉਪਰੰਤ ਭਾਈ ਨੀਲਾ ਸਿੰਘ ਨੇ ਬਾਬਾ ਜੀ ਦੀ ਆਗਿਆ ਨਾਲ ਰੋਟੀ ਪਾਈ ਤੇ ਬਚਨ ਕੀਤਾ। ਫਿਰ ਕੁੱਤੇ ਵੀ ਠੀਕ ਹੋ ਗਏ।

*(ਇਹ ਵੱਡੇ ਝੰਡਾ ਸਿੰਘ ਪਾਸੋਂ ਮਿਲਿਆ।)*

## ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥

*(ਅੰਗ ੪੭੫)*

ਹਰ ਇਕ ਮਹਾਤਮਾ ਦੀ ਦਰਗਾਹ ਵਿਚੋਂ ਕੋਈ ਸੇਵਾ ਲੱਗਦੀ ਹੈ, ਉਹ ਹੀ ਇਸ ਨੂੰ ਪੂਰੀ ਕਰਦਾ ਹੈ ਪਰ ਦੁਨੀਆਦਾਰ ਬੰਦਾ ਸਮਝ ਨਹੀਂ ਸਕਦਾ। ਪਰੰਤੂ ਮਹਾਂਪੁਰਖ ਇਸ ਰੱਬੀ ਭੇਤ ਨੂੰ ਜਾਣਦੇ ਹਨ। ਕਿਸੇ ਵਕਤ ਉਹ ਇਸ ਨੂੰ ਪ੍ਰਗਟ ਵੀ ਕਰ ਦਿੰਦੇ ਹਨ। ਕਿਸੇ ਸਮੇਂ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਨਗਰ ਵਿਚ ਆਏ। ਉਥੋਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸਰੋਤ ਅਤੇ ਸਿਫ਼ਤ ਸੁਣ ਕੇ ਦਰਸ਼ਨ ਕਰਨ ਆਏ। ਬਾਬਾ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਗੁਰਬਾਣੀ ਦੀ ਪੰਗਤੀਆਂ ਪੜ੍ਹੀਆਂ।

**ਮਨ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥**
**ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ॥**
**ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡ ਨਾ ਸਾਈਆ॥**
**ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥**

*(ਅੰਗ ੧੦੯੮)*

ਇਕ ਦੂਸਰੇ ਨੂੰ ਅਦਬ ਸਤਿਕਾਰ ਨਾਲ ਮਿਲੇ। ਉਪਰੰਤ ਬਾਬਾ ਜੀ ਨੇ ਉੱਤਰ ਵਿਚ ਪੰਗਤੀਆਂ ਪੜ੍ਹੀਆਂ :

**ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥**
**ਨਿਤ ਸੇਵਿਹੁ ਸਾਹਿਬੁ ਆਪਣਾ ਸਤਿਸੰਗਿ ਮਿਲਾਈਆ॥**
**ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ॥**
**ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ॥**

*(ਮਾਰੂ ਵਾਰ ਮਹਲਾ ੫, ਡਖਣੇ) (ਅੰਗ ੧੦੯੮)*

ਤੇ ਫਿਰ ਜੋ ਬਚਨ ਪਰਸਪਰ ਹੋਏ ਉਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ :

"ਜਿਨ੍ਹਾਂ ਮਹਾਂਪੁਰਖਾਂ ਮੁਗਲੇ ਵਾਲਿਆਂ ਨੇ ਤੁਹਾਨੂੰ ਵਿਦਿਆ ਦੀ ਦਾਤ ਬਖ਼ਸ਼ੀ ਹੈ, ਤੁਸੀਂ ਉਹਨਾਂ ਕੋਲ ਰਹਿ ਕੇ ਕਮਾਈ ਕੀਤੀ ਹੈ, ਉਹ ਪੂਰਨ ਪੁਰਖ ਸਨ। ਉਹਨਾਂ ਨੇ ਹੀ ਰੱਬੀ ਹੁਕਮ ਅਨੁਸਾਰ ਤੁਹਾਨੂੰ ਵਿਦਿਆ ਦੇ ਖ਼ਜ਼ਾਨੇ ਬਖ਼ਸ਼ ਕੇ ਇਸ ਪਾਸੇ ਲਾਇਆ ਹੈ। ਤੁਸੀਂ ਜੋ ਕੁਝ ਕਰ ਰਹੇ ਹੋ, ਇਹ ਵੀ ਇਕ ਰੱਬੀ ਹੁਕਮ ਹੀ ਹੈ। ਅਸੀਂ ਜੋ ਕੁਝ ਕਰ ਕਰਾ ਰਹੇ ਹਾਂ, ਇਹ ਵੀ ਰੱਬੀ ਹੁਕਮ ਹੈ। ਦੁਨੀਆਂ ਨੂੰ ਗੁਰੂ ਘਰ ਨਾਲ ਜੋੜ ਕੇ ਗੁਰਮਤਿ ਦਾ ਗਿਆਨ ਬਖ਼ਸ਼ੋ।" ਇਸ ਸਮੇਂ ਪਿਤਾ ਜੀ ਵੀ ਹਜ਼ੂਰੀ ਵਿਚ ਹਾਜ਼ਰ ਸਨ। ਉਹਨਾਂ ਨੇ ਹੀ ਲਿਖਾਰੀ ਨੂੰ ਬਚਨ ਸੁਣਾਇਆ।

*(ਇਹ ਬਚਨ ਮਾਤਾ-ਪਿਤਾ ਪਾਸੋਂ ਸੁਣਿਆ।)*

## ਸਾਧ ਕੈ ਸੰਗਿ ਨ ਕਤਹੂੰ ਧਾਵੈ ॥
## ਸਾਧ ਸੰਗਿ ਅਸਥਿਤਿ ਮਨੁ ਪਾਵੈ ॥

*(ਅੰਗ ੨੭੧)*

ਸੇਵਕ ਨੂੰ ਸੇਵਾ ਬਖ਼ਸ਼ ਕੇ ਫਿਰ ਮਨ ਵਿਚ ਪੱਕਾ ਸਿਦਕ ਭਰੋਸਾ ਦੇਣਾ। ਇਹ ਸਭ ਕੁਝ ਸਮਰੱਥ ਮਹਾਂਪੁਰਖ ਜਿਤਨੀ ਕੁ ਸੇਵਾ ਲੈਣੀ ਅਤੇ ਜਿਤਨੀ ਕੁ ਬਖ਼ਸ਼ਿਸ਼ ਕਰਨੀ ਉਸ ਦੇ ਅਨੁਸਾਰ ਆਪ ਹੀ ਸਭ ਕੁਝ ਕਰਦੇ ਹਨ। ਆਪਣੀ ਸੇਵਾ ਆਪ ਕਰਾਈ ਗੁਰਮਤਿ ਅੰਤਰ ਜਾਗੀ। ਇਹ ਰੱਬੀ ਫ਼ੁਰਮਾਨ ਪੂਰਾ ਢੁਕਦਾ ਹੈ। ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲੇ ਜਿਨ੍ਹਾਂ ਦੀ ਬਾਬਤ ਪਿੱਛੇ ਜ਼ਿਕਰ ਆਇਆ ਹੈ। ਕਿਵੇਂ ਬਾਬਾ ਜੀ ਨੇ ਆਪ ਕ੍ਰਿਪਾ ਕਰ ਕੇ ਅਣਥੱਕ ਸਿਮਰਨ ਕਰਾਇਆ ਨਾਲ ਹੀ ਨਾਲ ਸੇਵਾ ਵੀ ਕਰਾਈ। ਇਕ ਦਿਨ ਇਕ ਸੇਵਾਦਾਰ ਹਜ਼ੂਰ ਦੇ ਵਾਸਤੇ ਦੁੱਧ ਲੈ ਕੇ ਆਇਆ। ਉਪਰੰਤ ਉਸ ਨੇ ਦੁੱਧ ਰੱਖ ਕੇ ਮੱਥਾ ਟੇਕਿਆ ਅਤੇ ਬੈਠ ਗਿਆ। ਅਤੇ ਇਸ ਤੋਂ ਉਪਰੰਤ ਬਾਬਾ ਜੀ ਨੇ ਹੁਕਮ ਕੀਤਾ, "ਬਾਲਿਆ, ਖ਼ਜ਼ਾਨੇ ਵਿਚੋਂ ਦੋ ਆਨੇ ਲੈ ਕੇ ਆ, ਇਸ ਨੂੰ ਦੇਈਏ।" ਸੰਤ ਨਰੈਣ ਸਿੰਘ ਜੀ ਖ਼ਜ਼ਾਨੇ ਵਿਚ ਗਏ।

ਉਥੇ ਇਕ ਭਰਤ ਦਾ ਗੜਵਾ ਪਿਆ ਸੀ। ਉਸ ਵਿਚ ਜਾ ਕੇ ਪੈਸੇ ਕੱਢਣ ਨੂੰ ਹੱਥ ਪਾਇਆ। ਅੱਗੇ ਗੜਵਾ ਖ਼ਾਲੀ ਪਿਆ ਸੀ। ਉਪਰੰਤ ਸੰਤ ਨਰੈਣ ਸਿੰਘ ਜੀ ਬਾਹਰ ਆਏ, ਉਸ ਵਕਤ ਬਾਬਾ ਜੀ ਪਾਸ ਕੁਝ ਸੰਗਤ ਹੋਰ ਵੀ ਬੈਠੀ ਸੀ ਪਰ ਸੰਤ ਨਰੈਣ ਸਿੰਘ ਜੀ ਚੁੱਪ ਕਰ ਕੇ ਇਕ ਪਾਸੇ ਹੋ ਕੇ ਖੜੇ ਹੋ ਗਏ। ਇਸ ਤੋਂ ਬਾਅਦ ਸੰਤ ਨਰੈਣ ਸਿੰਘ ਜੀ ਨੂੰ ਤਿੰਨ ਵਾਰ ਬਾਬਾ ਜੀ ਨੇ ਖ਼ਜ਼ਾਨੇ ਵਿਚ ਭੇਜਿਆ ਅਤੇ ਤਿੰਨ ਵਾਰ ਹੀ ਖ਼ਾਲੀ ਬਾਹਰ ਆ ਕੇ ਖੜੇ ਹੋ ਜਾਂਦੇ ਰਹੇ ਅਤੇ ਚੌਥੀ ਵਾਰ ਬਾਬਾ ਜੀ ਆਪ ਉੱਠ ਕੇ ਅੰਦਰ ਗਏ ਅਤੇ ਦੁਆਨੀ ਲਿਆ ਕੇ ਦੇ ਦਿੱਤੀ। ਉਪਰੰਤ ਇਸ ਤੋਂ ਕੁਝ ਸਮਾਂ ਬਾਅਦ ਬਾਬਾ ਜੀ ਨੇ ਫਿਰ ਸੰਤ ਨਰੈਣ ਸਿੰਘ ਜੀ ਨੂੰ ਖ਼ਜ਼ਾਨੇ ਵਿਚ ਮਾਇਆ ਲੈਣ ਭੇਜਿਆ। ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਅੱਗੋਂ ਇਨਕਾਰ ਨਹੀਂ ਕੀਤਾ, ਨਾ ਹੀ ਸਵਾਲ ਕੀਤਾ ਕਿ ਮੈਂ ਅੱਗੇ ਤਿੰਨ ਵਾਰ ਗਿਆ ਹਾਂ, ਉਥੇ ਮਾਇਆ ਕਿਥੋਂ ਆਈ, ਗੜਵਾ ਖ਼ਾਲੀ ਪਿਆ ਹੈ। ਬਚਨ ਹੋਇਆ, ਅੰਦਰ ਜਾਉ। ਆਪ ਅੰਦਰ ਚਲੇ ਗਏ, ਜਿਸ ਵਕਤ ਸੰਤ ਨਰੈਣ ਸਿੰਘ ਜੀ ਅੰਦਰ ਗਏ ਤਾਂ ਜਿਹੜਾ ਗੜਵਾ ਅੱਗੇ ਖ਼ਾਲੀ ਪਿਆ ਦੇਖਿਆ ਸੀ, ਉਹੀ ਗੜਵਾ ਮੂੰਹ ਤਕ ਭਰਿਆ ਹੋਇਆ ਸੀ। ਜਿਤਨੀ ਮਾਇਆ ਲੈ ਆਉਣ ਦਾ ਹੁਕਮ ਸੀ, ਉਤਨੀ ਲਿਆ ਕੇ ਦੇ ਦਿੱਤੀ। ਇਸ ਤੋਂ ਬਾਅਦ ਸੰਤ ਨਰੈਣ ਸਿੰਘ ਜੀ ਦਾ ਮਨ ਸੰਭਲ ਗਿਆ ਅਤੇ ਸਿਦਕ ਆ ਗਿਆ ਜਿਵੇਂ ਬਾਣੀ ਵਿਚ ਕਿਹਾ ਹੈ:

**ਗੁਰੁ ਪਰਮੇਸਰੁ ਏਕੋ ਜਾਣੁ ॥**

*(ਅੰਗ ੮੬੪)*

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮ ਹੈ ਏਕੋ ॥**

(ਅੰਗ 793)

*(ਇਹ ਬਚਨ ਸੰਤ ਨਰੈਣ ਸਿੰਘ ਜੀ ਨੇ ਆਪ ਸੰਗਤ ਨੂੰ ਸੁਣਾਇਆ।)*

# ਜਿਸੁ ਸਿਮਰਤ ਹੋਤ ਸੂਕੇ ਹਰੇ॥
# ਜਿਸੁ ਸਿਮਰਤ ਡੂਬਤ ਪਾਹਨ ਤਰੇ॥

*(ਅੰਗ ੧੯੩)*

ਨਾਮ ਰਸੀਏ ਤੇ ਗੁਰੂ ਨਾਨਕ ਨਾਲ ਅਭੇਦ ਮਹਾਂ ਪੁਰਖ ਉਹਨਾਂ ਦੇ ਬਚਨ ਅਤੇ ਉਹਨਾਂ ਦੀ ਮਿਹਰ ਦੀ ਨਿਗਾਹ ਵਿਚ ਕਿਤਨੀ ਬਰਕਤ ਹੁੰਦੀ ਹੈ, ਇਹ ਗੱਲ ਹੈ ਤਾਂ ਕਹਿਣ ਕਥਨ ਤੋਂ ਬਾਹਰ ਹੈ ਪਰ ਜੋ ਪ੍ਰਸੰਗ ਮਿਲੇ ਹਨ, ਇਕ ਇਥੇ ਦਰਜ ਕਰ ਰਹੇ ਹਾਂ। ਇਸ ਭੁੱਚੋ ਨਗਰ ਦੇ ਦੋ ਭਰਾ ਬਾਬਾ ਜੀ ਪਾਸ ਆਏ, ਜਿਨ੍ਹਾਂ ਦੇ ਨਾਮ ਬਖਤੌਰ ਸਿੰਘ ਭੁੱਲਰ ਅਤੇ ਨਿੱਕਾ ਸਿੰਘ ਭੁੱਲਰ ਸੀ। ਨਿੱਕਾ ਸਿੰਘ ਭੁੱਲਰ ਦਾ ਲੜਕਾ ਜਿਸ ਦਾ ਨਾਮ ਜੋਰਾ ਸਿੰਘ ਜੀ, ਇਹ ਸਰੀਰ ਕਰਕੇ ਕੁਝ ਢਿੱਲਾ ਰਹਿੰਦਾ ਸੀ ਤੇ ਦੋਵੇਂ ਭਰਾ ਮਿਲ ਕੇ ਬਾਬਾ ਜੀ ਪਾਸ ਲੈ ਕੇ ਬੇਨਤੀ ਕਰਨ ਆਏ ਕਿ ਮਹਾਰਾਜ ਬੱਚੇ ਨੂੰ ਦੇਹ ਅਰੋਗਤਾ ਬਖ਼ਸ਼ੋ। ਬਾਬਾ ਜੀ ਨੇ ਅਰਦਾਸ ਕਬੂਲ ਕਰ ਲਈ, ਕੁਝ ਸਮੇਂ ਬਾਅਦ ਬੱਚੇ ਜੋਰਾ ਸਿੰਘ ਦੀ ਦੇਹ ਅਰੋਗ ਹੋ ਗਈ। ਉਪਰੰਤ ਬਾਬਾ ਜੀ ਪਾਸ ਲੈ ਕੇ ਆਏ ਤੇ ਫਿਰ ਬਾਬਾ ਜੀ ਨੇ ਬਚਨ ਕੀਤਾ, "ਇਸ ਮੁੰਡੇ ਦਾ ਨਾਮ ਕੀ ਹੈ।" ਨਿੱਕਾ ਸਿੰਘ ਭੁੱਲਰ ਨੇ ਦੱਸਿਆ ਜੀ ਇਸ ਦਾ ਨਾਂ ਜੋਰਾ ਸਿੰਘ ਹੈ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਭੋਰਾ ਭਰ ਮੁੰਡਾ ਹੈ ਤੁਸੀਂ ਇਸ ਦਾ ਨਾਮ ਜੋਰਾ ਸਿੰਘ ਰੱਖਿਆ , ਇਹ ਤਾਂ ਜ਼ੋਰ ਦਾ ਹੀ ਦਬਾਇਆ ਪਿਆ ਹੈ। ਤਕੜਾ ਕਿਵੇਂ ਹੋਵੇ। ਤੁਸੀਂ ਇਸ ਦਾ ਨਾਂ ਮਾੜਾ ਰੱਖੋ ਫਿਰ ਵੇਖੋ ਕਿੰਨਾ ਤਕੜਾ ਹੁੰਦਾ ਹੈ।" ਉਪਰੰਤ ਅੱਜ ਤਕ ਮਾੜਾ ਸਿੰਘ ਨਾਮ ਹੀ ਪ੍ਰਚੱਲਤ ਹੈ, ਉਸ ਬੀਮਾਰੀ ਦੀਆਂ ਨਿਸ਼ਾਨੀਆਂ ਸਰੀਰ ਉੱਤੇ ਹਨ ਪਰੰਤੂ ਉਹ ਬੀਮਾਰੀ ਫਿਰ ਨਹੀਂ ਹੋਈ।

*(ਬਚਨ ਮਾੜਾ ਸਿੰਘ ਭੁੱਲਰ ਪਾਸੋਂ ਮਿਲਿਆ।)*

# ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥

*(ਅੰਗ ੮੨੮)*

ਮਹਾਂਪੁਰਖ ਮਿਹਰ ਦੇ ਘਰ ਵਿਚ ਆ ਕੇ ਦੁਨੀਆਂ ਦੇ ਪਦਾਰਥ ਬਖ਼ਸ਼ਣ ਲੱਗੇ ਦੇਰ ਨਹੀਂ ਲਾਉਂਦੇ। ਇਕ ਵਾਰ ਇਕ ਮਰਾਸੀ ਕਿਤੇ ਲੰਘਦਾ ਹੋਇਆ ਰੋਟੀ ਖਾਣ ਵਾਸਤੇ ਡੇਰੇ ਆ ਪਹੁੰਚਿਆ। ਜਿਸ ਵਕਤ ਬਾਬਾ ਜੀ ਦੀ ਹਜ਼ੂਰੀ ਵਿਚ ਪੇਸ਼ ਹੋਇਆ ਅਤੇ ਹੁਕਮ ਅਨੁਸਾਰ ਪਹਿਲਾਂ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ, ਦੂਸਰੀ ਵਾਰ ਫਿਰ ਜਦੋਂ ਬਾਬਾ ਜੀ ਪਾਸ ਹਾਜ਼ਰ ਹੋਇਆ ਤਾਂ ਹਜ਼ੂਰ ਨੇ ਕ੍ਰਿਪਾ ਕਰ ਕੇ ਉਸ ਨੂੰ ਇਕ ਚੁਆਨੀ ਦੇ ਕੇ ਬਚਨ ਕੀਤਾ ਕਿ ਇਸ ਨੂੰ ਖ਼ਜ਼ਾਨੇ ਵਿਚ ਸਾਂਭ ਕੇ ਰੱਖੀ। ਚੁਆਨੀ ਲੈ ਕੇ ਮਰਾਸੀ ਤਾਂ ਚਲਾ ਗਿਆ। ਉਸ ਦਿਨ ਤੋਂ ਮਰਾਸੀ ਦਾ ਕੰਮ-ਕਾਰ ਐਸਾ ਚੱਲਿਆ ਕਿ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ। ਸੀ ਤਾਂ ਇਕ ਚੁਆਨੀ ਪਰ ਇਸ 'ਤੇ ਮਹਾਂਪੁਰਖਾਂ ਦੀ ਮਿਹਰ, ਬਰਕਤ ਉਹਨਾਂ ਦੇ ਬਚਨ ਦੀ ਹੁੰਦੀ ਹੈ ਜਿਵੇਂ ਕਿ ਬਾਣੀ ਵਿਚ ਕਬੀਰ ਜੀ ਦਾ ਬਚਨ ਹੈ:

**ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ॥**
**ਕੈ ਜਾਨੇ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ॥**

*(ਅੰਗ ੧੩੭੩) (ਸਲੋਕ ਕਬੀਰ ਜੀਉ ਕੇ)*

ਮਰਾਸੀ ਕੋਲ ਕੰਮ-ਕਾਰ ਬਹੁਤ ਹੋ ਗਿਆ। ਕੁਝ ਸਮੇਂ ਉਪਰੰਤ ਉਹ ਮਰਾਸੀ ਫਿਰ ਭੁੱਚੋ ਆ ਗਿਆ। ਬਾਬਾ ਜੀ ਦੇ ਦਰਸ਼ਨ ਕੀਤੇ, ਫਿਰ ਆਪਣੇ ਕੰਮ ਕਿਸੇ ਹੋਰ ਪਿੰਡ ਚਲਾ ਗਿਆ। ਇਸ ਤਰ੍ਹਾਂ ਆਉਣਾ-ਜਾਣਾ ਹੋਰ ਵਧ ਗਿਆ। ਅਖ਼ੀਰ ਉਸ ਦੇ ਮਨ ਵਿਚ ਪਿਆਰ ਪੈ ਗਿਆ ਕਿ ਜਦੋਂ ਕਿਤੇ ਆਵੇ, ਦੋ-ਦੋ, ਤਿੰਨ-ਤਿੰਨ ਦਿਨ ਲਗਾਤਾਰ ਰਹੇ ਅਤੇ ਬਾਬਾ ਜੀ ਝਾੜੂ ਫੇਰਨ

ਦੀ ਸੇਵਾ ਵੀ ਉਸ ਨੂੰ ਬਖ਼ਸ਼ ਦਿਆ ਕਰਨ। ਇਸ ਤਰ੍ਹਾਂ ਉਸ ਦਾ ਪਿਆਰ ਵਧ ਗਿਆ। ਇਕ ਦਿਨ ਕਿਤੇ ਬਾਬਾ ਜੀ ਨੇ ਮਰਾਸੀ ਨੂੰ ਸੱਦ ਕੇ ਬਚਨ ਕੀਤਾ, "ਦਾਦਾ, ਸਾਡੀ ਚੁਆਨੀ ਮੋੜ ਦੇ।" ਇਤਨਾ ਬਚਨ ਸੁਣ ਕੇ ਮਰਾਸੀ ਬਾਬਾ ਜੀ ਦੇ ਆਸਣ ਦੇ ਅੱਗੇ ਲੰਮਾ ਪੈ ਗਿਆ ਅਤੇ ਰੋ ਕੇ ਬੇਨਤੀ ਕਰਨ ਲੱਗਾ, "ਮਹਾਰਾਜ, ਰੱਬ ਦੇ ਵਾਸਤੇ ਗ਼ਰੀਬ ਮਾਰ ਨਾ ਕਰੋ। ਅੱਗੇ ਚੁਆਨੀ ਦੇ ਕੇ ਬਰਕਤਾਂ ਪਾ ਕੇ ਮੈਨੂੰ ਇਥੋਂ ਤਕ ਪਹੁੰਚਾਇਆ ਹੈ, ਹੁਣ ਵੀ ਤਰਸ ਕਰੋ। ਤੁਹਾਡੇ ਕੋਲ ਕੋਈ ਚੁਆਨੀਆਂ ਦਾ ਘਾਟਾ ਹੈ।" ਬਾਬਾ ਜੀ ਨੇ ਹੱਸ ਕੇ ਪੁੱਛਿਆ, "ਕਿਉਂ ਬਈ, ਸਾਡੀ ਚੁਆਨੀ ਨਾਲ ਤੈਨੂੰ ਕੀ ਫ਼ਰਕ ਪਿਆ ਹੈ ?" ਉਸ ਨੇ ਕਿਹਾ, "ਮੈਨੂੰ ਬਹੁਤਾ ਤਾਂ ਪਤਾ ਨਹੀਂ, ਪਰ ਜਿਸ ਦਿਨ ਦੀ ਮੈਨੂੰ ਚੁਆਨੀ ਮਿਲੀ ਹੈ, ਮੇਰੇ ਭਰਾ-ਭਾਈ, ਰਿਸ਼ਤੇਦਾਰ ਜਿਹੜੇ ਦਿਨ-ਰਾਤ ਮੈਨੂੰ ਬੁਰੀ ਨਿਗਾਹ ਨਾਲ ਵੇਖਦੇ ਸਨ, ਉਹ ਸਾਰੇ ਮੇਰੇ ਨਾਲ ਪਿਆਰ ਕਰਨ ਲੱਗ ਪਏ ਹਨ। ਅੱਗੇ ਮੇਰੇ ਕੋਲੋਂ ਮਾੜਾ-ਮੋਟਾ ਉਧਾਰ ਲੈ ਕੇ ਮੁੱਕਰ ਗਏ ਸਨ, ਉਹ ਆਪਣੇ ਆਪ ਹੀ ਮੈਨੂੰ ਦੇ ਗਏ। ਵਰ੍ਹਿਆਂ ਦੀਆਂ ਗਈਆਂ ਹੋਈਆਂ ਚੀਜ਼ਾਂ ਮੈਨੂੰ ਮਿਲ ਗਈਆਂ ਹਨ। ਮੈਂ ਸਮਝਿਆ ਕਿ ਇਹ ਤੁਹਾਡੀ ਚੁਆਨੀ ਦੀ ਬਰਕਤ ਹੈ।" ਬਾਬਾ ਜੀ ਨੇ ਹੱਸ ਕੇ ਫਿਰ ਬਚਨ ਕੀਤਾ, "ਨਹੀਂ ਬਈ, ਚੁਆਨੀ ਤਾਂ ਤੈਨੂੰ ਮੋੜਨੀ ਹੀ ਪਏਗੀ।" ਫਿਰ ਤਾਂ ਮਰਾਸੀ ਨੇ ਹੱਥ ਜੋੜੇ ਤੇ ਬਹੁਤ ਬੇਨਤੀਆਂ ਕੀਤੀਆਂ। ਅਖ਼ੀਰ ਉੱਤੇ ਕਹਿਣ ਲੱਗਾ, "ਮਹਾਰਾਜ, ਜੇ ਤੁਸੀਂ ਚੁਆਨੀ ਲੈਣੀ ਹੀ ਹੈ, ਬੇਸ਼ੱਕ ਲੈ ਲਵੋ, ਮੇਰਾ ਕੋਈ ਜ਼ੋਰ ਨਹੀਂ। ਉਸ ਚੁਆਨੀ ਦੀ ਤੁਹਾਨੂੰ ਕੀ ਲੋੜ, ਤੇ ਮੇਰਾ ਗਰੀਬ ਦਾ ਕਾਰਜ ਸਰੀ ਜਾਂਦਾ ਹੈ, ਜਿਵੇਂ ਹੁਕਮ ਕਰੋ, ਮੈਂ ਹਾਜ਼ਰ ਹਾਂ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਬਈ ਕੇਸਰਾ, ਕਿਵੇਂ ਕਰੀਏ।" ਕੇਸਰ ਸਿੰਘ ਨੇ ਕਿਹਾ, "ਜੀ, ਤੁਸੀਂ ਸਮਰੱਥ ਹੋ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸੁੱਧ ਹੈ। ਇਸ ਦੀ ਪਰਖ ਹੀ ਕਰਨੀ ਸੀ, ਹੋ ਗਈ ਹੈ।" ਫੇਰ ਮਰਾਸੀ ਨੂੰ ਕੋਲ ਸੱਦ ਕੇ ਬਚਨ ਕੀਤਾ, "ਸਾਡਾ ਇਕ ਕੰਮ ਕਰੇਂਗਾ।" ਉਸ ਨੇ ਤੁਰੰਤ ਹਾਂ ਕਰ ਦਿੱਤੀ ਅਤੇ ਬਾਬਾ ਜੀ ਨੇ ਇਕ ਮਾਲਾ ਚੁੱਕ ਕੇ ਜੋ ਕਿ ਉਥੇ ਹੀ ਪਈ ਸੀ, ਉਸ ਨੂੰ ਫੜਾ ਕੇ ਬਚਨ ਕੀਤਾ, "ਲੈ, ਇਹ ਤਸਬੀ ਰੋਜ਼ ਫੇਰਿਆ ਕਰ।" ਉਪਰੰਤ ਉਸ ਨੂੰ ਕਲਮਾ ਯਾਦ ਕਰਾ ਦਿੱਤਾ। ਬਾਬਾ

ਜੀ ਨੇ ਤਿੰਨ ਤਰੀਕੇ ਕਲਮਾ ਪੜ੍ਹਨ ਦੇ ਉਸ ਨੂੰ ਸਮਝਾ ਕੇ ਬਚਨ ਕੀਤਾ, "ਇਹਨਾਂ ਵਿਚੋਂ ਜਿਹੜਾ ਤੈਨੂੰ ਸੌਖਾ ਲੱਗੇ ਕਰ ਲਿਆ ਕਰ।" ਫਿਰ ਬਚਨ ਕੀਤਾ, "ਤੇਰੇ ਮਜ਼ਹਬ ਦਾ ਇਹ ਅਸੂਲ ਹੈ, ਤੂੰ ਕਲਮਾ ਪੜ੍ਹਨ ਸਮੇਂ ਮੱਕੇ ਵੱਲ ਮੂੰਹ ਕਰ ਲਿਆ ਕਰ। ਕਿਸੇ ਸਮੇਂ ਤੇਰੀ ਬੰਦਗੀ ਵੱਧ ਗਈ ਤਾਂ ਤੈਨੂੰ ਆਪੇ ਹੀ ਸਭ ਕੁਝ ਪਤਾ ਲੱਗ ਜਾਏਗਾ।" ਇਸ ਤੋਂ ਪਿੱਛੋਂ ਵੀ ਮਰਾਸੀ ਸੇਵਾ ਵਿਚ ਆਉਂਦਾ ਅਤੇ ਕਈ-ਕਈ ਦਿਨ ਇਥੇ ਹੀ ਗੁਜ਼ਾਰਦਾ ਰਿਹਾ।

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥**

*(ਸਲੋਕ ਭਗਤ ਕਬੀਰ ਜੀ ਕੇ, ਅੰਗ ੧੩੬੬-੬੭)*

# ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥

*(ਅੰਗ ੭੨੦)*

ਇਕ ਦਿਨ ਇਹੋ ਮਰਾਸੀ ਆਇਆ ਅਤੇ ਲਗਾਤਾਰ ਪੰਜ-ਛੇ ਦਿਨ ਇਥੇ ਹੀ ਰਿਹਾ। ਇਕ ਦਿਨ ਲੰਗਰ ਵਰਤ ਰਿਹਾ ਸੀ, ਪਿੱਛੇ ਮਰਾਸਣ ਵੀ ਆ ਗਈ ਅਤੇ ਆਉਣ ਸਾਰ ਹੀ ਉਸ ਨੇ ਮਰਾਸੀ ਨਾਲ ਲੜਨਾ ਆਰੰਭ ਕਰ ਦਿੱਤਾ। ਐਨਾ ਲੜੀ, ਉੱਚੀ-ਉੱਚੀ ਬੋਲੀ, ਕਿਸੇ ਦੇ ਕਹਿਣ 'ਤੇ ਵੀ ਚੁੱਪ ਨਾ ਕਰੇ। ਲੰਗਰ ਵਿਚ ਰੌਲਾ ਸੁਣ ਕੇ ਬਾਬਾ ਜੀ ਨੇ ਨੀਲਾ ਸਿੰਘ ਨੂੰ ਹੁਕਮ ਕੀਤਾ, "ਨੀਲਾ ਸਿੰਆਂ, ਲੰਗਰ ਵਿਚ ਰੌਲਾ ਕਿਸ ਗੱਲ ਦਾ ਹੈ।" ਨੀਲਾ ਸਿੰਘ ਨੇ ਪਤਾ ਕਰ ਕੇ ਦੱਸਿਆ, "ਮਹਾਰਾਜ, ਮਰਾਸੀ ਜਿਹੜਾ ਇਥੇ ਸੇਵਾ ਕਰਦਾ ਹੈ, ਉਸ ਦੀ ਘਰ ਵਾਲੀ ਆਈ ਹੈ ਤੇ ਉਸ ਨਾਲ ਲੜ ਰਹੀ ਹੈ।" ਬਾਬਾ ਜੀ ਨੇ ਹੁਕਮ ਕਰ ਕੇ ਨੀਲਾ ਸਿੰਘ ਨੂੰ ਭੇਜਿਆ ਕਿ ਤੂੰ ਜਾ ਕੇ ਮਰਾਸੀ ਤੇ ਉਸ ਦੀ ਘਰ ਵਾਲੀ ਨੂੰ ਕਹੁ ਕਿ ਦੋਵੇਂ ਸਾਡੇ ਕੋਲ ਆਓ ਤੇ ਦੱਸੋ ਕਿਉਂ ਲੜਦੇ ਹੋ। ਉਪਰੰਤ ਮਰਾਸੀ ਤੇ ਉਸ ਦੀ ਘਰ ਵਾਲੀ ਦੋਵੇਂ

ਹਾਜ਼ਰ ਹੋਏ ਅਤੇ ਬਾਬਾ ਜੀ ਨੇ ਪੁੱਛਿਆ, "ਕਿਉਂ ਬੀਬੀ, ਤੇਰਾ ਪਤੀ ਨਾਲ ਕੀ ਝਗੜਾ ਹੈ।" ਉਸ ਨੇ ਕਿਹਾ, "ਮਹਾਰਾਜ, ਇਹ ਕਈ-ਕਈ ਦਿਨ ਘਰੋਂ ਬਾਹਰ ਹੀ ਰਹਿੰਦਾ ਹੈ। ਮੈਨੂੰ ਪਤਾ ਹੈ, ਮੇਰੇ ਕੋਈ ਜੁਆਕ ਨਹੀਂ, ਇਹ ਵਿਆਹ ਹੋਰ ਕਰਾਉਣ ਨੂੰ ਫਿਰਦਾ ਹੈ।" ਇਹ ਸੁਣ ਕੇ ਬਾਬਾ ਜੀ ਬਹੁਤ ਹੱਸੇ, ਹੱਸਦਿਆਂ ਹੋਇਆਂ ਨੇ ਬਚਨ ਕੀਤਾ, "ਜੇ ਤੇਰੇ ਹੀ ਜੁਆਕ ਹੋ ਜਾਣ।" ਉਸ ਨੇ ਕੁਝ ਚੁੱਪ ਜਿਹੀ ਵੱਟੀ ਤੇ ਕਿਹਾ, "ਜੀ, ਮੈਨੂੰ ਵੀਹ ਸਾਲ ਵਿਆਹੀ ਨੂੰ ਹੋ ਗਏ ਹਨ।" ਬਾਬਾ ਜੀ ਨੇ ਬਚਨ ਕੀਤਾ, "ਗੁਰੂ ਨਾਨਕ ਦੇ ਘਰ ਵਿਚ ਕੋਈ ਘਾਟਾ ਨਹੀਂ, ਤੂੰ ਸਾਲਾਂ ਦੀ ਗਿਣਤੀ-ਮਿਣਤੀ ਨਾ ਕਰ ਤੇ ਬਚਨ ਮੰਨ, ਜੋ ਕਹਾਂਗੇ ਕਰ ਲਈ, ਤੇਰੇ ਔਲਾਦ ਹੋ ਜਾਏਗੀ।" ਠੀਕ ਇਸੇ ਸਮੇਂ ਰਾਮਪੁਰਾ ਮੰਡੀ ਤੋਂ ਇਕ ਸੇਠ ਲੱਡੂਆਂ ਦਾ ਪ੍ਰਸ਼ਾਦ ਲੈ ਕੇ ਆਇਆ ਤੇ ਮੱਥਾ ਟੇਕਿਆ। ਪ੍ਰਸ਼ਾਦ ਦੀ ਸ਼ਰ੍ਹਾ ਕਰ ਕੇ ਹਜ਼ੂਰ ਨੇ ਦੋ ਲੱਡੂ ਚੁੱਕ ਕੇ ਮਰਾਸਣ ਵੱਲ ਨਿਹਾਰ ਕਰ ਕੇ ਬਚਨ ਕੀਤਾ, "ਲੈ ਦਾਦੀ, ਝੋਲੀ ਕਰ।" ਉਸ ਨੇ ਝੋਲੀ ਕਰ ਦਿੱਤੀ। ਹਜ਼ੂਰ ਨੇ ਦੋ ਲੱਡੂ ਉਸ ਦੀ ਝੋਲੀ ਵਿਚ ਸੁੱਟ ਕੇ ਬਚਨ ਕੀਤਾ, "ਜਾ, ਦੋ ਪੁੱਤਰ ਲੈ ਗਈ ਤੇ ਹੁਣ ਲੜਾਈ ਨਾ ਕਰੀਂ।" ਇਸ ਤੋਂ ਬਾਅਦ ਮਰਾਸੀ ਦਰਸ਼ਨ ਕਰਨ ਆਉਂਦਾ ਰਿਹਾ, ਜਿਸ ਵਕਤ ਉਸ ਦੇ ਪਹਿਲਾ ਪੁੱਤਰ ਹੋਣ ਵਾਲਾ ਸੀ, ਮਰਾਸੀ ਦਰਸ਼ਨ ਕਰਨ ਆਇਆ ਤਾਂ ਬਾਬਾ ਜੀ ਨੇ ਪੁੱਛ ਲਿਆ, "ਸੁਣਾ ਦਾਦਾ, ਤੇਰਾ ਕੀ ਹਾਲ ਹੈ ?" ਉਸ ਨੇ ਬੇਨਤੀ ਕੀਤੀ, "ਮਹਾਰਾਜ, ਮੇਰੇ ਘਰ ਉਤੇ ਆਪ ਦਾ ਬਹੁਤ ਰਹਿਮ ਹੈ।" ਤਾਂ ਬਚਨ ਕੀਤਾ, "ਦਾਦਾ, ਜਦੋਂ ਘਰ ਪੁੱਤਰ ਹੋਵੇ ਤਾਂ ਸਾਨੂੰ ਤੁਰੰਤ ਹੀ ਪਤਾ ਦੇਵੀਂ। ਤੂੰ ਸਾਡਾ ਸੇਵਕ ਹੁਣ ਬਣਿਆ ਹੈਂ, ਤੇਰਾ ਪੁੱਤਰ ਸਾਡਾ ਪਹਿਲੋਂ ਤੋਂ ਸੇਵਕ ਹੈ।" ਉਪਰੰਤ ਜਿਸ ਸਮੇਂ ਮਰਾਸੀ ਦੇ ਘਰ ਬੱਚਾ ਹੋਣ ਦਾ ਵਕਤ ਨੇੜੇ ਆਇਆ ਤਾਂ ਉਹ ਹੁਕਮ ਅਨੁਸਾਰ ਹਾਜ਼ਰ ਹੋ ਗਿਆ। ਬਾਬਾ ਜੀ ਨੇ ਹੁਕਮ ਕੀਤਾ, "ਬਾਲਿਆ, ਖ਼ਜ਼ਾਨੇ ਵਿਚੋਂ ਤੇਰਾਂ ਰੁਪਈਏ ਗਿਣ ਕੇ ਦਾਦੇ ਨੂੰ ਲਿਆ ਕੇ ਦੇਹ।" ਸੰਤ ਨਰੈਣ ਸਿੰਘ ਜੀ ਨੇ ਹੁਕਮ ਅਨੁਸਾਰ ਤੇਰਾ ਰੁਪਏ ਲਿਆ ਕੇ ਹਜ਼ੂਰ ਦੇ ਸਾਹਮਣੇ ਰੱਖੇ ਅਤੇ ਬਾਬਾ ਜੀ ਨੇ ਉਹ ਰੁਪਏ ਚੁੱਕ ਕੇ ਮਰਾਸੀ ਨੂੰ ਦੇ ਕੇ ਬਚਨ ਕੀਤਾ, "ਦਾਦਾ, ਆਹ ਰੁਪਏ ਲੈ ਜਾ, ਦਾਦੀ ਨੂੰ ਪੰਜੀਰੀ ਰਲਾ ਕੇ ਖੁਆਈਂ ਤੇ ਤੂੰ ਤਸਬੀ ਫੇਰਨੀ ਨਾ ਭੁੱਲੀਂ।"

ਸਤਿ ਬਚਨ ਕਹਿ ਕੇ ਬਚਨ ਮੰਨ ਕੇ ਮਰਾਸੀ ਵਿਦਾ ਹੋਇਆ। ਉਪਰੰਤ ਸੇਵਾ ਅਤੇ ਸੰਗਤ ਮਰਾਸੀ ਫਿਰ ਵੀ ਕਰਦਾ ਰਿਹਾ।

*(ਲੇਖਕ ਨੂੰ ਮਾਤਾ-ਪਿਤਾ ਪਾਸੋਂ ਮਿਲੇ।)*

# ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥

*(ਅੰਗ ੫੬੨)*

ਇਕ ਸੇਵਕ ਤਾਂ ਸੇਵਾ ਕਰ ਕੇ ਆਪਣੀਆਂ ਲੋੜਾਂ ਪੂਰੀਆਂ ਕਰ ਗਏ ਅਤੇ ਕੋਈ ਸੇਵਾਦਾਰ ਸੇਵਾ ਅਤੁੱਟ ਕਰ ਰਿਹਾ ਹੈ, ਉਸ ਦੇ ਮਨ ਅੰਦਰ ਕਈ ਤਰ੍ਹਾਂ ਦੇ ਉਤਾਰ-ਚੜ੍ਹਾਅ ਆਉਂਦੇ। ਕੁਦਰਤੀ ਗੱਲ ਹੈ ਇਹਨਾਂ ਗੱਲਾਂ ਨੂੰ ਵੇਖ ਕੇ ਸੇਵਾਦਾਰ ਦਾ ਮਨ ਢਹਿੰਦੀਆਂ ਕਲਾਂ ਵਿਚ ਆ ਜਾਂਦਾ ਹੈ। ਉਸ ਦੇ ਮਨ ਦੀ ਹਾਲਤ ਨੂੰ ਸਮਝ ਕੇ ਉਸੇ ਵੇਲੇ ਹੀ ਉਸ ਦੇ ਮਨ ਨੂੰ ਗੱਲਾਂ ਨਾਲ ਨਹੀਂ ਪਰਚਾਇਆ। ਅਸਲੀਅਤ ਵਿਖਾ ਕੇ ਪੱਕਾ ਕੀਤਾ। ਇਹ ਪ੍ਰਸੰਗ ਭਾਈ ਨੀਲਾ ਸਿੰਘ ਦੇ ਨਾਲ ਵਾਪਰਿਆ, ਇਥੇ ਅੰਕਿਤ ਕੀਤਾ ਜਾਂਦਾ ਹੈ। ਬਾਬਾ ਜੀ ਦੇ ਡੇਰੇ ਜਿਤਨਾ ਪਾਣੀ ਰੋਜ਼ ਦੀ ਵਰਤੋਂ ਵਿਚ ਆਉਂਦਾ ਸੀ, ਉਹ ਸਾਰਾ ਪਾਣੀ ਭਾਈ ਨੀਲਾ ਸਿੰਘ ਜੀ ਦੇ ਰਾਹੀਂ ਖੂਹੀ ਵਿਚੋਂ ਖਿੱਚ ਕੇ ਕੱਢਿਆ ਜਾਂਦਾ ਸੀ। ਹੋਰ ਸਾਰੀ ਸੰਗਤ ਖੂਹੀ ਉੱਤੋਂ ਪਾਣੀ ਡੇਰੇ ਲੈ ਆਉਂਦੀ ਸੀ। ਬਾਬਾ ਜੀ ਦੇ ਸਮੇਂ ਸਾਰਾ ਪਾਣੀ ਭਾਈ ਨੀਲਾ ਸਿੰਘ ਜੀ ਹੀ ਖਿੱਚ ਕੇ ਕੱਢਦੇ ਸਨ। ਜਿੰਨਾ ਸਮਾਂ ਬਾਬਾ ਜੀ ਸਰੀਰ ਕਰਕੇ ਸੰਸਾਰ ਵਿਚ ਰਹੇ, ਇਹ ਸੇਵਾ ਨੀਲਾ ਸਿੰਘ ਜੀ ਦੇ ਜ਼ਿੰਮੇ ਹੀ ਰਹੀ। ਉਸ ਸਮੇਂ ਸੰਤ ਬਹਾਲ ਦਾਸ ਜੀ ਬਾਬਾ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਨਾਲ ਸੰਤ-ਮੰਡਲੀ ਹੁੰਦੀ ਅਤੇ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ ਆਉਂਦੇ, ਉਹਨਾਂ ਨਾਲ ਕਦੇ ਮਾਝੇ ਦੀ ਸੰਗਤ ਅਤੇ ਕਦੇ ਮਾਲਵੇ ਦੀ ਸੰਗਤ ਆਉਂਦੀ। ਭਾਈ ਨੀਲਾ ਸਿੰਘ ਜੀ ਸਭ ਕੁਝ ਵੇਖਦੇ ਰਹਿੰਦੇ ਅਤੇ ਬਾਬਾ ਜੀ ਦੀਆਂ

ਦਾਤਾਂ ਦੀ ਵਡਿਆਈ ਸੁਣਦੇ ਰਹਿੰਦੇ। ਵੇਖ-ਵੇਖ ਕੇ, ਸੁਣ-ਸੁਣ ਕੇ ਨੀਲਾ ਸਿੰਘ ਜੀ ਦੇ ਮਨ ਵਿਚ ਵਿਚਾਰ ਆ ਗਿਆ, ਇਹਨਾਂ ਸੇਵਕਾਂ ਨੂੰ ਬਾਬਾ ਜੀ ਨੇ ਇਤਨਾ ਕੁਝ ਬਖ਼ਸ਼ਿਆ ਹੈ, ਕਿਤੇ ਮੇਰੀ ਵੀ ਵਾਰੀ ਆਏਗੀ, ਕਿਤੇ ਮੇਰੇ 'ਤੇ ਵੀ ਮਿਹਰ ਦੀ ਨਿਗਾਹ ਹੋਏਗੀ।

**ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ**
**ਨਿਤ ਕਰਦੇ ਭੋਗ ਬਿਲਾਸਾ॥**
**ਤਿਨ੍ਹਾ ਦੇਖਿ ਮਨਿ ਚਾਉ ਉਠੰਦਾ**
**ਹਉ ਕਦਿ ਪਾਈ ਗੁਣਤਾਸਾ॥**

*(ਜੈਤਸਰੀ ਮਹਲਾ ੫, ਛੰਤ, ਅੰਗ ੭੦੪)*

ਉਧਰ ਨੀਲਾ ਸਿੰਘ ਜੀ ਦੇ ਮਨ ਵਿਚ ਉਤਾਰ-ਚੜ੍ਹਾਅ ਆਏ, ਇਧਰ ਅੰਤਰਜਾਮੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਸਭ ਕੁਝ ਜਾਣ ਗਏ ਤੇ ਨੀਲਾ ਸਿੰਘ ਨੂੰ ਪੁੱਛ ਲਿਆ, "ਨੀਲਾ ਸਿਆਂ, ਕੀ ਸੋਚਦਾ ਹੈਂ। ਮੈਨੂੰ ਕੁਝ ਨਹੀਂ ਮਿਲਿਆ, ਬਹਾਲ ਦਾਸ ਲੈ ਗਿਆ, ਕਲੇਰਾਂ ਵਾਲੇ ਲੈ ਗਏ। ਸ੍ਰੀ ਰਾਮ ਮਲੂਕੇ ਵਾਲੇ ਲੈ ਗਏ, ਹੋਰ ਬੇਅੰਤ ਲੈ ਗਏ। ਤੂੰ ਕਾਹਲੀ ਨਾ ਕਰ, ਤੂੰ ਇਕੱਲਾ ਨਹੀਂ, ਤੇਰੇ ਨਾਲ ਦੇ ਹੋਰ ਵੀ ਬਹੁਤ ਹਨ। ਕੁਝ ਸਮਾਂ ਠਹਿਰ ਜਾਉ, ਤੁਹਾਨੂੰ ਸਭ ਨੂੰ ਦਾਤਾਂ ਦੇਣੀਆਂ ਹਨ। ਜੋ ਉਹਨਾਂ ਨੂੰ ਮਿਲਿਆ, ਉਹਨਾਂ ਨੂੰ ਦੇ ਕੇ ਅਸੀਂ ਖ਼ਾਲੀ ਨਹੀਂ ਹੋ ਗਏ। ਗੁਰੂ ਨਾਨਕ ਦੀ ਕ੍ਰਿਪਾ ਹੈ, ਜਿੰਨਾ ਉਹਨਾਂ ਨੂੰ ਦਿੱਤਾ ਹੈ ਉਸ ਤੋਂ ਵੱਧ ਅਜੇ ਬਹੁਤ ਪਿਆ ਹੈ। ਗੁਰਬਾਣੀ ਵਿਚ ਫ਼ੁਰਮਾਨ ਹੈ :

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥**
**ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥**
**ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥**

*(ਸਿਰੀਰਾਗੁ ਮਹਲਾ ੩, ਅੰਗ ੬੮)*

ਗੁਰਬਾਣੀ ਅਨੁਸਾਰ :

**ਰਤਨ ਲਾਲ ਜਾ ਕਾ ਕਛੂ ਨ ਮੋਲੁ॥**

**ਭਰੇ ਭੰਡਾਰੁ ਅਖੂਟ ਅਤੋਲ॥**

*(ਅੰਗ ੧੯੬)*

ਗੁਰਵਾਕ ਹੈ, ਤੂੰ ਤਕੜਾ ਹੋ ਕੇ ਸੇਵਾ ਕਰ, ਤੇਰਾ ਪਾਣੀ ਦਾ ਇਕ-ਇਕ ਘੜਾ ਅਸੀਂ ਲਿਖੀ ਜਾ ਰਹੇ ਹਾਂ। ਹੋਰ ਜੋ ਵੀ ਇਥੇ ਸੇਵਾ ਕਰਦੇ ਹਨ, ਸਭ ਦਾ ਹਿਸਾਬ ਸਾਡੇ ਕੋਲ ਹੈ। ਅਸੀਂ ਤੁਹਾਨੂੰ ਤੁਹਾਡੀ ਕਮਾਈ ਸਣੇ ਵਿਆਜ ਦੇਣ ਦੀ ਤਿਆਰੀ ਵਿਚ ਹਾਂ।" ਇਹ ਬਚਨ ਤਾਂ ਨੀਲਾ ਸਿੰਘ ਨਾਲ ਹੋ ਗਏ, ਉਸ ਨੇ ਸੁਣ ਵੀ ਲਏ ਪਰੰਤੂ ਵੈਰਾਗ ਵਿਚ ਹੀ ਰਿਹਾ। ਕਦੇ-ਕਦੇ ਅੱਖਾਂ ਵਿਚੋਂ ਕੋਈ ਅੱਥਰੂ ਵੀ ਕਿਰ ਜਾਂਦਾ। ਇਸੇ ਹੀ ਦਿਨ ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਤੋਂ ਬਾਅਦ ਬਾਬਾ ਜੀ ਨੇ ਹੁਕਮ ਕਰ ਕੇ ਸਭ ਸੇਵਾਦਾਰ ਬੁਲਾ ਲਏ। ਫਿਰ ਬਚਨ ਕੀਤਾ, "ਜਿਸ ਨੇ ਕੁਝ ਦੇਖਣਾ ਹੈ ਸਾਡੇ ਸੱਜੇ-ਖੱਬੇ ਬੈਠ ਜਾਉ।" ਜੋ ਸੇਵਾਦਾਰ ਉਸ ਵੇਲੇ ਹਾਜ਼ਰ ਸਨ, ਮਾਈ ਖੇਮ ਕੌਰ ਤੇ ਉਸ ਦੀ ਲੜਕੀ ਸ਼ਾਮ ਕੌਰ ਜੰਡਾਂ ਵਾਲੇ ਤੇ ਭਾਈ ਕਪੂਰ ਸਿੰਘ ਰਹਰਾਸੀਆ, ਭਜਨ ਸਿੰਘ ਮਹਿਰਾ ਸਿੱਖ, ਭਾਈ ਨਾਜਰ ਸਿੰਘ ਸੂਰਮਾ ਸਿੱਖ, ਸਭਰਾਵਾਂ ਤੋਂ ਮੰਗਲ ਸਿੰਘ, ਤੁੰਗਵਾਲੀ ਤੋਂ ਭਾਈ ਨੀਲਾ ਸਿੰਘ, ਸੰਤ ਈਸ਼ਰ ਸਿੰਘ ਜੀ ਰੋੜੀ ਵਾਲੇ, ਮੁਣਸ਼ੀ ਹਰਦਿੱਤ ਸਿੰਘ ਪਟਿਆਲੇ ਤੋਂ, ਮਾਈ ਖੇਮ ਕੌਰ ਦਾ ਲੜਕਾ ਕਾਲਾ ਸਿੰਘ ਜੰਡਾਂ ਵਾਲੇ ਤੋਂ, ਭਾਈ ਰਤਨ ਸਿੰਘ ਡਰੋਲੀ, ਉਹਨਾਂ ਦੇ ਘਰੋਂ ਜੈ ਕੌਰ ਡਰੋਲੀ ਤੇ ਕੁਝ ਹੋਰ ਪ੍ਰੇਮੀ ਸਨ, ਜਿਨ੍ਹਾਂ ਦੇ ਨਾਮ ਮੈਨੂੰ ਭੁੱਲ ਚੁੱਕੇ ਹਨ। ਇਸ ਸਮੇਂ ਬਾਬਾ ਜੀ ਆਪਣੇ ਮੁੱਖ ਤੋਂ ਵਾਹਿਗੁਰੂ-ਵਾਹਿਗੁਰੂ ਉਚਾਰਨ ਕਰੀ ਗਏ। ਕੁਝ ਸਮਾਂ ਬੀਤਣ ਤੋਂ ਬਾਅਦ ਬਾਬਾ ਜੀ ਦੇ ਆਸਣ ਦੇ ਆਸੇ-ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਸਭ ਦੇ ਸਰੀਰ ਸੁੰਨ ਹੋ ਗਏ। ਇਸ ਸਮੇਂ ਬਾਬਾ ਜੀ ਨੇ ਨੀਲਾ ਸਿੰਘ ਨੂੰ ਆਵਾਜ਼ ਦੇ ਕੇ ਬੁਲਾਇਆ ਤੇ ਉਹ ਬੜੀ ਮੁਸ਼ਕਿਲ ਨਾਲ ਉੱਠ ਕੇ ਬਾਬਾ ਜੀ ਦੇ ਥੋੜ੍ਹਾ ਜਿਹਾ ਨੇੜੇ ਜਾ ਕੇ ਬੈਠ ਗਿਆ। ਉਪਰੰਤ ਲੰਮਾ ਪੈ ਗਿਆ। ਉਸ ਦਾ ਸਰੀਰ ਸੁੰਨ-ਮੁੰਨ ਹੋ ਗਿਆ ਅਤੇ ਆਪਣੇ ਆਪ ਨੂੰ ਕਾਬੂ ਨਾ ਰੱਖ ਸਕਿਆ। ਸਭ ਵੇਖ ਰਹੇ ਸਨ ਕਿ ਬਾਬਾ ਜੀ ਨੇ ਨੀਲਾ ਸਿੰਘ ਦੇ ਸਿਰ 'ਤੇ ਹੱਥ ਰੱਖ ਕੇ ਬਚਨ ਕੀਤਾ, "ਨੀਲਾ ਸਿੰਘ, ਤਕੜਾ ਹੋ, ਸ਼ਕਤੀ ਆ ਰਹੀ

ਹੈ, ਸੰਭਾਲ।” ਉਪਰੰਤ ਨੀਲਾ ਸਿੰਘ ਦੀਆਂ ਚੀਕਾਂ ਨਿਕਲ ਗਈਆਂ। ਬਖ਼ਸ਼ ਲਉ, ਬਖ਼ਸ਼ ਲਉ ਕਰਦਾ ਹੋਇਆ ਬਾਬਾ ਜੀ ਦੇ ਅੱਗੇ ਡੰਡਉਤ ਵਿਚ ਲੰਮਾ ਪੈ ਗਿਆ। **ਚੋਟ ਸਹਾਰੈ ਸਬਦ ਕੀ ਤਾਸ ਗੁਰੂ ਮੈ ਦਾਸ॥** ਉਪਰੰਤ ਬਾਬਾ ਜੀ ਨੇ ਫਿਰ ਬਚਨ ਕੀਤਾ, “ਨੀਲਾ ਸਿੰਆਂ, ਕੱਲ-ਪਰਸੋਂ ਦਾ ਮਨ ਵਿਚ ਗਿਣਤੀਆਂ ਗਿਣ ਰਿਹਾ ਸੀ, ਅਜ ਬੱਸ ਇਕ ਵਾਰ ਵੇਖ ਕੇ ਹੀ ਰੋਣ ਲੱਗ ਪਿਆ। ਜਿਹੜੀ ਸ਼ੈਅ ਤੂੰ ਵੇਖੀ ਹੈ, ਇਹ ਤੇਰੇ ਹਿਰਦੇ ਵਿਚ ਸਮਾਉਣੀ ਹੈ। ਤੁਸੀਂ ਜਿੰਨੇ ਸੇਵਾਦਾਰ ਇਥੇ ਸੇਵਾ ਕਰ ਰਹੇ ਹੋ, ਸਭ ਨੂੰ ਇਹ ਵਸਤੂ ਦੇਣੀ ਹੈ, ਕੋਈ ਖ਼ਾਲੀ ਨਹੀਂ ਰਹੇਗਾ। ਤੁਹਾਡੇ ਪੁੰਨ ਪਾਪ ਸਭ ਗੁਰੂ ਨਾਨਕ ਨੇ ਸਾਨੂੰ ਦੇ ਦਿੱਤੇ ਹਨ। ਕੋਈ ਸਮਾਂ ਆਏਗਾ, ਸਾਥੋਂ ਸਤਾਰਾਂ ਸਾਲ ਬਾਅਦ ਤੁਹਾਨੂੰ ਕੋਈ ਕੁਝ ਇਸ ਤਰ੍ਹਾਂ ਨਾ ਵਿਖਾਏਗਾ। ਨੀਲਾ ਸਿੰਆਂ, ਕੁਝ ਮੰਗ ਲੈ।” ਉਪਰੰਤ ਨੀਲਾ ਸਿੰਘ ਨੇ ਇਹੋ ਕੁਝ ਮੰਗਿਆ ਕਿ ਮੇਰੀ ਆਪ ਜੀ ਦੇ ਚਰਨਾਂ ਵਿਚ ਹੀ ਜ਼ਿੰਦਗੀ ਬਤੀਤ ਹੋਵੇ। ਬਾਬਾ ਜੀ ਨੇ ਬਚਨ ਕੀਤਾ, “ਸ਼ੁੱਧ ਹੈ।” ਪਿੱਛੇ ਪ੍ਰਸੰਗ ਸ੍ਰੀ ਰਾਮ ਸਿੰਘ ਜੀ ਦਾ 14 ਨੰਬਰ ਪ੍ਰਸੰਗ ਪੜ੍ਹੋ॥

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਹਉ ਪਰਿਆ ਤੁਧ ਸਰਨਾਇ।**
**ਗੁਣ ਅਵਗੁਣ ਨਾ ਚਿਤਾਰੀਏ ਰਾਖ ਲਹੁ ਗਲ ਲਾਇ।**
**ਰਾਖ ਲੇਹੁ ਗਲ ਲਾਇ ਆਪਣਾ ਬਿਰਦ ਪਛਾਨੋ।**
**ਮੈ ਅਜਾਨ ਮਤ ਮੰਦ ਤੁਮਰੀ ਕਿਆ ਸਿਫਤ ਬਖਾਨੋ।**
**ਕਹੇ ਦਾਸ ਸਤਿਨਾਮ ਸਿੰਘ ਮੈ ਛਿਨ ਛਿਨ ਭੂਲ ਕਰੀ।**
**ਤੁਮ ਪਾਵਨ ਪਤਤ ਪੁਨੀਤ ਪਰਮ ਜੋਤ ਪਰਮੇਸ਼ਰੀ।**

# ਜੈਸਾ ਤੂੰ ਤੈਸਾ ਤੁਹੀ ਕਿਆ ਉਪਮਾ ਦੀਜੈ॥

*(ਅੰਗ ੮੫੮)*

ਦਸਮ ਪਾਤਸ਼ਾਹ ਦਾ ਜਾਪ ਸਾਹਿਬ ਵਿਚ ਬਚਨ ਹੈ—**ਨਮਸਤੰ ਅਮਜਬੇ॥** ਸਾਰੇ ਧਰਮਾਂ ਵਿਚ ਹੁੰਦਾ ਹੋਇਆ ਵੀ ਸਭ ਤੋਂ ਨਿਆਰਾ ਹੈ। ਗੁਰੂ ਨਾਨਕ ਪਾਤਸ਼ਾਹ ਕਿਸੇ ਭੇਖ ਵਿਚ ਬੱਝ ਕੇ ਨਹੀਂ ਰਹੇ, ਬਾਣੀ ਵਿਚ ਫ਼ੁਰਮਾਨ ਹੈ—**ਹਰਿ ਕਾ ਚਿਹਨ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪ ਰਖਾਂਤਿ॥** ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਭੀ ਕਿਸੇ ਧਰਮ ਦੇ ਅਸੂਲ ਵਿਚ ਬੱਝ ਕੇ ਨਹੀਂ ਰਹੇ। ਆਪਣੀ ਸੁਤੰਤਰ ਰਹਿਣੀ ਬਹਿਣੀ ਅਤੇ ਸਾਦੀ ਰਹਿਤ ਰੱਖੀ। ਅਸਲ ਮਕਸਦ **ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥** ਸੰਤ ਬਹਾਲ ਦਾਸ ਜੀ ਉਦਾਸੀ ਸੰਪਰਦਾ ਵਿਚ, ਸੰਤ ਚਿੰਤ ਰਾਮ ਜੀ ਸ਼ਿਵਜੀ ਦੇ ਉਪਾਸ਼ਕ, ਸੰਤ ਸ੍ਰੀ ਰਾਮ ਸਿੰਘ ਜੀ ਰਾਮਚੰਦਰ ਜੀ ਦੇ ਉਪਾਸ਼ਕ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਗੁਰੂ ਨਾਨਕ ਸਾਹਿਬ ਦੇ ਉਪਾਸ਼ਕ, ਜਿਨ੍ਹਾਂ ਮੁਸਲਮਾਨ ਵੀਰਾਂ ਦਾ ਪਿੱਛੇ ਪ੍ਰਸੰਗ ਆਇਆ ਹੈ, ਉਹ ਹਜ਼ਰਤ ਮੁਹੰਮਦ ਸਾਹਿਬ ਦੇ ਮੁਰੀਦ, ਜਿਥੇ-ਜਿਥੇ ਕਿਸੇ ਦੀ ਭਾਵਨਾ ਭਗਤੀ ਸੀ, ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਸਭ ਨੂੰ ਉਥੇ-ਉਥੇ ਰੱਖ ਕੇ ਹੀ ਪਰਪੱਕ ਕੀਤਾ, ਆਪ ਨਿਆਰੇ ਹੀ ਰਹੇ। ਇਸੇ ਤਰ੍ਹਾਂ ਇਕ ਪੰਡਿਤ ਜਿਸ ਨੂੰ ਗੀਤਾ ਪਾਠੀ ਕਹਿ ਕੇ ਬੁਲਾਉਂਦੇ ਸਨ, ਉਸ ਦੇ ਪਿੰਡ ਦੇ ਨਾਮ ਅਤੇ ਉਸ ਦੇ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ। ਇਹ ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਦਾ ਜਾਪ ਕਰਦਾ ਰਹਿੰਦਾ ਸੀ। ਆਪਣੇ ਕਰਮ-ਧਰਮ ਵਿਚ ਚੰਗਾ ਪ੍ਰਪੱਕ ਸੀ। ਇਹ ਇਕ ਵਾਰ ਸ਼ਾਮ ਨੂੰ ਬਾਬਾ ਜੀ ਨੂੰ ਗੀਤਾ ਦਾ ਪਾਠ ਸੁਣਾ ਰਿਹਾ ਸੀ। ਇਕ ਪਾਠ ਪੂਰਾ ਕਰਨ ਉਪਰੰਤ ਇਸ ਨੂੰ ਇਕ ਪਾਠ ਹੋਰ ਕਰਨ ਦਾ ਹੁਕਮ ਹੋਇਆ। ਹੁਕਮ ਅਨੁਸਾਰ ਇਸ ਨੇ ਦੂਜਾ ਪਾਠ ਆਰੰਭ ਕਰ ਦਿੱਤਾ। ਪਾਠ ਕਰਦਿਆਂ-ਕਰਦਿਆਂ ਜਿਥੇ ਗੀਤਾ ਵਿਚ ਅਰਜਨ ਸਵਾਲ ਕਰਦਾ

ਹੈ, ਭਗਵਾਨ ਕ੍ਰਿਸ਼ਨ ਜਵਾਬ ਦਿੰਦੇ ਹਨ, ਜਦੋਂ ਉਹ ਪੰਡਿਤ ਉਥੇ ਪਹੁੰਚ ਕੇ ਪੜ੍ਹਨ ਲੱਗੇ ਕ੍ਰਿਸ਼ਨ ਜੀ ਦੇ ਉੱਤਰ ਵਾਲਾ ਸਲੋਕ ਪੜ੍ਹਨ ਵੇਲੇ ਉਸ ਨੂੰ ਕੋਈ ਵੱਖਰੀ ਜਿਹੀ ਆਵਾਜ਼ ਸੁਣਾਈ ਦਿੱਤੀ, ਇਕ ਵਾਰ ਆਵਾਜ਼ ਸੁਨਣ ਸਾਰ ਹੀ ਉਸ ਨੇ ਅੱਖਾਂ ਖੋਲ੍ਹ ਕੇ ਵੇਖਿਆ। ਇਹ ਆਵਾਜ਼ ਬਾਬਾ ਜੀ ਵੱਲੋਂ ਆ ਰਹੀ ਸੀ। ਦੂਸਰੇ ਸਲੋਕ ਸਮੇਂ ਫਿਰ ਉਹੀ ਆਵਾਜ਼ ਆਈ। ਹੁਣ ਉਸ ਨੂੰ ਬਾਬਾ ਮਹਾਂ ਹਰਿਨਾਮ ਸਿੰਘ ਜੀ ਕ੍ਰਿਸ਼ਨ ਰੂਪ ਵਿਚ ਦਿਸੇ। ਉਹ ਪੰਡਿਤ ਝਟ ਖੜਾ ਹੋਇਆ ਅਤੇ ਕਹਿਣ ਲੱਗਾ, "ਉਹ ਬੰਸੀ ਵਾਲੇ, ਤੂੰ ਇਥੇ ਵੀ ਹੈਂ।" ਉਪਰੰਤ ਉਹ ਨਜ਼ਾਰਾ ਬਾਬਾ ਜੀ ਨੇ ਬੰਦ ਕਰ ਲਿਆ ਅਤੇ ਬਚਨ ਕੀਤਾ, "ਕਿਉਂ ਪੰਡਿਤ, ਤੂੰ ਤਾਂ ਇਤਨੀ ਗੱਲ ਵੇਖ ਕੇ ਹੀ ਰੌਲਾ ਪਾਉਣ ਲੱਗ ਪਿਆ, ਅਜੇ ਤੈਨੂੰ ਵਿਰਾਟ ਰੂਪ ਨਹੀਂ ਵਿਖਾਇਆ। ਚੁੱਪ ਕਰ ਬੋਲਣ ਦੀ ਲੋੜ ਨਹੀਂ, ਤੂੰ ਭਗਤੀ ਕਰੀ ਚੱਲ, ਕੋਈ ਸਮਾਂ ਆਏਗਾ ਇਸ ਨੂੰ ਫਲ ਲੱਗੇਗਾ।" ਉਪਰੰਤ ਉਹ ਗੀਤਾ ਪਾਠੀ ਬਾਬਾ ਜੀ ਦੇ ਚਰਨਾਂ ਦਾ ਅਤਿਅੰਤ ਸ਼ਰਧਾਲੂ ਬਣ ਗਿਆ।

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੇਰੀ ਮਹਿਮਾ ਮਹਾ ਮਹਾਨ।**
**ਧਰਤ ਕਾਗਜ਼ ਬਨ ਰਾਜ ਕਲਮ ਕਰ ਤਉ ਨ ਹੋਇ ਬਖਾਨ।**
**ਤਉ ਨ ਹੋਇ ਬਖਾਨ ਏਕ ਜੀਵ ਕਿਆ ਜਾਨੈ।**
**ਤੂ ਕਰਤਾ ਹਰਤਾ ਜਗਤ ਕੋ ਪੁਰਖ ਰੂਪ ਭਗਵਾਨੈ।**
**ਤੂੰ ਸਰਬ ਨਿਰੰਤਰ ਰਵਿ ਰਹਿਆ ਨਰਕ ਨਿਵਾਰਨ ਨਰਹਰੀ।**
**ਨਮਸਕਾਰ ਹੈ ਬਾਰ ਬਾਰ ਧਰਮ ਜੋਤ ਪਰਮੇਸ਼ਰੀ।**

ਐਸੇ ਸਮਰੱਥ ਸਨ ਬਾਬਾ ਮਹਾਂ ਹਰਿਨਾਮ ਸਿੰਘ ਜੀ।

**ਰਵਿਦਾਸ ਭਣੈ ਜੋ ਜਾਣੈ ਸੋ ਜਾਣੁ ॥**
**ਸੰਤ ਅਨੰਤਹਿ ਅੰਤਰੁ ਨਾਹੀ ॥** *(ਅੰਗ ੪੮੬)*

## ਅਪਨੇ ਸੇਵਕ ਕਉ ਆਪਿ ਸਹਾਈ॥
## ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ॥

*(ਅੰਗ ੨੦੨)*

ਇਕ ਵਾਰ ਬਾਬਾ ਜੀ ਨੇ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੋਰ ਦੋਹਾਂ ਨੂੰ ਬੁਲਾ ਕੇ ਪੁੱਛਿਆ, "ਤੁਹਾਡੇ ਪਿੱਛੇ ਘਰ ਕੌਣ ਹੈ?" ਸਾਰਾ ਕੁਝ ਅੱਗੇ ਵੀ ਬਾਬਾ ਜੀ ਕੋਲ ਬੇਨਤੀ ਕੀਤੀ ਸੀ, ਦੱਸਿਆ ਸੀ, ਅੰਤਰਜਾਮੀ ਸਭ ਕੁਝ ਜਾਣਦੇ ਵੀ ਸਨ, ਪੁੱਛ ਲਿਆ ਤੇ ਫਿਰ ਦੱਸਣਾ ਜ਼ਰੂਰੀ ਸੀ, ਹੁਕਮ ਅਨੁਸਾਰ ਬੇਨਤੀ ਕਰ ਦਿੱਤੀ, ਇਕ ਮੇਰੀ ਮਤੇਰ ਭੈਣ ਵਿਧਵਾ ਹੈ ਤੇ ਇਕ ਮੇਰੀ ਲੜਕੀ ਹੈ, ਅੱਠ-ਨੌਂ ਸਾਲ ਦੀ ਉਮਰ ਵਿਚ, ਉਹ ਉਸ ਦੇ ਕੋਲ ਹੈ। ਸੁਣ ਕੇ ਹਜ਼ੂਰ ਨੇ ਬਚਨ ਕੀਤਾ, "ਤੁਸੀਂ ਦੋਵੇਂ ਜੀਅ ਘਰ ਜਾਓ ਤੇ ਕੰਨਿਆ ਨੂੰ ਨਾਲ ਲੈ ਆਓ, ਅੱਜ ਹੁਣੇ ਤਿਆਰੀ ਕਰੋ।" ਬੇਨਤੀ ਕੀਤੀ ਮਹਾਰਾਜ ਲੰਗਰ ਤਿਆਰ ਕਰ ਕੇ ਲਿਆਉਣ ਦਾ ਵਕਤ ਹੈ, ਤਾਂ ਹੁਕਮ ਕੀਤਾ, "ਸ਼ੁੱਧ ਹੈ, ਲੰਗਰ ਤਿਆਰ ਕਰ ਕੇ ਛਕਾ ਕੇ ਜਾਉ।" ਮੁਣਸ਼ੀ ਨੂੰ ਹੁਕਮ ਕੀਤਾ, "ਮੁਣਸ਼ੀ, ਇਹਨਾਂ ਡਰੋਲੀ ਵਾਲੇ ਦੋਹਾਂ ਜੀਆਂ ਨੇ ਘਰ ਜਾਣਾ ਹੈ, ਆਉਣ ਜਾਣ ਦਾ ਕਿਰਾਇਆ ਹਿਸਾਬ ਕਰ ਕੇ ਦੱਸੋ।" ਜਿਸ ਸਮੇਂ ਲੰਗਰ ਤਿਆਰ ਕਰ ਕੇ ਛਕਾ ਕੇ ਹਟੇ ਫਿਰ ਹਜ਼ੂਰੀ ਵਿਚ ਬੁਲਾ ਕੇ ਹੁਕਮ ਕੀਤਾ, "ਕਿਰਾਇਆ ਲੈ ਜਾਉ।" ਜਿਸ ਸਮੇਂ ਕਿਰਾਇਆ ਲੈਣ ਤੋਂ ਇਨਕਾਰ ਕੀਤਾ ਤਾਂ ਹੱਸ ਕੇ ਬੋਲੇ, "ਸਾਡਾ ਤੁਹਾਡਾ ਕੁਝ ਵੰਡਿਆ ਨਹੀਂ ਹੈ, ਜਾਉ ਬਚਨ ਨਾ ਮੋੜੋ।" ਉਪਰੰਤ ਕਿਰਾਇਆ ਲੈ ਕੇ ਆਗਿਆ ਅਨੁਸਾਰ ਘਰ ਚਲੇ ਗਏ ਇਕ ਰਾਤ ਰਹਿਣ ਦਾ ਹੁਕਮ ਸੀ। ਅਗਲੇ ਦਿਨ ਮੁੜਨ ਦੀ ਤਾਕੀਦ ਕੀਤੀ ਸੀ। ਹੁਕਮ ਅਨੁਸਾਰ ਮੁੜਨ ਦੀ ਤਿਆਰੀ ਵਿਚ ਸਨ, ਇਤਨੇ ਚਿਰ

ਨੂੰ ਡਰੋਲੀ ਨਗਰ ਵਿਚੋਂ ਇਕ ਚੰਗੇ ਗੁਰਸਿੱਖ ਪਰਿਵਾਰ ਦੀ ਲੜਕੀ ਜਿਸ ਦਾ ਨਾਮ ਦਲੀਪ ਕੌਰ ਸੀ, ਇਹ ਬੀਬੀ ਸੰਗਰੂਰ ਵਾਲੇ ਰਾਜੇ ਦੇ ਵੱਡੇ ਅਹਿਲਕਾਰ ਸ. ਹਕੀਕਤ ਸਿੰਘ ਜੀ ਦੇ ਨਾਲ ਵਿਆਹੀ ਹੋਈ ਸੀ, ਸਹੁਰੇ ਘਰ ਸਿਰਫ਼ ਇਕ ਵਾਰ ਹੀ ਗਈ, ਮੁੜ ਕੇ ਸਾਰੀ ਜ਼ਿੰਦਗੀ ਪਿਤਾ ਦੇ ਘਰ ਫਿਰ ਭਰਾਵਾਂ ਕੋਲ ਹੀ ਬੰਦਗੀ ਕਰ ਕੇ ਬਤੀਤ ਕੀਤੀ। ਉਸ ਨੇ ਵੀ ਘਰ ਆ ਕੇ ਬਾਬਾ ਜੀ ਦਾ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ। ਫਿਰ ਨਾਲ ਤਿਆਰ ਹੋ ਕੇ ਭੁੱਚੋ ਨੂੰ ਚੱਲ ਪਈ। ਉਪਰੰਤ ਭਾਈ ਰਤਨ ਸਿੰਘ ਡਰੋਲੀ, ਜੈ ਕੌਰ ਇਕ ਇਹਨਾਂ ਦੀ ਲੜਕੀ ਹਰਬੰਸ ਕੌਰ, ਚੌਥੀ ਬੀਬੀ ਦਲੀਪ ਕੌਰ ਚਾਰੇ ਹੀ ਅਗਲੇ ਦਿਨ ਚੱਲ ਕੇ ਭੁੱਚੋ ਪਹੁੰਚ ਗਏ, ਸਭ ਤੋਂ ਪਹਿਲੇ ਬੀਬੀ ਦਲੀਪ ਕੌਰ ਨੇ ਬਾਬਾ ਜੀ ਦੇ ਅੱਗੇ ਆਪਣੀ ਬੇਨਤੀ ਕੀਤੀ। ਉਸ ਦੀ ਬੇਨਤੀ ਸੁਣ ਕੇ ਹਜ਼ੂਰ ਨੇ ਬਚਨ ਕੀਤਾ, "ਬੀਬੀ ਤੇਰਾ ਕਈ ਜਨਮ ਤੋਂ ਲੇਖਾ ਤੇਰੇ ਪਤੀ ਨਾਲ ਇਵੇਂ ਹੀ ਲਿਖਿਆ ਚਲਿਆ ਆਉਂਦਾ ਹੈ। ਕਦੇ ਤੂੰ ਉਸ ਦਾ ਪਤੀ ਤੇ ਕਦੇ ਉਹ ਤੇਰਾ ਪਤੀ, ਤੁਹਾਡਾ ਵਿਆਹ ਹੋ ਜਾਂਦਾ ਰਿਹਾ ਹੈ ਪਰ ਤੁਸੀਂ ਇਕੱਠੇ ਹੋ ਕੇ ਜ਼ਿੰਦਗੀ ਕਦੇ ਵੀ ਬਤੀਤ ਨਹੀਂ ਕੀਤੀ ਤੇ ਹੁਣ ਤੂੰ ਆਪਣੇ ਘਰ ਬੈਠ ਕੇ ਭਜਨ ਕਰ ਤੇਰਾ ਮਨ ਸ਼ਾਂਤ ਰਹੇਗਾ, ਹੋਰ ਕੁਝ ਨਹੀਂ ਹੋ ਸਕਦਾ।" ਇਸ ਤੋਂ ਉਪਰੰਤ ਬੀਬੀ ਦਲੀਪ ਕੌਰ ਨੂੰ ਜਾਣ ਦੀ ਆਗਿਆ ਮਿਲ ਗਈ, ਠੀਕ ਉਸੇ ਸਮੇਂ ਹੁਕਮ ਕੀਤਾ, "ਡਰੋਲੀ ਵਾਲੇ ਦੋਵੇਂ ਜੀਅ, ਉਹਨਾਂ ਨੂੰ ਵੀ ਆਗਿਆ ਹੈ।" ਫਿਰ ਭਾਈ ਰਤਨ ਸਿੰਘ ਹੋਰਾਂ ਦੇ ਪਰਿਵਾਰ ਨੇ ਬੇਨਤੀ ਕੀਤੀ, ਮਹਾਰਾਜ ਸਾਨੂੰ ਕਿਉਂ ਜਾਣ ਦਾ ਹੁਕਮ ਕੀਤਾ ਹੈ ਅਸੀਂ ਤਾਂ ਤੁਹਾਡੇ ਹੁਕਮ ਅਨੁਸਾਰ ਹੀ ਘਰ ਨੂੰ ਗਏ ਤੇ ਮੁੜ ਆਏ। ਇਹ ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਤੁਹਾਨੂੰ ਇਕੱਲਿਆਂ ਨੂੰ ਆਉਣ-ਜਾਣ ਦਾ ਹੁਕਮ ਸੀ। ਤੁਸੀਂ ਇਸ ਲੜਕੀ (ਦਲੀਪ ਕੌਰ) ਨੂੰ ਨਾਲ ਲੈ ਕੇ ਆਪਣੀ ਮਰਜ਼ੀ ਕਿਉਂ ਕੀਤੀ। ਇਕ ਵਾਰੀ ਇਸ ਦੇ ਨਾਲ ਘਰ ਜਾਉ ਅਤੇ ਫਿਰ ਆ ਜਾਉ। ਸ਼ੁੱਧ ਹੈ।" ਹੁਕਮ ਅਨੁਸਾਰ ਫਿਰ ਘਰ ਨੂੰ ਮੁੜ ਆਏ। ਇਕ ਰਾਤ ਰਹੇ ਅਗਲੇ ਦਿਨ ਫਿਰ ਸੇਵਾ ਵਿਚ ਹਾਜ਼ਰ ਹੋ ਗਏ।

ਇਹ ਸਾਰੀ ਹੁਕਮ ਦੀ ਖੇਡ ਹੈ। ਪੜ੍ਹਨ ਸੁਣਨ ਵਾਲਾ ਤਾਂ ਕਹਿ ਦੇਵੇਗਾ ਕਿ ਇਕ ਵਾਰ ਘਰ ਰਹੇ ਤੇ ਫਿਰ ਮੁੜ ਆਏ ਤੇ ਕੀ ਫ਼ਰਕ ਹੈ।

ਨਹੀਂ ਪਾਠਕ ਜਨੋ, ਫ਼ਰਕ ਹੈ, ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥

*(ਇਹ ਸਾਰੇ ਪ੍ਰਸੰਗ ਲੇਖਕ ਨੇ ਮਾਤਾ-ਪਿਤਾ ਪਾਸੋਂ ਸੁਣੇ। ਉਹਨਾਂ ਦੇ ਸੇਵਾ ਵਿਚ ਹਾਜ਼ਰ ਹੋਣ ਸਮੇਂ ਅੱਖਾਂ ਦੇ ਸਾਹਮਣੇ ਵਰਤੇ।)*

# ਪ੍ਰਭ ਕਾ ਕੀਆ ਜਨ ਮੀਠ ਲਗਾਨਾ॥
# ਜੈਸਾ ਸਾ ਤੈਸਾ ਦ੍ਰਿਸਟਾਨਾ॥

*(ਅੰਗ ੨੮੨)*

ਇਕ ਸਮੇਂ ਜਿਸ ਦੀ ਸੰਗਤ ਕਰ ਕੇ ਜਿਸ ਦਾ ਦਰਸ਼ਨ ਕਰ ਕੇ ਮਨ ਨੂੰ ਸ਼ਾਂਤੀ ਆਈ ਹੋਵੇ, ਕਿਸੇ ਸਮੇਂ ਕੋਈ ਮਨ ਨੂੰ ਕਲਪਣਾ ਹੋਵੇ ਤਾਂ ਜਿਥੇ ਸੁਖ ਅਨੰਦ ਕਿਸੇ ਨੂੰ ਮਿਲਿਆ ਹੋਵੇ, ਉਸੇ ਪਾਸੇ ਨੂੰ ਹੀ ਜਗਿਆਸੂ ਆ ਕੇ ਆਪਣਾ ਦੁੱਖ ਨਵਿਰਤ ਕਰਨ ਲਈ ਯਤਨ ਕਰਦਾ ਹੈ। ਜਿਸ ਤਰ੍ਹਾਂ ਇਕ ਵਾਰੀ ਪਾਣੀ ਪੀ ਕੇ ਪਿਆਸ ਬੁਝਾ ਕੇ ਦੂਜੀ ਵਾਰ ਪਾਣੀ ਦੇ ਬਰਤਨ ਵੱਲ ਨਿਗਾਹ ਕਰੀਦੀ ਹੈ, ਭਾਈ ਨਰੈਣ ਸਿੰਘ ਸਿਖੜਾ ਜਿਨ੍ਹਾਂ ਦਾ ਪ੍ਰਸੰਗ ਹਿੱਸਾ ਛੇਵਾਂ ਨੰਬਰ ਦਸ ਉੱਤੇ ਹੈ, ਭਾਈ ਨਰੈਣ ਸਿੰਘ ਦਾ ਭਤੀਜਾ ਸਖ਼ਤ ਬੀਮਾਰ ਹੋ ਗਿਆ। ਅਖ਼ੀਰ ਉੱਤੇ ਕੋਈ ਚਾਰਾ ਨਾ ਚੱਲਿਆ ਤੇ ਫਿਰ ਭਾਈ ਨਰੈਣ ਸਿੰਘ ਭੁੱਚੋ ਨੂੰ ਚੱਲ ਪਿਆ। ਉਹਨਾਂ ਸਮਿਆਂ ਵਿਚ ਅੱਜ ਵਾਂਗੂੰ ਛੇਤੀ ਪਹੁੰਚਣ ਦੇ ਸਾਧਨ ਨਹੀਂ ਸਨ। ਪੈਦਲੀ ਤੁਰ ਕੇ ਭੁੱਚੋ ਪਹੁੰਚਿਆ। ਮਨ ਵਿਚ ਖ਼ਾਹਿਸ਼ ਭਤੀਜੇ ਦੀ ਦੇਹ ਅਰੋਗਤਾ ਵਾਸਤੇ ਬਾਬਾ ਜੀ ਕੋਲ ਅਰਦਾਸ ਕਰਨ ਦੀ ਸੀ। ਜਿਸ ਸਮੇਂ ਭਾਈ ਨਰੈਣ ਸਿੰਘ ਭੁੱਚੋ ਹਜ਼ੂਰ ਦੇ ਪਾਸ ਪਹੁੰਚਿਆ, ਉਸੇ ਸਮੇਂ ਹੀ ਹਜ਼ੂਰ ਨੇ ਬਚਨ ਕਰ ਦਿੱਤਾ, "ਭਾਈ ਸਿੱਖਾ ਜਿਸ ਕੰਮ ਵਾਸਤੇ ਤੰ ਆਇਆ ਹੈਂ, ਉਹ ਤਾਂ ਭਾਣਾ ਵਰਤ ਗਿਆ ਹੈ। ਹੁਣ ਕੁਝ ਨਹੀਂ ਹੋ ਸਕਦਾ। ਤੂੰ ਪਿੱਛੇ ਮੁੜ ਜਾ।" ਭਾਵ ਕਿ ਜਿਸ ਦੀ

# 50

ਇਸ ਭੁੱਚੋ ਨਗਰ ਵਿਚ ਇਕ ਮੁਲਤਾਨੀ ਨਾਮ ਦਾ ਮੁਸਲਮਾਨ ਹੁੰਦਾ ਸੀ। ਉਸ ਦੇ ਉਪਰ ਬਾਬਾ ਜੀ ਦੀ ਬੜੀ ਕ੍ਰਿਪਾ ਸੀ। ਇਹ ਮੁਲਤਾਨੀ ਪੁੱਛਾਂ ਆਦਿਕ ਵੀ ਦਿੰਦਾ ਸੀ। ਉਸ ਨੂੰ ਬਾਬਾ ਜੀ ਨੇ ਹੁਕਮ ਕੀਤਾ ਹੋਇਆ ਸੀ ਕਿ "ਅਸੀਂ ਤੈਨੂੰ ਜਦੋਂ ਵੀ ਆਵਾਜ਼ ਦੇਈਏ ਉਸੇ ਵਕਤ ਸਾਰੇ ਕੰਮ ਛੱਡ ਕੇ ਸਾਡੇ ਕੋਲ ਪਹੁੰਚੀਂ।" ਉਸ ਨੇ ਇਸ ਹੁਕਮ ਦੀ ਕਈ ਵਾਰ ਪਾਲਣਾ ਕੀਤੀ। ਇਕ ਵਾਰ ਖੇਤ ਨੂੰ ਜਾ ਰਿਹਾ ਸੀ। ਅੰਤਰਜਾਮੀ ਬਾਬਾ ਜੀ ਰਹਿਮਤ ਦੇ ਘਰ ਵਿਚ ਆਏ। ਇਸ ਦਾ ਕੋਈ ਕਸ਼ਟ ਟਾਲਣ ਲਈ ਆਪਣੀ ਆਵਾਜ਼ ਇਸ ਤਕ ਪਹੁੰਚਾਈ ਤੇ ਮੁਲਤਾਨੀ ਆਵਾਜ਼ ਸੁਣ ਕੇ ਉਥੋਂ ਹੀ ਪਿੱਛੇ ਮੁੜ ਕੇ ਬਾਬਾ ਜੀ ਪਾਸ ਡੇਰੇ ਅੱਪੜ ਗਿਆ। ਆ ਕੇ ਨਮਸਕਾਰ ਕੀਤੀ, ਬਾਬਾ ਜੀ ਨੇ ਪੁੱਛਿਆ, "ਮੁਲਤਾਨੀ, ਤੂੰ ਕਿਧਰ ਨੂੰ।" ਤਾਂ ਇਸ ਨੇ ਬੇਨਤੀ ਕੀਤੀ, "ਮਹਾਰਾਜ, ਮੇਰੇ ਛੋਲੇ ਬੀਜੇ, ਖੜੇ ਪੱਕਣ ਵਾਲੇ ਹਨ। ਸੇਮੇ ਨਗਰ ਦੇ ਲੋਕ ਪੁੱਟ ਕੇ ਲੈ ਜਾਂਦੇ ਹਨ, ਮੈਂ ਰਾਖੀ ਕਰਨ ਜਾ ਰਿਹਾ ਹਾਂ।" ਉਪਰੰਤ ਹਜ਼ੂਰ ਨੇ ਬਚਨ ਕੀਤਾ, "ਇਥੇ ਬੈਠ ਜਾ।" ਬਚਨ ਮੰਨ ਕੇ ਮੁਲਤਾਨੀ ਬੈਠ ਗਿਆ, ਸਿਦਕ ਦਾ ਪੱਕਾ ਸੀ। ਦੋ ਘੰਟੇ ਬਾਅਦ ਬਾਬਾ ਜੀ ਨੇ ਹੁਕਮ ਕੀਤਾ, "ਜਾ, ਖੇਤ ਗੇੜਾ ਮਾਰ ਆ।" ਉਧਰ ਜਿਸ ਸਮੇਂ ਮੁਲਤਾਨੀ ਖੇਤ ਗਿਆ ਤਾਂ ਪੱਕੇ ਹੋਏ ਛੋਲੇ ਬਹੁਤ ਸਾਰੇ ਪੁੱਟੇ ਗਏ ਸਨ, ਖੇਤ ਖ਼ਾਲੀ ਪਿਆ ਸੀ। ਹੁਣ ਕੀ ਹੋ ਸਕਦਾ ਸੀ, ਮੁਲਤਾਨੀ ਖੇਤ ਦਾ ਨੁਕਸਾਨ ਵੇਖ ਕੇ ਝੂਰਦਾ ਹੋਇਆ ਵਾਪਸ ਮੁੜ ਕੇ ਸਿੱਧਾ ਬਾਬਾ ਜੀ ਪਾਸ ਪਹੁੰਚਿਆ ਤੇ ਬੇਨਤੀ ਕੀਤੀ, "ਮਹਾਰਾਜ, ਮੇਰੇ ਖੇਤ ਵਿਚੋਂ ਪੱਕੇ ਛੋਲਿਆਂ ਦਾ ਗੱਡਾ ਭਰ ਕੇ ਕੋਈ ਲੈ ਗਿਆ ਹੈ।" ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਤੇਰੇ ਖੇਤ ਦਾ ਕੁਝ ਨਹੀਂ ਵਿਗੜਿਆ, ਜਿੰਨੇ ਛੋਲੇ ਪੁੱਟੇ ਗਏ ਹਨ, ਉਹਨਾਂ ਦਾ ਘਾਟਾ ਖੜਿਆਂ ਵਿਚੋਂ ਪੂਰਾ ਕਰ ਦਿਆਂਗੇ। ਤੂੰ ਫ਼ਿਕਰ ਨਾ ਕਰ, ਤੇਰੇ ਛੋਲੇ ਪੁੱਟਣ ਵਾਲੇ ਤਿੰਨ ਬੰਦੇ ਸਨ। ਤੂੰ ਉਥੇ ਜਾਂਦਾ, ਤੇਰੀ ਲੜਾਈ ਹੋ ਜਾਂਦੀ, ਅੱਜ ਤੇਰੇ ਹੱਥੋਂ ਬੰਦਾ ਮਰਨਾ ਸੀ, ਤੇਰਾ ਸਮਾਂ ਟਲ ਗਿਆ ਹੈ, ਫ਼ਿਕਰ ਨਾ ਕਰ।" ਉਪਰੰਤ ਮੁਲਤਾਨੀ ਦੇ ਦੱਸਣ ਅਨੁਸਾਰ ਛੋਲੇ ਵੀ ਅਨੁਮਾਨ ਤੋਂ ਵੱਧ ਹੋਏ।

*(ਇਹ ਬਚਨ ਮਾੜੂ ਸਿੰਘ ਭੁੱਲਰ ਪਾਸੋਂ ਮਿਲਿਆ।)*

# ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥

*(ਅੰਗ ੭੮੫)*

ਬਾਬਾ ਜੀ ਦੀ ਇਹ ਮਰਿਆਦਾ ਸੀ ਕਿ ਜੋ ਵੀ ਕੋਈ ਪ੍ਰਸ਼ਾਦ ਦੇ ਤੌਰ ਤੇ ਕੋਈ ਵਸਤੂ ਵੀ ਲੈ ਕੇ ਜਾਂਦਾ, ਉਸ ਦੇ ਪੈਸੇ ਦੇ ਕੇ ਹੀ ਉਸ ਦੀ ਸੇਵਾ ਮਨਜ਼ੂਰ ਕਰਦੇ ਸਨ। ਇਕ ਵਾਰ ਇਕ ਸੇਮੇਂ ਨਗਰ ਦਾ ਜ਼ਿਮੀਂਦਾਰ ਬਾਬਾ ਜੀ ਪਾਸ ਆ ਕੇ ਬੇਨਤੀ ਕਰਨ ਲੱਗਾ, "ਸੱਚੇ ਪਾਤਸ਼ਾਹ, ਅੱਜ ਰਾਤ ਮੈਂ ਘਰੋਂ ਹਲ ਜੋੜ ਕੇ ਆਇਆ ਸੀ, ਰਾਤ ਵੱਡੀ ਸੀ ਤੇ ਮੈਂ ਦਿਨ ਦਾ ਥੱਕਿਆ ਹੋਇਆ ਹੋਣ ਕਰ ਕੇ ਖੇਤ ਆ ਕੇ ਸੋਚਿਆ, ਅਜੇ ਰਾਤ ਵੱਡੀ ਹੈ ਝੱਟ ਘੜੀ ਸੌਂ ਜਾਈਏ ਤੇ ਮਹਾਰਾਜ ਮੈਂ ਸੌਂ ਗਿਆ ਤੇ ਬਲਦ ਮੈਂ ਹਲ ਦੀ ਵੇਲ ਨਾਲ ਬੰਨ੍ਹ ਕੇ ਉੱਤੇ ਸਿਰ ਰੱਖ ਕੇ ਸੌਂ ਗਿਆ। ਮੈਂ ਐਸਾ ਸੁੱਤਾ ਕਿ ਦਿਨ ਚੜ੍ਹੇ ਤਕ ਜਾਗ ਨਹੀਂ ਆਈ ਤੇ ਜਦੋਂ ਮੈਂ ਜਾਗਿਆ, ਦੋਵੇਂ ਬਲਦ ਪਤਾ ਨਹੀਂ ਕੋਈ ਚੋਰ ਲੈ ਗਿਆ ਜਾਂ ਆਪਣੇ ਆਪ ਚਲੇ ਗਏ। ਮੈਂ ਅੱਜ ਸਾਰੀ ਦਿਹਾੜੀ ਭਾਲੇ, ਮਿਲੇ ਨਹੀਂ। ਮਹਾਰਾਜ, ਕ੍ਰਿਪਾ ਕਰੋ, ਉਤੋਂ ਸੌਣੀ ਦੀ ਵਾਢੀ ਤੇ ਹਾੜੀ ਦੀ ਬਿਜਾਈ ਮੈਂ ਗ਼ਰੀਬ ਬੰਦਾ ਛੋਟੇ-ਛੋਟੇ ਬਾਲ-ਬੱਚੇ, ਮੇਰਾ ਗੁਜ਼ਾਰਾ ਕਿਵੇਂ ਚੱਲੇਗਾ।" ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਤੂੰ ਫ਼ਿਕਰ ਨਾ ਕਰ। ਪਰਮੇਸ਼ਰ ਸਭ ਦੀ ਪਾਲਣਾ ਕਰਦਾ ਹੈ। ਤੂੰ ਇਕ ਬਚਨ ਮੰਨ।" ਉਸ ਨੇ ਕਿਹਾ, "ਜੀ, ਬੇਸ਼ੱਕ ਦਸ ਮਨਾ ਲਵੋ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਨੀਲਾ ਸਿੰਆਂ, ਇਸ ਦੀ ਸ਼ਗ੍ਰਾ ਕਰਵਾ ਦੇ।" ਨਾਲ ਹੀ ਹੁਕਮ ਕੀਤਾ, "ਸ਼ਗ੍ਰਾ ਕਰਨ ਸਮੇਂ ਵਾਹਿਗੁਰੂ-ਵਾਹਿਗੁਰੂ ਕਰਦਾ ਰਹੀਂ।" ਸ਼ਰਾ ਕਰਨ ਉਪਰੰਤ ਬਚਨ ਕੀਤਾ, "ਹੁਣ ਬੇਫ਼ਿਕਰ ਹੋ ਕੇ ਘਰ ਜਾ, ਜਿਵੇਂ ਜਿਸ ਵਕਤ ਅੱਗੇ ਖੇਤ ਆ ਕੇ ਹਲ ਜੋੜਿਆ ਸੀ, ਜਿਧਰ ਨੂੰ ਸਿਰ ਪੈਰ ਕਰ ਕੇ ਸੁੱਤਾ ਸੀ, ਉਵੇਂ ਹੀ ਜਾ ਕੇ ਸੌਂ ਜਾਈਂ, ਤੇਰੇ ਬਲਦ ਆ ਜਾਣਗੇ।" ਉਸ ਨੇ ਵੀ

ਸਿਦਕ ਰੱਖਿਆ, ਅੱਧੀ ਰਾਤ ਨੂੰ ਘਰੋਂ ਉੱਠਿਆ, ਆ ਕੇ ਖੇਤ ਵਿਚ ਲੰਮਾ ਪੈ ਗਿਆ। ਥੋੜ੍ਹਾ ਚਿਰ ਹੋਇਆ ਤਾਂ ਹੈਰਾਨੀ ਨਾਲ ਇਧਰ-ਉਧਰ ਵੇਖਦਾ ਰਿਹਾ। ਅਖ਼ੀਰ ਉਸ ਨੂੰ ਨੀਂਦ ਆ ਗਈ। ਕੁਝ ਸਮੇਂ ਬਾਅਦ ਅੱਖ ਖੁੱਲ੍ਹੀ ਤਾਂ ਹੜਬੜਾ ਕੇ ਉੱਠਿਆ, ਉਸਦੇ ਦੋਨੋਂ ਬਲਦ ਉਥੇ ਬੰਨ੍ਹੇ ਹੋਏ ਸੀ। ਖ਼ੁਸ਼ੀ ਦੀ ਹੱਦ ਨਾ ਰਹੀ। ਉਸ ਨੇ ਉੱਠ ਕੇ ਹਲ ਜੋੜ ਕੇ ਪੈਲੀ ਵਾਹੀ, ਜੋਤਾ ਲਾਉਣ ਉਪਰੰਤ ਸ਼ਾਮ ਨੂੰ ਬਾਬਾ ਜੀ ਪਾਸ ਦੁੱਧ ਲੈ ਕੇ ਆਇਆ ਤਾਂ ਬਾਬਾ ਜੀ ਨੇ ਬਚਨ ਕੀਤਾ, "ਜਦੋਂ ਅਸੀਂ ਰੂੰਮੀ ਰਹਿੰਦੇ ਹੁੰਦੇ ਸੀ, ਤੇਰੇ ਪਿਉ ਨੇ ਸਾਨੂੰ ਦੁੱਧ ਛਕਾਇਆ ਸੀ ਤੇ ਉਸ ਨੇ ਲਿਆ ਕੁਝ ਨਹੀਂ ਸੀ, ਅਸੀਂ ਤੇਰੇ ਬਲਦ ਲਿਆ ਕੇ ਤੇਰਾ ਕਰਜ਼ਾ ਲਾਹਿਆ ਹੈ। ਹੁਣ ਅਸੀਂ ਤੇਰਾ ਕੁਝ ਨਹੀਂ ਲੈਣਾ।" ਉਪਰੰਤ ਉਸ ਦਾ ਦੁੱਧ ਮੋੜ ਦਿੱਤਾ।

*(ਇਹ ਬਚਨ ਵੱਡੇ ਝੰਡਾਸਿੰਘ ਸੇਮਾ ਨਿਵਾਸੀ ਨੇ ਦੱਸਿਆ।)*

## ਮਨ ਕੀ ਮਤਿ ਮਤਾਗਲੁ ਮਤਾ॥
## ਜੋ ਕਿਛੁ ਬੋਲੀਐ ਸਭੁ ਖਤੋ ਖਤਾ॥

*(ਅੰਗ ੩੫੧)*

ਬੰਦਾ ਜੋ ਵੀ ਕੰਮ ਕਰਦਾ ਹੈ, ਚੰਗਾ ਜਾਣ ਕੇ ਹੀ ਕਰਦਾ ਹੈ ਪਰ ਉਸ ਦਾ ਫਲ ਮਿੱਠਾ ਹੈ ਕਿ ਕੌੜਾ, ਸੁਖ ਰੂਪ ਹੈ ਕਿ ਦੁੱਖ ਰੂਪ, ਦੁਨਿਆਵੀ ਬੰਦੇ ਨੇ ਤਾਂ ਐਸੀ ਭੁੱਲ ਕਰਨੀ ਹੀ ਹੋਈ ਕਿਉਂਕਿ ਉਹ ਤਾਂ ਐਸਾ ਹੀ ਕਰ ਸਕਦਾ ਹੈ। ਕਈ ਵਾਰ ਕਿਸੇ ਅਗਿਆਨਤਾ ਦਾ ਕੰਮ ਸਾਧੂ ਵੀ ਕਰ ਬੈਠਦੇ ਹਨ ਜਿਸ ਦਾ ਫਲ ਦੁੱਖ ਰੂਪ ਹੋ ਕੇ ਲੱਗਦਾ ਹੈ। ਬਾਣੀ ਵਿਚ ਫ਼ੁਰਮਾਨ ਹੈ:

**ਖਸਮੁ ਵਿਸਾਰਿ ਕੀਏ ਰਸ ਭੋਗ॥**
**ਤਾ ਤਨਿ ਉਠਿ ਖਲੋਏ ਰੋਗ॥**

*(ਅੰਗ ੧੨੫੬)*

ਐਸਾ ਹੀ ਇਕ ਸਾਧੂ ਕਿਸੇ ਮਤ ਦਾ ਸੀ, ਕੋਈ ਮੁਸਲਮਾਨੀ ਕਲਾਮ ਦਾ ਚਾਲੀਆ ਕਰਨ ਲੱਗ ਪਿਆ। ਪੂਰੀ ਮਰਿਆਦਾ ਨਾ ਜਾਨਣ ਕਰ ਕੇ ਉਸ ਦੇ ਸਰੀਰ ਨੂੰ ਰੋਗ ਹੋ ਗਿਆ। ਦਿਨੇ ਤਾਂ ਟੱਟੀਆਂ ਲੱਗੀਆਂ ਰਹਿਣ ਰਾਤ ਨੂੰ ਮਰ ਗਿਆ ਕਹਿ ਕੇ ਉਠਿਆ ਕਰੇ ਅਤੇ ਉਸ ਦੇ ਹਮਦਰਦਾਂ ਨੇ ਉਸ ਨੂੰ ਦੁਖੀ ਵੇਖ ਕੇ ਬਹੁਤ ਯਤਨ ਕੀਤੇ ਕਰਾਏ ਪਰ ਸਾਰੇ ਵਿਅਰਥ ਹੀ ਗਏ। ਫਿਰ ਉਹਨਾਂ ਨੂੰ ਕਿਸੇ ਨੇ ਕਿਹਾ ਕਿ ਇਸ ਨੂੰ ਰੁੰਮੀ ਵਾਲੇ ਸੰਤਾਂ ਕੋਲ ਭੁੱਚੋ ਲੈ ਜਾਉ। ਠੀਕ ਹੋ ਜਾਏਗਾ ਤਾਂ ਫਿਰ ਪੰਜ ਸੱਤ ਸੇਵਾਦਾਰ ਮਿਲ ਕੇ ਉਸ ਨੂੰ ਗੱਡੇ ਉੱਤੇ ਪਾ ਕੇ ਲੈ ਆਏ, ਜਿਸ ਵਕਤ ਬਾਬਾ ਜੀ ਦੀ ਹਜ਼ੂਰੀ ਵਿਚ ਹੁਕਮ ਨਾਲ ਲਿਆ ਕੇ ਪਾਇਆ, ਵੇਖਣ ਸਾਰ ਹੀ ਹਜ਼ੂਰ ਨੇ ਬਚਨ ਕੀਤਾ, "ਓਇ ਸਾਧਾ, ਸੱਚ ਦੱਸ ਤੈਨੂੰ ਇਹ ਕੰਮ ਕਰਨ ਦੀ ਕੀ ਲੋੜ ਸੀ, ਤੂੰ ਪਰਮੇਸ਼ਰ ਦੀ ਭਗਤੀ ਕਰਨੀ ਸੀ ਜੇ ਮਰ ਵੀ ਜਾਂਦਾ ਤਾਂ ਤੇਰੀ ਜ਼ਿੰਦਗੀ ਸਫ਼ਲ ਹੁੰਦੀ ਤੇ ਹੁਣ ਜਾਏਂ ਤਾਂ ਪ੍ਰੇਤ ਬਣਿਆ ਤੁਰਿਆ ਫਿਰੇਂਗਾ। ਨਾ ਤੇਰਾ ਅੱਗਾ ਨਾ ਪਿੱਛਾ।" ਉਸ ਨੇ ਬੇਨਤੀ ਕੀਤੀ, ਮਹਾਰਾਜ, ਇਕ ਵਾਰ ਬਖ਼ਸ਼ ਲਓ ਫਿਰ ਇਹ ਕੰਮ ਨਹੀਂ ਕਰਦਾ। ਤਾਂ ਬਾਬਾ ਜੀ ਨੇ ਬਚਨ ਕੀਤਾ 'ਸ਼ੁੱਧ ਹੈ।' ਇਸ ਦੀ ਸ਼ਰਾ ਕਰਵਾ ਕੇ ਮੱਟੀ ਵਿਚੋਂ ਅੰਮ੍ਰਿਤ ਦੇ ਦਿਉ। ਹੁਕਮ ਅਨੁਸਾਰ ਸ਼ਰਾ ਕਰਾ ਕੇ ਅੰਮ੍ਰਿਤ ਦੇ ਦਿੱਤਾ, ਅਰੋਗ ਹੋ ਗਿਆ ਫਿਰ ਬਚਨ ਕੀਤਾ ਜੇ ਫਿਰ ਤਕਲੀਫ਼ ਹੋਵੇ ਤਾਂ ਪੈਂਤੀ ਮੁਹਾਰਨੀ ਪੜ੍ਹ ਲਵੀਂ ਠੀਕ ਹੋ ਜਾਏਂਗਾ। ਕਿਥੇ ਤਾਂ ਉਸ ਨੂੰ ਮੰਜੇ ਉੱਤੇ ਪਾ ਕੇ ਲਿਆਏ। ਉਪਰੰਤ ਬਾਬਾ ਜੀ ਦੇ ਬਚਨਾਂ ਤੇ ਦਰਸ਼ਨਾਂ ਦੇ ਸਦਕੇ ਅਰੋਗ ਹੋ ਕੇ ਗਿਆ। ਇਸ ਤੋਂ ਬਾਅਦ ਕੀ ਹੋਇਆ ਅਗਲੇ ਪ੍ਰਸੰਗ ਵਿਚ ਪੜ੍ਹੋ।

# ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥

*(ਅੰਗ ੧੩੭੮)*

ਜਿਸ ਵਕਤ ਬੰਦਾ ਬੀਮਾਰ ਹੋਵੇ, ਆਪਣੇ ਆਪ ਨੂੰ ਲਾ-ਇਲਾਜ ਸਮਝਦਾ ਹੋਵੇ ਤਾਂ ਮਨ ਦੇ ਖ਼ਿਆਲ ਹੋਰ ਹੁੰਦੇ ਹਨ। ਪਰੰਤੂ ਤੰਦਰੁਸਤ ਬੰਦਾ ਹੋਰ ਤਰ੍ਹਾਂ ਦੇ ਮਨ ਨਾਲ ਸੋਚਦਾ ਹੈ। ਜਿਵੇਂ ਬਾਣੀ ਵਿਚ ਸਤਿਗੁਰੂ ਨੇ ਫ਼ੁਰਮਾਇਆ ਹੈ :

**ਮਨ ਖੁਟਹਰ ਤੇਰਾ ਨਹੀ ਬਿਸਾਸ ਤੂੰ ਮਹਾ ਉਦਮਾਦਾ॥**

*(ਅੰਗ ੮੧੫)*

ਕੁਝ ਐਸੀ ਹੀ ਇਸ ਸੰਤ ਨਾਲ ਹੋਈ, ਜਿਸ ਵਕਤ ਤੰਦਰੁਸਤ ਹੋ ਕੇ ਆਪਣੇ ਟਿਕਾਣੇ ਉੱਤੇ ਪਹੁੰਚਿਆ ਮਨ ਫਿਰ ਅੱਗੇ ਵਾਲੀ ਹਾਲਤ ਵਿਚ ਆ ਗਿਆ, ਵਿਚਾਰ ਹੋਰ ਹੋ ਗਏ ਕੁਝ ਦਿਨਾਂ ਬਾਅਦ ਉਹੀ ਚਲੀਸਾ ਜਿਹੜਾ ਅੱਗੇ ਕਰਦਾ ਸੀ, ਸ਼ੁਰੂ ਕਰ ਦਿੱਤਾ, ਉਹੀ ਤਕਲੀਫ਼ ਫਿਰ ਹੋ ਗਈ। ਕਈ ਵਾਰ ਪੈਂਤੀ ਮੁਹਾਰਨੀ ਪੜ੍ਹੀ ਪਰ ਆਰਾਮ ਨਾ ਆਇਆ, ਜਿਸ ਵਕਤ ਅਸਲੋਂ ਹੀ ਨਿਢਾਲ ਹੋ ਗਿਆ ਤੇ ਫਿਰ ਉਹਨਾਂ ਬੰਦਿਆਂ ਨਾਲ ਮਿਲ ਕੇ ਰੂੰਮੀ ਵਾਲੇ ਡੇਰੇ ਭੁੱਚੋ ਪਹੁੰਚਿਆ। ਹਜ਼ੂਰ ਨੇ ਵੇਖਣ ਸਾਰ ਹੀ ਬਚਨ ਕੀਤਾ, "ਕਿਉਂ ਓਏ ਬੂਥਨਿਆ, ਤੂੰ ਨਾ ਹਟਿਆ ਆਪਣੀਆਂ ਕਰਤੂਤਾਂ ਤੋਂ।" ਪਰੰਤੂ ਉਹ ਕੁਝ ਨਹੀਂ ਬੋਲਿਆ। ਬਾਬਾ ਜੀ ਨੇ ਫਿਰ ਬਚਨ ਕੀਤਾ, "ਸਾਡੇ ਹੁਕਮ ਬਿਨਾਂ ਪੜ ਲੈ ਪੈਂਤੀ ਮੁਹਾਰਨੀ।" ਕੁਝ ਆਰਾਮ ਕੀਤਾ ਉਸ ਨੇ ਅਸੀਂ ਤਾਂ ਤੈਨੂੰ ਬਚਾਇਆ ਕਿ ਤੂੰ ਸਿੱਧੇ ਰਾਹ ਆ ਜਾਵੇਂਗਾ, ਭਗਤੀ ਕਰੇਂਗਾ ਤੇਰੀ ਸਹਾਇਤਾ ਕਰਾਂਗੇ ਪਰ ਤੂੰ ਮੁੜਦਾ ਨਹੀਂ। ਹੁਣ ਚੱਲ ਅਗਾਂਹ ਨੂੰ ਤੇਰਾ ਇਥੇ ਕੋਈ ਇਲਾਜ ਨਹੀਂ।" ਹੁਕਮ ਹੋਇਆ, ਲੈ ਜਾਉ ਇਸ ਨੂੰ ਇਸ ਦਾ ਕੋਈ ਇਲਾਜ ਨਹੀਂ। ਉਪਰੰਤ ਉਸ ਦੇ ਉਹ ਸਹਾਇਕ ਵਾਪਸ ਮੋੜ ਕੇ ਲੈ ਗਏ ਫਿਰ ਪਤਾ ਨਹੀਂ ਉਸ ਨਾਲ ਕੀ ਵਾਪਰੀ।

**ਜਨ ਭਗਤਨ ਕੌਂ ਕਹੋ ਨ ਮਾਨੋਂ ਕੀਓ ਅਪਨੋ ਪਈ ਹੈ।**

*(ਅੰਗ ੫੨੪)*

ਹੋਰ

**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭ੍ਰਮਈ ਹੈ।**
**ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈ ਹੈ॥**

# ਖੋਟੇ ਖਰੇ ਤੁਧੁ ਆਪਿ ਉਪਾਏ॥

*(ਅੰਗ ੧੧੯)*

ਮਹਾਂ ਪੁਰਸ਼ਾਂ ਦੀ ਲੀਲ੍ਹਾ ਹੀ ਕੁਝ ਐਸੀ ਹੁੰਦੀ ਹੈ, ਉਹਨਾਂ ਦੀ ਸੰਗਤ ਵਿਚ ਚੰਗੇ ਤੋਂ ਚੰਗੇ ਉੱਤਮ ਜਗਿਆਸੂ ਵੀ ਹੁੰਦੇ ਹਨ, ਨਾਲ ਕੁਝ ਬੰਦੇ ਕੋਝੀਆਂ ਹਰਕਤਾਂ ਵਾਲੇ ਵੀ ਹੁੰਦੇ ਹਨ। ਚੰਗਿਆਂ ਦੀ ਪਰਖ ਹੀ ਮਾੜਿਆਂ ਵਿਚੋਂ ਹੁੰਦੀ ਹੈ। ਦਸੇ ਪਾਤਿਸ਼ਾਹੀਆਂ ਦੇ ਇਤਿਹਾਸ ਵਿਚ ਐਸੇ-ਐਸੇ ਕਈ ਪ੍ਰਸੰਗ ਮਿਲਦੇ ਹਨ। ਬਾਬਾ ਜੀ ਕਲੇਰਾਂ ਵਾਲਿਆਂ ਦੀ ਸੰਗਤ ਵਿਚ ਵੀ ਕਈ ਸੰਗੀ ਸੇਵਕ ਐਸੇ ਸਨ। ਇਸ ਤਰ੍ਹਾਂ ਇਥੇ ਭੁੱਚੋ ਵੀ ਇਕ ਮਾਈ ਜਿਸ ਦਾ ਨਾਮ ਦਾਤਾਰ ਕੌਰ , ਇਸ ਦਾ ਪਤੀ ਥਾਣੇਦਾਰੀ ਵਿਚੋਂ ਮੁਅੱਤਲ ਹੋਇਆ ਪਰੰਤੂ ਇਸ ਦਾ ਸੁਭਾਅ ਬਹੁਤ ਸਖ਼ਤ ਅਤੇ ਅੜੀ ਵਾਲਾ ਸੀ। ਜਿਸ ਵਕਤ ਇਸ ਮਾਈ ਦੇ ਪਰਿਵਾਰ ਨੂੰ ਸੇਵਾ ਮਿਲੀ ਇਸ ਦੇ ਤਿੰਨ ਪ੍ਰਸ਼ਨ ਸਨ।

ਇਕ ਮੇਰਾ ਪਤੀ ਨੌਕਰੀ ਉੱਤੇ ਲੱਗ ਜਾਏ।

ਦੂਸਰਾ ਮੇਰੇ ਘਰ ਪੁੱਤਰ ਹੋ ਜਾਏ।

ਤੀਸਰਾ ਮੇਰੀ ਲੜਕੀ ਦੇ ਘਰ ਔਲਾਦ ਹੋ ਜਾਏ।

ਬਾਬਾ ਜੀ ਨੇ ਜਿਹੜੀਆਂ ਸ਼ਰਤਾਂ ਸੇਵਾ ਦੇਣ ਵੇਲੇ ਹਰ ਇਕ ਨਾਲ ਕਰਦੇ ਸਨ। ਇਹਨਾਂ ਨਾਲ ਵੀ ਕੀਤੀਆਂ।

1. ਇਕ ਤਾਂ ਤੁਸੀਂ ਕਿਸੇ ਸੇਵਾਦਾਰ ਨਾਲ ਈਰਖਾ ਨਹੀਂ ਕਰਨੀ।

2. ਕਿਸੇ ਦੀ ਸਿਫ਼ਾਰਸ਼ ਜਾਂ ਚੁਗਲੀ ਨਹੀਂ ਕਰਨੀ।

3. ਅਸੀਂ ਕਿਸੇ ਨੂੰ ਰੱਖੀਏ ਕਿਸੇ ਨੂੰ ਤੋਰੀਏ ਤੁਸੀਂ ਦਖ਼ਲ ਨਹੀਂ ਦੇਣਾ।

**ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥**

*(ਅੰਗ ੧੧੨੩) (ਰਾਗੁ ਕੇਦਾਰਾ ਭਗਤ ਕਬੀਰ ਜੀ)*

**ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥**

*(ਅੰਗ ੫੧)*

ਪਰੰਤੂ ਇਸ ਮਾਈ ਦਾਤਾਰ ਕੌਰ ਦਾ ਸੁਭਾਅ ਹੀ ਐਸਾ ਸੀ, ਸਰਦਾਰਾਂ ਵਾਲਾ ਰੋਹਬ-ਦਾਬ ਹਰ ਸਮੇਂ ਹਰ ਗੱਲ ਵਿਚ ਰੱਖਣਾ, ਹਰ ਇਕ ਸੇਵਾਦਰ ਨਾਲ ਕੋਈ ਨਾ ਕੋਈ ਝਗੜਾ ਕਰ ਲੈਣਾ, ਖ਼ਾਸ ਕਰ ਕੇ ਭਾਈ ਨੀਲਾ ਸਿੰਘ ਨਾਲ। ਇਕ ਵਾਰ ਨੀਲਾ ਸਿੰਘ ਨਾਲ ਇਸ ਮਾਈ ਦਾ ਝਗੜਾ ਹੋ ਗਿਆ। ਤੁਰੰਤ ਹੀ ਬਾਬਾ ਜੀ ਨੇ ਰੋਕਿਆ ਤੇ ਬਚਨ ਕੀਤਾ, ਦਾਤਾਰ ਕੌਰੇ, ਤੇਰੇ ਕੀਤੇ ਹੋਏ ਬਚਨ ਤੂੰ ਯਾਦ ਕਰ। ਸੇਵਕਾਂ ਨਾਲ ਝਗੜਾ ਨਾ ਕਰ। ਪਰੰਤੂ ਉਸ ਮਾਈ ਨੇ ਬਾਬਾ ਜੀ ਦੇ ਬਚਨ ਵੱਲ ਕੋਈ ਧਿਆਨ ਨਾ ਦਿੱਤਾ। ਇਥੇ ਸੇਵਕਾਂ ਵਿਚ ਸੇਵਾ ਕਰਨ ਦਾ ਚਾਅ ਬਾਬਾ ਜੀ ਨੇ ਕ੍ਰਿਪਾ ਦ੍ਰਿਸ਼ਟੀ ਕਰ ਕੇ ਐਸਾ ਭਰਿਆ ਸੀ, ਸੇਵਾਦਾਰ ਨੂੰ ਹਜ਼ੂਰ ਨੇ ਜਿਸ ਦਾ ਵੀ ਨਾਮ ਲੈ ਕੇ ਆਵਾਜ਼ ਦੇਣੀ, ਕਿਸੇ ਅਨੋਖੇ ਚਾਅ ਨਾਲ ਸੇਵਾਦਾਰ ਭੱਜ ਕੇ ਬਾਬਾ ਜੀ ਪਾਸ ਪਹੁੰਚਦਾ। ਇਸ ਗੱਲ ਨੂੰ ਦਾਤਾਰ ਕੌਰ ਚੰਗਾ ਨਹੀਂ ਸੀ ਸਮਝਦੀ ਕਿਉਂ ਕਿ ਉਹ ਵੇਖਦੀ ਸੀ ਸਰੀਰ ਦੀ ਬਾਹਰਲੀ ਕ੍ਰਿਆ ਅਤੇ ਬਾਬਾ ਜੀ ਪੜਦੇ ਸਨ ਸੇਵਕ ਦਾ ਮਨ, ਸਭ ਸੇਵਾਦਾਰਾਂ ਨੂੰ ਹੁਕਮ ਹੁੰਦਾ, ਜਿਹੜੀ ਤੁਹਾਨੂੰ ਸੇਵਾ ਦਿੱਤੀ ਹੈ, ਉਸ ਸੇਵਾ ਤੋਂ ਬਾਅਦ ਵਿਹਲੇ ਨਹੀਂ ਬੈਠਣਾ, ਨਿਤਨੇਮ ਕਰੋ, ਜੇ ਕੋਈ ਨਹੀਂ ਪੜ੍ਹਿਆ ਪਹਿਲੀ ਪਉੜੀ ਜਾਂ ਵਾਹਿਗੁਰੂ ਸ਼ਬਦ ਦਾ ਜਾਪ ਕਰੇ। ਇਸ ਹੁਕਮ ਅਨੁਸਾਰ ਸਾਰੇ ਸੇਵਾਦਾਰ ਹੀ ਸੇਵਾ ਸਿਮਰਨ ਵਿਚ ਲੱਗੇ ਰਹਿੰਦੇ ਸਨ। ਗਿਣਤੀ ਵਿਚ ਤਾਂ ਸੇਵਕ ਥੋੜ੍ਹੇ ਸਨ ਪਰੰਤੂ ਨਿਤਨੇਮ ਦੇ ਲਿਹਾਜ਼ ਨਾਲ ਬਹੁਤ ਜਣੇ ਹੋ ਨਿੱਬੜਦੇ ਸਨ। ਸੰਤ ਕੇਸਰ ਸਿੰਘ ਜੀ ਡੇਢ ਸੌ ਪਾਠ ਜਪੁ ਜੀ ਸਾਹਿਬ ਦੇ ਰੋਜ਼ ਕਰਦੇ ਸਨ। ਸੰਤ ਨਰੈਣ ਸਿੰਘ ਜੀ ਹਜ਼ੂਰੀ ਸੇਵਕ ਬਾਬਾ ਜੀ ਦੇ ਹੁਕਮ ਅਨੁਸਾਰ ਇਕ ਸੌ ਇਕ ਪਾਠ ਜਪੁ

ਜੀ ਸਾਹਿਬ ਦਾ ਕਰਦੇ ਸਨ ਅਤੇ ਹਰ ਵੇਲੇ ਬਾਬਾ ਜੀ ਦੀ ਹਜ਼ੂਰੀ ਵਿਚ ਆਸਣ ਵਾਲੀ ਕੋਠੜੀ ਦੇ ਦਰਵਾਜ਼ੇ ਕਦੇ ਸੱਜੇ ਪਾਸੇ, ਕਦੇ ਖੱਬੇ ਪਾਸੇ ਮੂੰਹ ਉੱਤੇ ਕੱਪੜਾ ਬੰਨ੍ਹ ਕੇ ਖੜੇ ਹੀ ਰਹਿੰਦੇ ਸਨ। ਜਦੋਂ ਕਿਤੇ ਹੁਕਮ ਅਨੁਸਾਰ ਬਾਬਾ ਜੀ ਨੂੰ ਪੱਖਾ ਕਰਨ ਲੱਗ ਪੈਂਦੇ, ਜਿਵੇਂ ਬਾਣੀ ਵਿਚ ਸਾਹਿਬ ਨੇ ਫ਼ਰਮਾਇਆ ਹੈ, **'ਲੈ ਪਖਾ ਪ੍ਰਿਅ ਝਲਉ ਪਾਇ॥' ਅਥਵਾ ਪਾਣੀ ਪਖਾ ਪੀਸ ਦਾਸ ਕੈ ਤਬ ਹੋਇ ਨਿਹਾਲ॥** ਐਸੇ ਐਸੇ ਗੁਰਮੁਖ ਬਾਬਾ ਜੀ ਦੇ ਚਰਨਾਂ ਵਿਚ ਰਹਿੰਦੇ ਸਨ। ਜਿਵੇਂ ਪਿੱਛੇ ਭਾਈ ਨੀਲਾ ਸਿੰਘ ਜੀ ਦਾ ਪ੍ਰਸੰਗ ਆਇਆ ਹੈ ਦੇਖੋ ਪ੍ਰਸੰਗ ਨੰਬਰ ਪੰਤਾਲੀ। ਉਸ ਦਿਨ ਤੋਂ ਭਾਈ ਨੀਲਾ ਸਿੰਘ ਵੀ ਮਸਤ ਜਿਹਾ ਹੋ ਕੇ ਕੁਝ ਬੋਲਦਾ ਰਹਿੰਦਾ ਸੀ ਪਰ ਸਮਝ ਨਹੀਂ ਸੀ ਆਉਂਦੀ। ਬਾਬਾ ਜੀ ਨੇ ਮਿਹਰ ਕਰ ਕੇ ਮਨ ਕਿਤੇ ਜੋੜ ਦਿੱਤਾ ਸੀ। ਬਾਬਾ ਜੀ ਦਾ ਦਰਸ਼ਨ ਹੀ ਐਸਾ ਸੀ, ਬਾਣੀ ਵਿਚ ਫ਼ੁਰਮਾਨ ਹੈ:

**ਭੇਟਤ ਸੰਗਿ ਪਾਰਬ੍ਰਹਮ ਚਿਤਿ ਆਇਆ॥**
**ਸੰਗਤਿ ਕਰਨ ਸੰਤੋਖੁ ਮਨਿ ਪਾਇਆ॥**

*(ਅੰਗ ੮੮੯)*

ਇਹ ਫ਼ੁਰਮਾਨ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਉੱਤੇ ਢੁਕਦਾ ਹੈ। ਮਾਈ ਦਾਤਾਰ ਕੌਰ ਕੁਝ ਨੀਲਾ ਸਿੰਘ ਜੀ ਨਾਲ ਚਿਤੋਂ ਖਾਰ ਖਾਂਦੀ ਸੀ। ਇਕ ਵਾਰ ਕਿਤੇ ਭਾਈ ਨੀਲਾ ਸਿੰਘ ਜੀ ਦੇ ਨਾਲ ਇਹ ਬਹੁਤ ਲੜੀ ਫਿਰ ਬਾਬਾ ਜੀ ਨੇ ਸਮਝਾਇਆ, ਦੇਵੀ ਸੇਵਾਦਾਰਾਂ ਨਾਲ ਝਗੜਿਆ ਨਾ ਕਰ। ਇਸ ਮਾਤਾ ਨੇ ਕੋਈ ਪਰਵਾਹ ਨਾ ਕੀਤੀ। ਇਕ ਵਾਰ ਕਿਤੇ ਭਾਈ ਨੀਲਾ ਸਿੰਘ ਨੂੰ ਆਖ ਦਿੱਤਾ, ਮੇਰਾ ਇਕ ਕੰਮ ਤਾਂ ਹੋ ਗਿਆ, ਉਸ ਨੇ ਪੁੱਛਿਆ ਕਿਹੜਾ। ਦਾਤਾਰ ਕੌਰ ਬੋਲੀ ਮੇਰੇ ਪੇਟ ਵਿਚ ਬੱਚਾ ਹੈ, ਤੂੰ ਕੀ ਕਰ ਲਵੇਂਗਾ? ਅੱਗੋਂ ਭਾਈ ਨੀਲਾ ਸਿੰਘ ਨੇ ਸਹਿਜ ਸੁਭਾਅ ਬਚਨ ਕੀਤਾ, ਜੇ ਤੇਰੇ ਪੇਟ ਵਿਚ ਬੱਚਾ ਹੈ ਤਾਂ ਫ਼ਿਕਰ ਨਾ ਕਰ, ਜੰਮਦਾ ਨਹੀਂ ਪੇਟ ਵਿਚ ਹੀ ਰਹੇਗਾ। ਉਪਰੰਤ ਉਸ ਨੇ ਇਹੋ ਹੀ ਸ਼ਿਕਾਇਤ ਬਾਬਾ ਜੀ ਕੋਲ ਕਰ ਦਿੱਤੀ। ਹਜ਼ੂਰ ਨੇ ਨੀਲਾ ਸਿੰਘ ਨੂੰ ਸੱਦ ਕੇ ਪੁੱਛਿਆ, ਉਸ ਨੇ ਵੀ ਉਹੀ ਗੱਲ ਦੁਹਰਾ ਦਿੱਤੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਦਾਤਾਰ ਕੌਰੇ, ਤੂੰ ਇਹਨਾਂ ਸੇਵਕਾਂ ਨੂੰ ਛੇੜਿਆ ਨਾ ਕਰ। ਇਹ ਭੋਲੇ-ਭਾਲੇ

ਹਨ। ਹੁਣ ਤਾਂ ਜੋ ਬਚਨ ਨੀਲਾ ਸਿੰਘ ਨੇ ਕੀਤਾ ਹੈ, ਉਹੀ ਹੋਏਗਾ। ਜੇ ਬਖ਼ਸ਼ਾਉਣਾ ਹੈ ਤਾਂ ਇਸ ਦੇ ਪੈਰੀਂ ਹੱਥ ਲਾ ਦੇ। ਦਾਤਾਰ ਕੌਰ ਨੇ ਇਹ ਬਚਨ ਨਾ ਮੰਨਿਆ।

**ਮਨ ਜਿਉ ਅਪੁਨੇ ਪ੍ਰਭ ਭਾਵਉ॥**
**ਨੀਚਹੁ ਨੀਚੁ ਨੀਚੁ ਅਤਿ ਨਾਨਾ ਹੋਇ ਗਰੀਬੁ ਬੁਲਾਵਉ॥**

*(ਅੰਗ ੫੨੯)*

ਇਸ ਮਾਈ ਅੰਦਰ ਨਾ ਨਿਮਰਤਾ ਆਈ ਅਤੇ ਨਾ ਇਸ ਦਾ ਕੋਈ ਕਾਰਜ ਸਫ਼ਲ ਹੋਇਆ।

# ਭੂਲੇ ਕਉ ਗੁਰਿ ਮਾਰਗਿ ਪਾਇਆ॥ ਅਵਰ ਤਿਆਗਿ ਹਰਿ ਭਗਤੀ ਲਾਇਆ॥

*(ਅੰਗ ੯੬੪)*

ਤੀਰਥ ਯਾਤਰਾ ਕਰਨੀ ਮਨ ਸਰ ਕਰਮ ਦੁੱਖ ਭੁੱਖ ਤੇਹ ਸਰੀਰ ਉੱਤੇ ਝੱਲਣੀ। ਜਾਂ ਪੁੰਨ ਦਾਨ ਯੱਗ ਆਦਿਕ ਕਰਮ ਕਰਨੇ ਇਹ ਕਰਮ ਚੰਗੇ ਹਨ ਪਰੰਤੂ ਵੱਡਾ ਕਰਮ ਹੈ ਕਿਸੇ ਪਰਮਾਰਥ ਦੇ ਰਸਤੇ ਤੋਂ ਭੁੱਲੇ-ਭਟਕੇ ਹੋਏ ਨੂੰ ਫਿਰ ਪਰਮੇਸ਼ਰ ਨਾਲ ਜੋੜਨਾ। ਇਹ ਕੰਮ ਦਰਗਾਹੀ ਮਹਾਂ ਪੁਰਖ ਹੀ ਕਰ ਸਕਦੇ ਹਨ ਅਤੇ ਕੀਤਾ ਵੀ ਹੈ। ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਆਪਣੇ ਸਮੇਂ ਵਿਚ ਬੇਅੰਤ ਸਾਧੂਆਂ ਨੂੰ ਪਰਮੇਸ਼ਰ ਦੇ ਰਸਤੇ ਉੱਤੇ ਤੋਰਿਆ,ਜਿਨ੍ਹਾਂ ਵਿਚ ਬਾਬਾ ਜੀ ਕਲੇਰਾਂ ਵਾਲੇ ਬਹੁਤ ਪ੍ਰਸਿੱਧ ਹੋਏ ਅਤੇ ਹੋਰ ਬੇਅੰਤ ਮਹਾਂਪੁਰਸ਼ ਗੁਪਤ ਹੋਏ ਜਿਨ੍ਹਾਂ ਦੇ ਨਾਮ ਅਤੇ ਟਿਕਾਣੇ ਦਾ ਪਤਾ ਨਹੀਂ ਲੱਗ ਸਕਿਆ। ਪਰੰਤੂ ਮਾਤਾ-ਪਿਤਾ ਦੇ ਰਹਿਣ ਸਮੇਂ ਕਈ ਸਾਧੂ ਆਏ, ਸਾਧਨਾ ਕਰਕੇ ਝੋਲੀਆਂ ਭਰ ਕੇ ਪਰਮਾਰਥ ਦੇ ਪਦਾਰਥ ਲੈ ਗਏ। ਇਕ ਵਾਰ ਤਿੰਨ ਸਾਧੂ ਬਾਬਾ ਜੀ ਦੇ ਹਜ਼ੂਰ ਆਏ, ਜਿਸ ਵਕਤ ਬਾਬਾ ਜੀ ਦੇ

ਉਹਨਾਂ ਨੇ ਦਰਸ਼ਨ ਕੀਤੇ ਤੇ ਇਕ ਸਾਧੂ ਬੋਲ ਉਠਿਆ, ਮਹਾਰਾਜ ਆਪ ਤੋ ਜਗਨਨਾਥ ਦੇ ਮੰਦਰ ਮੇਂ ਗਏ ਥੇ, ਉਸ ਜਗ੍ਹਾ ਪਰ ਮੈਨੇ ਆਪ ਕਾ ਏਕ ਬਾਰ ਦਰਸ਼ਨ ਕੀਆ ਹੈ। ਉਪਰੰਤ ਬਾਬਾ ਜੀ ਨੇ ਉਸ ਨੂੰ ਆਪਣੇ ਪਾਸ ਬੁਲਾ ਕੇ ਬਚਨ ਕੀਤਾ, "ਤੂੰ ਇਹਨਾਂ ਗੱਲਾਂ ਤੋਂ ਕੀ ਲੈਣਾ ਹੈ, ਤੂੰ ਆਪਣੇ ਮਤਲਬ ਦੀ ਗੱਲ ਕਰ।" ਫਿਰ ਉਸ ਨੇ ਦੱਸਿਆ, "ਜੀ, ਮੈਂ ਸਿਰਫ਼ ਜਲ ਉੱਤੇ ਸਰੀਰ ਰੱਖਿਆ ਚਾਲੀ-ਚਾਲੀ ਦਿਨ, ਸਾਧਨਾ ਕਠਨ ਤੋਂ ਕਠਨ ਕੀਤੀ ਸਰੀਰ ਤਾਂ ਕਮਜ਼ੋਰ ਹੋ ਗਿਆ, ਮਨ ਦੀ ਸ਼ਾਤੀ ਨਹੀਂ ਮਿਲੀ।" ਸੁਣਨ ਤੋਂ ਬਾਅਦ ਹਜ਼ੂਰ ਨੇ ਬਚਨ ਕੀਤਾ, "ਤੂੰ ਆਪਣਾ ਮਨ ਕਿਸੇ ਨੂੰ ਦੇ ਦੇ, ਤੈਨੂੰ ਸ਼ਾਂਤੀ ਮਿਲ ਜਾਏਗੀ।" ਉਸ ਨੇ ਪੁੱਛਿਆ ਕਿ ਮਹਾਰਾਜ, "ਕਿਵੇਂ ਦਿੱਤਾ ਜਾਏ, ਮੈਨੂੰ ਸਮਝਾਉ।" ਤਾਂ ਹਜ਼ੂਰ ਨੇ ਬਚਨ ਕੀਤਾ ਕਿ ਅਸੀਂ ਜੋ ਕੁਝ ਕਹਾਂਗੇ ਸਭ ਸਤ ਕਰਕੇ ਮੰਨਣਾ ਹੋਏਗਾ। ਗੁਰਮੰਤਰ ਦਾ ਜਾਪ ਕਰਨਾ ਅਤੇ ਹੁਕਮ ਵਿਚ ਰਹਿਣਾ ਜੇ ਮਨ ਨੂੰ ਸ਼ਾਂਤੀ ਨਾ ਆਵੇ ਤਾਂ ਸਾਡਾ ਜ਼ਿੰਮਾ। ਉਪਰੰਤ ਉਹ ਸਾਧੂ ਮੰਨ ਗਿਆ ਤਾਂ ਬਾਬਾ ਜੀ ਨੇ ਉਸ ਤੋਂ ਇਕ ਸੌ ਇਕ ਵਾਰੀ ਮੈਂ ਤੇਰਾ-ਮੈਂ ਤੇਰਾ ਦਾ ਬਚਨ ਲਿਆ ਫਿਰ ਉਸ ਨੂੰ ਹੁਕਮ ਹੋਇਆ, "ਜੋ ਮੰਤਰ ਤੇਰੇ ਗੁਰੂ ਨੇ ਤੈਨੂੰ ਦੱਸਿਆ, ਉਹ ਸੁਣਾ। ਫਿਰ ਉਸ ਨੇ ਉਹ ਵੀ ਸੁਣਾਇਆ ਤੇ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਇਸੇ ਹੀ ਮੰਤਰ ਦਾ ਜਾਪ ਕਰਨਾ ਹੋਏਗਾ, ਤੂੰ ਸਿਰਫ਼ ਅੱਠਾਂ ਪਹਿਰਾਂ ਵਿਚ ਭੋਜਨ ਕਰਨਾ ਹੋਏਗਾ, ਸਿਰਫ਼ ਇਕ ਵਾਰੀ, ਕਿਸੇ ਨਾਲ ਗੱਲ ਨਹੀਂ ਕਰਨੀ, ਚੁੱਪ ਰਹਿਣਾ। ਉਸ ਨੇ ਸਤਿ ਬਚਨ ਕੀਤਾ, ਉਪਰੰਤ ਹੁਕਮ ਨਾਲ ਉਸ ਦੀ ਸ਼ਰਾ ਕਰਵਾਈ ਗਈ ਅਤੇ ਬਾਬਾ ਜੀ ਦੇ ਆਸਣ ਤੋਂ ਛਿਪਦੇ ਪਾਸੇ ਕੁਝ ਸੰਘਣੇ ਜਿਹੇ ਬ੍ਰਿਛ ਅਤੇ ਝਾੜੀਆਂ, ਉਥੇ ਉਸ ਦਾ ਆਸਣ ਦੋ ਬੋਰੀਆਂ ਦੇ ਕੇ ਕਰਵਾ ਦਿੱਤਾ ਗਿਆ। ਫਿਰ ਭਾਈ ਰਤਨ ਸਿੰਘ ਡਰੋਲੀ ਨੂੰ ਹੁਕਮ ਹੋਇਆ ਕਿ ਇਸ ਦੀ ਸੇਵਾ ਪ੍ਰਸ਼ਾਦੇ ਪਾਣੀ ਦੀ ਤੂੰ ਕਰਨੀ ਹੈ। ਸੰਤ ਚਿੰਤ ਰਾਮ ਦੀ ਸੇਵਾ ਅਤੇ ਲੰਗਰ ਦੀ ਸੇਵਾ ਅੱਗੇ ਹੀ ਕਰਦੇ ਸਨ। ਹੁਕਮ ਅਨੁਸਾਰ ਇਹ ਸੇਵਾ ਵੀ ਸੰਭਾਲ ਲਈ। ਤਕਰੀਬਨ ਮਹੀਨਾ-ਡੇਢ ਮਹੀਨਾ ਬੀਤਣ ਤੋਂ ਬਾਅਦ ਉਸ ਮਹਾਤਮਾ ਨੂੰ ਆਪਣੇ ਹਜ਼ੁਰ ਬੁਲਾ ਕੇ ਹੁਕਮ ਕੀਤਾ, "ਅਜੇ ਕੰਮ ਕੱਚਾ ਹੈ ਇਸੇ ਤਰ੍ਹਾਂ ਹੋਰ ਸਿਮਰਨ ਸਾਧਨਾ ਕਰੋ।" ਤੇ ਫਿਰ ਡੇਢ ਮਹੀਨਾ ਹੋਰ ਸਿਮਰਨ ਸਾਧਨਾ ਕਰਨ ਤੋਂ ਬਾਅਦ ਆਪਣੀ ਹਜ਼ੂਰੀ ਵਿਚ ਬੁਲਾ ਕੇ ਬਚਨ

ਕੀਤਾ ਕਿ ਹੁਣ ਠੀਕ ਹੈ, ਪੱਕ ਗਿਆ ਹੈ, ਜਾਉ ਇਕ ਜਗ੍ਹਾ ਉੱਤੇ ਬੈਠੋ ਟਿਕ ਕੇ ਥਾਂ-ਥਾਂ ਫਿਰਨ ਦੀ ਲੋੜ ਨਹੀਂ। ਇਸ ਤੋਂ ਉਪਰੰਤ ਉਸ ਮਹਾਤਮਾ ਨੂੰ ਆਗਿਆ ਦੇ ਕੇ ਤੋਰ ਦਿੱਤਾ। ਇਸ ਤਰ੍ਹਾਂ ਬਾਬਾ ਜੀ ਨੇ ਭੁੱਲੇ ਭਟਕੇ ਨੂੰ ਸਿੱਧੇ ਰਸਤੇ ਉੱਤੇ ਤੋਰਿਆ, ਸਿਮਰਨ ਵਿਚ ਲਾ ਕੇ ਸਾਰੀਆਂ ਸਾਧਨਾਂ ਸਫ਼ਲ ਕਰਾ ਦਿੱਤੀਆਂ। **ਜੀਅ ਦਾਨੁ ਦੇਹਿ ਭਗਤੀ ਲਾਇਨ ਹਰਿ ਸਿਉ ਲੈਨਿ ਮਿਲਾਏ ॥**

# ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥

*(ਅੰਗ ੬੮੨)*

ਇਹਨੀਂ ਦਿਨੀਂ ਗੁਰਦੁਆਰਾ ਸੁਧਾਰ ਲਹਿਰ ਹੌਲੀ-ਹੌਲੀ ਜ਼ੋਰ ਪਕੜ ਰਹੀ ਸੀ। ਕਿਸੇ ਸਮੇਂ ਨਿਰਮਲੇ ਅਤੇ ਉਦਾਸੀ ਸੰਤ ਗੁਰਦੁਆਰਿਆਂ ਦੀ ਦੇਖ-ਭਾਲ ਕਰਦੇ ਸਨ। ਜਿਨ੍ਹਾਂ ਸਮਿਆਂ ਵਿਚ ਸਿੰਘ ਜੰਗਲਾਂ ਵਿਚ ਰਹਿੰਦੇ ਸਨ, ਗੁਰ-ਅਸਥਾਨਾਂ ਨੂੰ ਨਿਰਮਲਿਆਂ ਅਤੇ ਉਦਾਸੀ ਸੰਤਾਂ ਨੇ ਜਿਵੇਂ ਵੀ ਹੋ ਸਕਿਆ, ਸੰਭਾਲਿਆ ਅਤੇ ਨਿਸ਼ਾਨ ਕਾਇਮ ਰੱਖੇ। ਕੁਝ ਸਮੇਂ ਦਾ ਪ੍ਰਭਾਵ ਐਸਾ ਹੋਇਆ ਕਿ ਇਸ ਲਹਿਰ ਦਾ ਨਾਮ ਹੀ ਗੁਰਦੁਆਰਾ ਸੁਧਾਰ ਲਹਿਰ ਹੋ ਗਿਆ। ਸਾਰੇ ਨਿਰਮਲੇ ਜਾਂ ਉਦਾਸੀ ਸੰਤ ਮਾੜੇ ਨਹੀਂ ਸਨ। ਜਿਵੇਂ ਹੁਣ ਗੁਰਦੁਆਰਾ ਪ੍ਰਬੰਧ ਦੀ ਚੌਧਰ ਖ਼ਾਤਰ ਕੀ-ਕੀ ਹੋ ਰਿਹਾ ਹੈ। ਖ਼ੈਰ, ਇਸ ਸਮੇਂ ਉਦਾਸੀ ਸੰਤਾਂ ਵਿਚ ਵੀ ਅਫਰਾ-ਤਫਰੀ ਫੈਲ ਗਈ। ਇਹਨਾਂ ਨੇ ਕਈ ਕਾਨਫ਼ਰੰਸਾਂ ਕੀਤੀਆਂ। ਇਸ ਸਮੇਂ ਬਾਬਾ ਜੀ ਨੇ ਸੰਤ ਬਹਾਲ ਦਾਸ ਜੱਸੀ ਪੌ ਵਾਲਿਆਂ ਨੂੰ ਉਚੇਚਾ ਸੇਵਕ ਭੇਜ ਕੇ ਆਪਣੇ ਕੋਲ ਬੁਲਾਇਆ ਅਤੇ ਬਚਨ ਕੀਤਾ, "ਬਹਾਲ ਦਾਸ, ਉਦਾਸੀਆਂ ਦੇ ਕਿਸੇ ਇਕੱਠ 'ਤੇ ਨਹੀਂ ਜਾਣਾ, ਇਹਨਾਂ ਇਕੱਠਾਂ ਵਿਚ ਗੱਲਾਂ ਸੁਣ ਕੇ ਮਨ ਵਿਚ ਖੋਭ ਹੁੰਦਾ ਹੈ ਅਤੇ ਚਿੱਤ ਬਿਰਤੀ ਅਡੋਲ ਨਹੀਂ ਰਹਿੰਦੀ। ਜੇ ਤੈਨੂੰ ਖੋਭ ਹੋਇਆ ਅਤੇ ਫਿਰ ਸਾਨੂੰ ਵੀ ਹੋਏਗਾ। ਇਹ ਜੋ ਕੁਝ ਹੋ ਰਿਹਾ ਹੈ, ਹੁਕਮ ਵਿਚ ਹੀ ਹੋ

ਰਿਹਾ ਹੈ। ਤੂੰ ਆਨੰਦ ਨਾਲ ਰਹੁ।" ਉਪਰੰਤ ਫਿਰ ਬਾਬਾ ਜੀ ਨੇ ਪੁੱਛਿਆ, "ਤੇ ਹੁਣ ਕਿਸੇ ਇਕੱਠ ਵਿਚ ਤੂੰ ਗਿਆ ਸੀ ?" ਸੰਤ ਬਹਾਲ ਦਾਸ ਜੀ ਨੇ ਬੇਨਤੀ ਕੀਤੀ, "ਜੀ ਮਹਾਰਾਜ, ਦਮਦਮਾ ਸਾਹਿਬ ਦੇ ਕੋਲ ਇਕ ਇਕੱਠ ਹੋਇਆ, ਮੈਂ ਉਥੇ ਗਿਆ ਸੀ।" ਫਿਰ ਬਾਬਾ ਜੀ ਨੇ ਪੁੱਛਿਆ, "ਉਥੇ ਕੀ ਗੱਲ ਹੋਈ ?" ਸੰਤ ਬਹਾਲ ਦਾਸ ਨੇ ਬੇਨਤੀ ਕੀਤੀ, "ਮਹਾਰਾਜ, ਇਹੋ ਹੀ ਗੱਲ ਹੋਈ ਸੀ ਕਿ ਆਪਾਂ ਨੂੰ ਅਕਾਲੀ ਗੁਰਦੁਆਰਿਆਂ ਵਿਚੋਂ ਕੱਢ ਰਹੇ ਹਨ। ਆਪਾਂ ਅਕਾਲੀਆਂ ਨੂੰ ਮਾਰੀਏ।" ਬਾਬਾ ਜੀ ਨੇ ਬਚਨ ਕੀਤਾ, "ਤੇ ਤੂੰ ਵੀ ਕੁਝ ਬੋਲਿਆ ਸੀ ?" ਸੰਤ ਬਹਾਲ ਦਾਸ ਜੀ ਨੇ ਦੱਸਿਆ, "ਜੀ, ਮੈਂ ਕੁਝ ਨਹੀਂ ਬੋਲਿਆ ਤੇ ਸੁਣਿਆ ਬਹੁਤ ਕੁਝ ਹੈ।" ਹਜ਼ੂਰ ਨੇ ਬਚਨ ਕੀਤਾ, "ਤੇਰੇ ਮਨ ਨੂੰ ਖੋਭ ਹੋਇਆ ?" ਬਹਾਲ ਦਾਸ ਜੀ ਨੇ ਬੇਨਤੀ ਕੀਤੀ, "ਜੀ ਹਾਂ ਮਹਾਰਾਜ, ਹੋਇਆ।" ਫਿਰ ਬਾਬਾ ਜੀ ਨੇ ਬਚਨ ਕੀਤਾ, "ਬਹਾਲ ਦਾਸ, ਜੇ ਤੇਰੇ ਮਨ ਨੂੰ ਖੋਭ ਹੋਇਆ ਤਾਂ ਸਾਨੂੰ ਵੀ ਹੋਇਆ। ਇਹਨਾਂ ਅਕਾਲੀਆਂ ਨੂੰ ਮਾਰਨ ਵਾਲਾ ਕੋਈ ਹੋਰ ਆ ਜਾਏਗਾ, ਉਦਾਸੀ ਨਹੀਂ ਮਾਰ ਸਕਦੇ। ਇਹ ਸਭ ਕੁਝ ਹੁਕਮ ਦੀ ਖੇਡ ਹੈ। ਹੁਕਮ ਨਾਲ ਹੀ ਚੱਲੀ ਹੈ ਤੇ ਹੁਕਮ ਨਾਲ ਹੀ ਬੰਦ ਹੋ ਜਾਏਗੀ। ਆਪਾਂ ਇਸ ਵਿਚ ਦਖ਼ਲ ਨਹੀਂ ਦੇਣਾ।"

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥**

*(ਸ੍ਰੀ ਜਪੁ ਜੀ ਸਾਹਿਬ)*

ਉਪਰੰਤ ਸੰਤ ਬਹਾਲ ਦਾਸ ਜੀ ਨੇ ਬੇਨਤੀ ਕੀਤੀ, "ਮਹਾਰਾਜ, ਸੰਸਾਰ ਵਿਚ ਰਹਿੰਦਿਆਂ ਕੋਈ ਨਾ ਕੋਈ ਧਿਰ ਬਣਾਉਣੀ ਪੈਂਦੀ ਹੈ, ਕਿਸੇ ਦੀ ਗੱਲ ਸੁਨਣੀ ਪੈਂਦੀ ਹੈ।" ਹਜ਼ੂਰ ਨੇ ਬਚਨ ਕੀਤਾ, "ਨਹੀਂ, ਆਪਣੀ ਧਿਰ ਪਰਮੇਸ਼ਰ ਹੈ, ਹੋਰ ਦੁਨਿਆਵੀ ਧਿਰਾਂ ਨਹੀਂ ਬਣਾਉਣੀਆਂ।" ਉਪਰੰਤ ਸੰਤ ਬਹਾਲ ਦਾਸ ਜੀ ਨੇ ਸਤਿ ਬਚਨ ਕਰਕੇ ਬਚਨ ਮੰਨ ਲਿਆ।

ਬਾਬਾ ਜੀ ਦੇ ਉਪਦੇਸ਼ ਦਾ ਸਾਰ ਇਸ ਸ਼ਬਦ ਵਿਚੋਂ ਪ੍ਰਗਟ ਹੁੰਦਾ ਹੈ:

ੴ ਸਤਿਗੁਰ ਪ੍ਰਸਾਦਿ ॥
ਰਾਗੁ ਆਸਾ ਘਰੁ ੨ ਮਹਲਾ ੪ ॥
ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ
ਚਉਧਰੀ ਨਾਲਿ ਆਪਣੈ ਸੁਆਈ
ਹਮਾਰਾ ਧੜਾ ਹਰਿ ਰਹਿਆ ਸਮਾਈ ॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥ ਰਹਾਉ ॥
ਜਿਨ ਸਿਉ ਧੜੇ ਕਰਹਿ ਸੇ ਜਾਹਿ ਝੂਠੁ ਧੜੇ ਕਰਿ ਪਛੋਤਾਹਿ ॥
ਥਿਰ ਨ ਰਹਹਿ ਮਨਿ ਖੋਟੁ ਕਮਾਹਿ ॥
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥
ਮਾਇਆ ਕਉ ਲੂਝਹਿ ਗਾਵਾਰੀ ॥
ਜਨਮਿ ਮਰਹਿ ਜੂਐ ਬਾਜੀ ਹਾਰੀ ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥
ਜੈਸਾ ਬੀਜੈ ਤੈਸਾ ਪਾਵੈ ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥

(ਇਹ ਬਚਨ ਭਾਗ ਸਿੰਘ ਜੱਸੀ ਪੌਂ ਵਾਲੀ ਦੇ ਪੁੱਤਰ ਮੰਗਲ ਸਿੰਘ ਚੱਕੀ ਵਾਲਾ ਬਠਿੰਡਾ ਨਿਵਾਸੀ ਤੋਂ ਮਿਲਿਆ।)

# ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

*(ਅੰਗ ੧੪੧)*

ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਦੋ ਪ੍ਰੇਮੀ ਆਏ ਅਤੇ ਦੋਹਾਂ ਨੇ ਹੀ ਵਾਰੀ-ਵਾਰੀ ਇਕ-ਇਕ ਰੁਪਿਆ ਮੱਥਾ ਟੇਕਿਆ। ਜਿਸ ਵੇਲੇ ਇਹ ਦੋਵੇਂ ਬੈਠ ਗਏ, ਉਸ ਸਮੇਂ ਹਜ਼ੂਰ ਨੇ ਬਚਨ ਕੀਤਾ, "ਰੰਗ ਚਿੱਟਾ ਖੰਭ ਕਾਲੇ, ਉੱਡ ਜਾ ਤਿਰਮਚੀਏ।" ਇਹ ਬਚਨ ਤਿੰਨ ਵਾਰ ਦੁਹਰਾਇਆ। ਉਪਰੰਤ ਉਹਨਾਂ ਦੋਹਾਂ ਵਿਚੋਂ ਇਕ ਅੱਗੇ ਇਕ ਪਿੱਛੇ ਬੈਠਾ ਸੀ, ਪਿਛਲੇ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ, "ਬਈ, ਤੂੰ ਆਪਣਾ ਰੁਪਿਆ ਚੁੱਕ ਲੈ ਅਤੇ ਛੇਤੀ ਕਰ, ਇਥੋਂ ਤੁਰਦਾ ਹੋ।" ਉਸ ਨੇ ਆਪਣਾ ਰੁਪਿਆ ਚੁੱਕ ਲਿਆ ਅਤੇ ਉੱਠ ਕੇ ਖੜਾ ਹੋ ਗਿਆ ਤੇ ਫਿਰ ਪੁੱਛਿਆ, "ਮਹਾਰਾਜ, ਇਸ ਦਾ ਰੁਪਿਆ ਤਾਂ ਮਨਜ਼ੂਰ ਕਰ ਲਿਆ, ਪਰ ਮੇਰਾ ਮੈਨੂੰ ਹੀ ਮੋੜ ਦਿੱਤਾ। ਨਾਲ ਹੀ ਕਹਿ ਦਿੱਤਾ ਕਿ ਇਥੋਂ ਤੁਰਦਾ ਹੋ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੁਹਾਡਾ ਦੋਹਾਂ ਦਾ ਪਿੰਡ ਵੀ ਇਕ ਹੈ, ਇਸ ਦਾ ਰੁਪਿਆ ਤਾਂ ਹੱਕ ਦੀ ਕਮਾਈ ਦਾ ਹੈ ਤੇ ਤੂੰ ਆਪਣੀਆਂ ਦੋ ਕੁੜੀਆਂ ਦੇ ਰੁਪਏ ਲਏ ਤੇ ਉਹਨਾਂ ਰੁਪਿਆਂ ਵਿਚੋਂ ਸਾਨੂੰ ਰੁਪਿਆ ਮੱਥਾ ਟੇਕਿਆ। ਇਹ ਰੁਪਿਆ ਪਾਪ ਰੂਪ ਹੈ ਤੇ ਇਸ ਵਿਚੋਂ ਇਕ ਸਾਨੂੰ ਦੇ ਰਿਹਾ ਹੈ, ਜਿਸ ਨੂੰ ਤਾਂ ਨਹੀਂ ਪਤਾ, ਉਹ ਤਾਂ ਤੇਰਾ ਰੁਪਿਆ ਲੈ ਲਵੇ, ਸਾਨੂੰ ਤਾਂ ਪਤਾ ਹੈ, ਅਸੀਂ ਕਿਉਂ ਲਈਏ। ਤੇਰੇ ਘਰ ਦਾ ਪਾਣੀ ਪੀਣਾ ਵੀ ਪਾਪ ਹੈ।" ਇਸ ਤੋਂ ਬਾਅਦ ਉਸ ਨਾਲ ਕੋਈ ਬਚਨ ਨਹੀਂ ਕੀਤਾ ਅਤੇ ਫਿਰ ਦੂਜੇ ਪ੍ਰੇਮੀ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ, "ਤੇਰੀ ਕੀ ਇੱਛਾ ਹੈ, ਤੂੰ ਦੱਸ।" ਉਸ ਨੇ ਬੇਨਤੀ ਕੀਤੀ, "ਮਹਾਰਾਜ, ਘਰ ਵਿਚ ਗਰੀਬੀ ਹੈ, ਛੋਟੇ-ਛੋਟੇ ਬੱਚੇ ਹਨ। ਮਿਹਰ ਕਰੋ।" ਉਪਰੰਤ ਬਾਲਾ ਜੀ ਨੂੰ ਹੁਕਮ ਹੋਇਆ ਕਿ ਇਸ ਪ੍ਰੇਮੀ ਦੀ ਸ਼ਰ੍ਹਾ ਕਰਵਾ ਕੇ ਹਾਜ਼ਰ ਕਰੋ। ਫਿਰ

ਬਾਲਾ ਜੀ ਉਸ ਦੀ ਸ਼ਰ੍ਹਾ ਕਰਾ ਕੇ ਲੈ ਆਏ। ਫਿਰ ਉਹੀ ਰੁਪਿਆ ਆਪਣੇ ਹੱਥ ਨਾਲ ਚੁੱਕ ਕੇ ਉਸ ਨੂੰ ਹੀ ਮੋੜ ਕੇ ਹੁਕਮ ਕੀਤਾ, "ਇਸ ਨੂੰ ਘਰ ਲਿਜਾ ਕੇ ਸਾਂਭ ਕੇ ਰੱਖਣਾ। ਦੁੱਧ-ਪੁੱਤ ਦੀ ਤੋਟ ਨਹੀਂ ਆਏਗੀ। ਤੇਰੇ ਪਿੰਡ ਕੋਈ ਗੁਰਦੁਆਰਾ ਹੈ ਤਾਂ ਉਥੇ ਜਾ ਕੇ ਦੋ ਵੇਲੇ ਮੱਥਾ ਟੇਕਣਾ। ਤੇ ਹੁਣ ਤੂੰ ਜਾ।" ਇਹ ਸਾਰਾ ਕੁਝ ਉਸ ਦੇ ਸਾਹਮਣੇ ਵਾਪਰਿਆ। ਮਹਾਂਪੁਰਖ ਬੇਪਰਵਾਹ, ਜਿਵੇਂ ਬਾਣੀ ਵਿਚ ਸਾਹਿਬ ਨੇ ਦੱਸਿਆ ਹੈ **ਪ੍ਰਭ ਕਉ ਸਿਮਰਹਿ ਸੇ ਬੇਮੁਹਤਾਜੇ॥** ਇਕ ਮਾਇਆਧਾਰੀ ਰਾਜਸੀ ਬੰਦਾ ਲਾਪਰਵਾਹ ਹੈ। ਬੇਪਰਵਾਹ ਮਹਾਂਪੁਰਖ ਹੀ ਹੁੰਦੇ ਹਨ।

**ਨ ਜਾਨੀ ਸੰਤਨ ਪ੍ਰਭ ਬਿਨੁ ਆਨ॥**

*(ਅੰਗ ੧੩੦੨)*

# ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥

*(ਅੰਗ ੨੯੫)*

ਇਕ ਬਾਬਾ ਜੀ ਦਾ ਪੁਰਾਣਾ ਸੇਵਕ ਸੀ। ਮਾਤਾ-ਪਿਤਾ ਦੇ ਸੇਵਾ ਵਿਚ ਜਾਣ ਤੋਂ ਪਹਿਲਾਂ ਹੀ ਸੇਵਾ ਕਰਦਾ ਹੁੰਦਾ ਸੀ। ਇਸ ਦੀ ਨੌਜਵਾਨ ਲੜਕੀ ਵਿਆਹੁਣ ਯੋਗ ਸੀ। ਇਕ ਵਾਰ ਇਸ ਦੀ ਘਰ ਵਾਲੀ ਨੇ ਬਾਬਾ ਜੀ ਕੋਲ ਬੇਨਤੀ ਕੀਤੀ, "ਮਹਾਰਾਜ, ਸਾਡੀ ਕੁੜੀ ਵਿਆਹੁਣ ਯੋਗ ਹੈ।" ਆਪਣੇ ਘਰ ਵਾਲੇ ਵੱਲ ਇਸ਼ਾਰਾ ਕਰ ਕੇ ਬੋਲੀ, "ਇਸ ਨੂੰ ਤਾਂ ਕੋਈ ਫ਼ਿਕਰ ਨਹੀਂ, ਮੈਂ ਤਾਂ ਇਸ ਨੂੰ ਬਹੁਤ ਕਿਹਾ ਹੈ। ਇਹ ਤਾਂ ਪਰਵਾਹ ਹੀ ਨਹੀਂ ਕਰਦਾ ਜੀ। ਤੁਸੀਂ ਹੀ ਇਸ ਨੂੰ ਕੁਝ ਕਹੋ।" ਉਪਰੰਤ ਬਾਬਾ ਜੀ ਨੇ ਉਸ ਨੂੰ ਪੁੱਛਿਆ, "ਕਿਉਂ ਬਈ, ਤੂੰ ਕਿਉਂ ਨਹੀਂ ਲੜਕੀ ਦਾ ਕਾਰਜ ਕਰਦਾ ?" ਉੱਤਰ ਵਿਚ ਉਸ ਨੇ ਬੇਨਤੀ ਕੀਤੀ, "ਜੀ ਮਹਾਰਾਜ, ਮੇਰੇ ਘਰ ਵਾਲੀ ਚਾਹੁੰਦੀ ਹੈ ਕਿ ਮੈਂ ਕੁੜੀ ਦੇ ਪੈਸੇ ਲੈ ਕੇ ਵਿਆਹ ਕਰਾਂ। ਮੈਂ ਪੈਸੇ ਨਹੀਂ

ਲੈਣੇ, ਪੁੰਨ ਦਾ ਵਿਆਹ ਕਰਨਾ ਹੈ, ਜਿਸ ਵੇਲੇ ਮੇਰੇ ਵਿਚ ਹਿੰਮਤ ਪਊਗੀ, ਕਰ ਦਿਆਂਗਾ।" ਬਾਬਾ ਜੀ ਨੇ ਬਚਨ ਕੀਤਾ, "ਕਿਉਂ ਦੇਵੀ, ਧੀ ਦੇ ਪੈਸੇ ਲੈ ਕੇ ਕਿਸ ਜਨਮ ਵਿਚ ਮੋੜੇਂਗੀ ? ਐਨਾ ਵੱਡਾ ਪਾਪ ਕਿਤੇ ਵੀ ਬਖ਼ਸ਼ਿਆ ਨਹੀਂ ਜਾਏਗਾ।" ਉਸ ਬੀਬੀ ਨੇ ਆਖਿਆ, "ਮਹਾਰਾਜ, ਜੇ ਸਾਡੇ ਵਿਚ ਹਿੰਮਤ ਹੋਵੇ ਤਾਂ ਅਸੀਂ ਕਰ ਦਿੰਦੇ, ਤੁਸੀਂ ਦੱਸੋ ਹੁਣ ਕਿਵੇਂ ਕਰੀਏ। ਇਹ ਤਾਂ ਤੁਹਾਡੇ ਕੋਲ ਹੀ ਬੈਠਾ ਰਹਿੰਦਾ ਹੈ।" ਫਿਰ ਉਸ ਸੇਵਾਦਾਰ ਵੱਲ ਦੇਖ ਕੇ ਬਚਨ ਕੀਤਾ, "ਕਿਉਂ ਬਈ, ਤੂੰ ਕਦੇ ਆਪਣੇ ਘਰ ਦੀ ਕੋਈ ਦੁੱਖ-ਤਕਲੀਫ਼ ਨਹੀਂ ਦੱਸੀ।" ਉਸ ਨੇ ਬੇਨਤੀ ਕੀਤੀ, "ਮਹਾਰਾਜ, ਮੈਂ ਤਾਂ ਆਪਣਾ ਅੱਗਾ ਸਵਾਰਨ ਵਾਸਤੇ ਸੇਵਾ ਵਿਚ ਲੱਗਿਆ ਰਹਿੰਦਾ ਹਾਂ। ਮੈਂ ਵੀ ਤੁਹਾਡਾ ਹਾਂ, ਪਰਿਵਾਰ ਵੀ ਤੁਹਾਡਾ ਹੀ ਹੈ।" ਇਹ ਸੁਣ ਕੇ ਬਾਬਾ ਜੀ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ, "ਸ਼ੁੱਧ ਹੈ। ਸਵੇਰੇ ਤੁਸੀਂ ਦੋਵੇਂ ਜਦੋਂ ਘਰੋਂ ਆਇਓ ਤਾਂ ਕੰਨਿਆ ਨੂੰ ਵੀ ਨਾਲ ਲੈ ਕੇ ਆਇਓ।" ਉਸ ਤੋਂ ਅਗਲੇ ਦਿਨ ਉਹ ਦੋਵੇਂ ਤੇ ਤੀਸਰੀ ਲੜਕੀ ਨਾਲ ਲੈ ਕੇ ਹੁਕਮ ਅਨੁਸਾਰ ਹਾਜ਼ਰ ਹੋ ਗਏ। ਬਾਬਾ ਜੀ ਨੇ ਹੁਕਮ ਕੀਤਾ, "ਬਾਲਿਆ, ਸਾਰੇ ਪਰਿਵਾਰ ਦੀ ਸ਼ਰ੍ਹਾ ਕਰਵਾਓ।" ਅੰਦਰਲੀ ਬਾਹਰਲੀ ਸ਼ਰ੍ਹਾ ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਕਰਵਾਈ। ਉਪਰੰਤ ਕੁਝ ਸਮਾਂ ਸਾਰੇ ਪਰਿਵਾਰ ਨੂੰ ਆਪਣੇ ਸਾਹਮਣੇ ਬਿਠਾ ਕੇ ਕੋਈ ਮਿਹਰ ਦੀ ਨਿਗਾਹ ਕੀਤੀ ਤੇ ਹੁਕਮ ਕੀਤਾ, "ਜਾਓ, ਕੋਈ ਘਰ ਵੇਖ ਕੇ ਕੰਨਿਆ ਦਾ ਵਿਆਹ ਕਰ ਦਿਉ, ਸੁਖੀ ਰਹੇਗੀ।" ਤੁਰਨ ਲੱਗੇ ਉਸ ਪ੍ਰੇਮੀ ਨੇ ਫਿਰ ਬੇਨਤੀ ਕੀਤੀ, "ਮਹਾਰਾਜ, ਪਤਾ ਨਹੀਂ ਕਦੋਂ ਕੋਈ ਘਰ ਮਿਲੇ ਮੇਰੀ ਸੇਵਾ ਵਿਚ ਨਾਗਾ ਨਾ ਪਵੇ। ਮੈਂ ਕਿਤੇ ਘਰ ਵੇਖਣ ਨਹੀਂ ਜਾਣਾ।" ਬਾਬਾ ਜੀ ਨੇ ਬਚਨ ਕੀਤਾ, "ਤੂੰ ਘਰ ਅੱਪੜ, ਜਾ ਕੇ ਵੇਖ ਗੁਰੂ ਨਾਨਕ ਕੀ ਕਰਦਾ ਹੈ।" ਉਹ ਘਰ ਅੱਪੜਿਆ, ਅੱਗੇ ਇਸ ਦਾ ਨੇੜੇ ਦਾ ਸੰਬੰਧੀ ਘਰ ਆ ਮਿਲਿਆ ਤੇ ਕਹਿਣ ਲੱਗਾ ਕਿ ਮੈਂ ਤੇਰੀ ਲੜਕੀ ਵਾਸਤੇ ਇਕ ਜਗ੍ਹਾ ਉੱਤੇ ਲੜਕਾ ਪਸੰਦ ਕੀਤਾ ਹੈ, ਤੂੰ ਚੱਲ ਕੇ ਵੇਖ। ਇਹ ਕਹਿਣ ਲੱਗਾ ਕਿ ਜੇ ਤੇਰੇ ਪਸੰਦ ਹੈ ਤਾਂ ਸਭ ਕੁਝ ਠੀਕ ਹੈ। ਇਹ ਉਸ ਦੇ ਨੇੜੇ ਤੋਂ ਰਿਸ਼ਤੇਦਾਰ ਸੀ। ਇਸ ਨੇ ਉਸ ਨੂੰ ਸ਼ਗਨ ਦੇ ਕੇ ਤੋਰ ਦਿੱਤਾ ਤੇ ਨਾਲ ਹੀ ਵਿਆਹ ਦਾ ਦਿਨ ਨੀਅਤ ਹੋ ਗਿਆ। ਅਗਲੇ ਦਿਨ ਫਿਰ ਸੇਵਾਦਾਰ

ਦੁੱਧ ਲੈ ਕੇ ਹਾਜ਼ਰ ਹੋ ਗਿਆ ਤੇ ਬਾਬਾ ਜੀ ਨੇ ਉਸੇ ਵਕਤ ਹੀ ਤੁਰ ਜਾਣ ਦਾ ਹੁਕਮ ਦਿੱਤਾ। ਉਪਰੰਤ ਸੇਵਾਦਾਰ ਦੱਸ ਗਿਆ ਕਿ ਬਾਬਾ ਜੀ ਸਰਬ ਕਲਾ ਸਮਰੱਥ, ਜੋ ਚਾਹੁੰਣ ਸੋ ਕਰ ਵੀ ਸਕਦੇ ਹਨ ਤੇ ਕਰਵਾ ਵੀ ਸਕਦੇ ਹਨ। ਅੱਗੇ ਵੀ ਇਹ ਰਿਵਾਜ ਹੁੰਦਾ ਸੀ ਕਿ ਤੇ ਹੁਣ ਵੀ ਹੈ, ਵਿਆਹ ਸ਼ਾਦੀ ਦੇ ਮੌਕੇ ਉੱਤੇ ਅੰਦਰ ਲਿੱਪ ਪੋਚ ਕੇ ਸੁਆਰਨਾ। ਜੇ ਹਿੰਮਤ ਪਵੇ ਤਾਂ ਕੁਝ ਨਵਾਂ ਵੀ ਤਿਆਰ ਕਰ ਲੈਣਾ, ਇਹ ਕੋਈ ਕੱਚਾ ਕੋਠੜਾ ਛੋਟਾ ਸਮਾਨ ਰੱਖਣ ਲਈ ਤਿਆਰ ਕਰ ਰਹੇ ਸਨ। ਕੁਝ ਥਾਂ ਪੁੱਟੀ, ਜ਼ਮੀਨ ਹੇਠੋਂ ਕੁਝ ਚਾਂਦੀ ਦੇ ਰੁਪਏ ਮਿਲ ਗਏ। ਗੁਰਬਾਣੀ ਵਿਚ ਸੱਚ ਆਖਿਆ ਹੈ:

**ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥**
**ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥**
**ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥**
**ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥**

*(ਸਲੋਕ ਸਹਸਕ੍ਰਿਤੀ, ਅੰਗ ੧੩੫੫)*

ਪੂਰਨ ਮਹਾਂਪੁਰਖ ਦੀ ਨਿਸ਼ਕਾਮ ਸੇਵਾ ਨੇ ਰੰਗ ਲਾ ਦਿੱਤਾ। ਮਹਾਂਪੁਰਖਾਂ ਦੀ ਪ੍ਰਸੰਨਤਾ ਵਾਹਿਗੁਰੂ ਦੀ ਪ੍ਰਸੰਨਤਾ, ਘਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਗ੍ਰਿਹਸਤੀ ਬੰਦਾ, ਘਰ ਵਿਚ ਵਿਆਹ ਰਚਿਆ ਹੋਇਆ, ਗਰੀਬੀ ਹੈ, ਅਚਾਨਕ ਹੀ ਮਾਇਆ ਮਿਲ ਗਈ, ਸਾਰੀਆਂ ਸੋਚਾਂ ਵਿਚਾਰਾਂ ਮੁੱਕ ਗਈਆਂ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਹੁੰਦੇ ਸਨ, ਗ੍ਰਿਹਸਤੀ ਕੋਲ ਗੁਜ਼ਾਰੇ ਜੋਗੀ ਮਾਇਆ ਨਾ ਹੋਵੇ ਤਾਂ ਉਹ ਕੌਡੀ ਤੋਂ ਖੋਟਾ ਹੈ, ਕਿਉਂਕਿ ਗ੍ਰਿਹਸਤੀ ਦਾ ਕੋਈ ਭੀ ਕਾਰਜ ਮਾਇਆ ਤੋਂ ਬਿਨਾਂ ਸਿੱਧਾ ਨਹੀਂ ਹੋ ਸਕਦਾ। ਜੇ ਸਾਧ ਕੋਲ ਮਾਇਆ ਆ ਜਾਏ, ਉਸ ਦਾ ਮਨ ਨਾਮ ਜਪਣ ਵਿਚ ਨਹੀਂ ਲੱਗਦਾ। ਜੇ ਸਾਧ ਹੋ ਕੇ ਵਿਕਾਰਾਂ ਦੀ ਚਿਤਵਨੀ ਵਿਚ ਹੈ ਤਾਂ ਉਹ ਵੀ ਕੌਡੀ ਤੋਂ ਖੋਟਾ ਹੋ ਜਾਂਦਾ ਹੈ। ਖ਼ੁਸ਼ੀਆਂ ਵਿਚ ਵਿਆਹ ਹੋ ਗਿਆ ਤਾਂ ਵਿਆਹ ਦੇ ਦਿਨਾਂ ਵਿਚ ਇਸ ਪ੍ਰੇਮੀ ਨੇ ਸੇਵਾ ਕਰਨ ਦਾ ਨੇਮ ਨਹੀਂ ਤਿਆਗਿਆ। ਇਸ ਪ੍ਰੇਮੀ ਨੇ ਲੜਕੀ ਦੀ ਸ਼ਾਦੀ ਕਰ ਦਿੱਤੀ ਅਤੇ ਸੁਰਖ਼ਰੂ ਹੋ ਗਿਆ। ਨਿਯਮ ਅਨੁਸਾਰ ਸੇਵਾ ਕਰਦਾ ਰਿਹਾ। ਕੁਝ ਸਮੇਂ ਉਪਰੰਤ ਇਹ ਪ੍ਰੇਮੀ ਆਪਣੀ ਲੜਕੀ ਨੂੰ ਨਾਲ ਲੈ ਕੇ ਬਾਬਾ ਜੀ ਦੇ ਦਰਸ਼ਨ ਕਰਨ ਭੁੱਚੋ

ਵੱਲ ਨੂੰ ਆ ਰਿਹਾ ਸੀ। ਕੁਝ ਸਮਾਂ ਵੀ ਠੀਕ ਨਹੀਂ ਸੀ, ਇਹ ਦੋਵੇਂ ਪਿਉ-ਧੀ ਲੜਕੀ ਦੇ ਵਿਆਹ ਵਾਲੇ ਕੁਝ ਕੱਪੜੇ, ਮਾੜਾ-ਮੋਟਾ ਗਹਿਣਾ ਵੀ ਪਾਇਆ ਹੋਇਆ ਸੀ, ਇਹਨਾਂ ਨੂੰ ਰਸਤੇ ਵਿਚ ਲੁੱਟਣ-ਖੋਹਣ ਵਾਲੇ ਮਿਲ ਗਏ। ਇਧਰ ਡੇਰੇ ਵਿਚ ਬਾਬਾ ਜੀ ਬਿਰਾਜੇ ਹੋਏ ਸਨ ਅਤੇ ਅਚਾਨਕ ਹੀ ਬਚਨ ਕੀਤਾ, "ਬਾਲਿਆ, ਸਾਨੂੰ ਇਕ ਡਾਂਗ ਲਿਆ ਕੇ ਦਿਉ।" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਡਾਂਗ ਲਿਆ ਦਿੱਤੀ। ਬਾਬਾ ਜੀ ਨੇ ਉਸ ਵਕਤ ਖੱਦਰ ਦਾ ਸਾਫ਼ਾ ਆਪਣੇ ਮੁੱਖ ਉੱਤੇ ਲਪੇਟਿਆ ਹੋਇਆ ਸੀ। ਡਾਂਗ ਲੈਣ ਉਪਰੰਤ ਹੁਕਮ ਕੀਤਾ, "ਸਾਡੇ ਆਸਣ ਵਾਲੀ ਕੋਠੜੀ ਦਾ ਦਰਵਾਜ਼ਾ ਬੰਦ ਕਰੋ। ਜਿੰਨਾ ਚਿਰ ਅਸੀਂ ਅੰਦਰੋਂ ਆਵਾਜ਼ ਨਾ ਦੇਈਏ, ਬਾਰ ਨਹੀਂ ਖੋਲ੍ਹਣਾ।" ਹੁਕਮ ਅਨੁਸਾਰ ਦਰਵਾਜ਼ਾ ਬੰਦ ਕਰ ਦਿੱਤਾ। ਕਾਫ਼ੀ ਸਮਾਂ ਤਕਰੀਬਨ ਇਕ ਜਾਂ ਡੇਢ ਘੰਟਾ ਦਰਵਾਜ਼ਾ ਬੰਦ ਰਿਹਾ। ਇਸੇ ਦੌਰਾਨ ਕੁਝ ਪ੍ਰੇਮੀ ਬਾਹਰੋਂ ਦਰਸ਼ਨ ਕਰਨ ਆਏ ਤੇ ਦਰਵਾਜ਼ਾ ਬੰਦ ਵੇਖ ਕੇ ਉਹ ਹੈਰਾਨ ਸਨ। ਅੱਜ ਦਰਵਾਜ਼ਾ ਬੰਦ ਕਿਉਂ ਕੀਤਾ ਹੈ। ਕੁਝ ਸਮੇਂ ਬਾਅਦ ਦਰਵਾਜ਼ਾ ਖੋਲ੍ਹਿਆ ਗਿਆ। ਜਿਸ ਸਮੇਂ ਦਰਵਾਜ਼ਾ ਖੋਲ੍ਹਿਆ, ਬਾਬਾ ਜੀ ਦਾ ਸਰੀਰ ਰੇਤੇ ਨਾਲ ਲਿੱਬੜਿਆ ਹੋਇਆ ਸੀ। ਇਹ ਵੇਖ ਕੇ ਸੰਗਤ ਵੀ ਹੈਰਾਨ ਸੀ ਅਤੇ ਸੇਵਕ ਵੀ ਹੈਰਾਨ ਸਨ। ਸਭ ਨੂੰ ਹੁਕਮ ਹੋਇਆ, "ਸਾਡੇ ਸਰੀਰ ਤੋਂ ਰੇਤਾ ਝਾੜੋ।" ਸਾਰੇ ਸਰੀਰ ਨੂੰ ਸੰਗਤ ਨੇ ਮਿਲ ਕੇ ਸਾਫ਼ ਕੀਤਾ। ਹੈਰਾਨ ਅਤੇ ਅਸਚਰਜ ਸਾਰੇ ਸਨ। ਉਪਰੰਤ ਉਹ ਸੇਵਾਦਾਰ ਆਪਣੀ ਲੜਕੀ ਸਮੇਤ ਆ ਹਾਜ਼ਰ ਹੋਇਆ। ਮੱਥਾ ਟੇਕਿਆ, ਉਸੇ ਵਕਤ ਹੀ ਉਹ ਲੜਕੀ ਬੋਲ ਪਈ, ਕਹਿਣ ਲੱਗੀ, "ਬਾਪੂ, ਅੱਜ ਆਪਣੀ ਰੂਮੀ ਵਾਲੇ ਬਾਬਿਆਂ ਨੇ ਰੱਖਿਆ ਕੀਤੀ ਹੈ। ਜਿਹੜੇ ਆਪਾਂ ਨੂੰ ਖੋਹਣ ਵਾਲੇ ਮਿਲ ਗਏ ਸਨ, ਉਸ ਵੇਲੇ ਜਿਸ ਨੇ ਆਪਣੀ ਰੱਖਿਆ ਕੀਤੀ ਸੀ, ਉਹ ਇਹਨਾਂ ਬਾਬਿਆਂ ਵਰਗਾ ਅਤੇ ਦੋ ਬੰਦੇ ਇਹਨਾਂ ਦੇ ਨਾਲ ਹੋਰ ਸੀ।" ਬਾਬਾ ਜੀ ਨੇ ਉਸੇ ਵਕਤ ਹੀ ਉਸ ਲੜਕੀ ਨੂੰ ਚੁੱਪ ਕਰਾ ਦਿੱਤਾ। ਉਪਰੰਤ ਉਸ ਲੜਕੀ ਦੇ ਪਿਤਾ ਨੂੰ ਘੂਰ ਕੇ ਕਿਹਾ, "ਤੂੰ ਘਰੋਂ ਤੁਰਨ ਵੇਲੇ ਵੇਲਾ-ਕੁਵੇਲਾ ਨਹੀਂ ਵੇਖਦਾ, ਜੇ ਅੱਜ ਤੇਰੀ ਰਾਖੀ ਨਾ ਹੁੰਦੀ ਤਾਂ ਕੀ ਬਣਦਾ, ਉਹਨਾਂ ਨੇ ਲੜਕੀ ਖੋਹ ਕੇ ਲੈ ਜਾਣੀ ਸੀ।"

*(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮਾ ਨਿਵਾਸੀ ਤੋਂ ਮਿਲਿਆ।)*

# ਸਿਧ ਸਮਾਧਿ ਕਰਹਿ ਨਿਤ ਝਗਰਾ
# ਦੁਹੁ ਲੋਚਨ ਕਿਆ ਹੇਰੈ ॥
# ਅੰਤਰਿ ਜੋਤਿ ਸਬਦੁ ਧੁਨਿ ਜਾਗੈ
# ਸਤਿਗੁਰੁ ਝਗਰੁ ਨਿਬੇਰੈ ॥੩॥

*(ਅੰਗ ੪੮੯)*

ਮਹਾਂਪੁਰਖਾਂ ਦੀ ਨਿਤ ਕ੍ਰਿਆ ਵੇਖ ਕੇ, ਰਹਿਣੀ-ਬਹਿਣੀ ਵੇਖ ਕੇ ਕਈ ਸਤਿਸੰਗੀ ਸੋਚਾਂ-ਵਿਚਾਰਾਂ ਵਿਚ ਆ ਕੇ ਕੁਝ ਸੋਚ ਲੈਂਦੇ ਹਨ, ਜਦ ਕਿ ਅਸਲੀਅਤ ਕੁਝ ਹੋਰ ਵੀ ਹੁੰਦੀ ਹੈ। ਇਕ ਵਾਰ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਭੁੱਚੋ ਦਰਸ਼ਨ ਕਰਨ ਆਏ ਸਨ ਤੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਦੇ ਕੇ ਕਲੇਰਾਂ ਵਾਲਿਆਂ ਦਾ ਆਸਣ ਟਿੱਲੇ ਉਪਰ ਕਰਵਾ ਦਿੱਤਾ। ਅਗਲੇ ਦਿਨ ਸਵੇਰੇ-ਸਵੇਰੇ ਬਾਬਾ ਨੰਦ ਸਿੰਘ ਜੀ ਟਿੱਲੇ ਉਪਰ ਪੈਰਾਂ ਵਿਚ ਜੋੜਾ ਪਾ ਕੇ ਟਹਿਲ ਰਹੇ ਸਨ। ਉਸ ਸਮੇਂ ਮਾਈ ਦਾਤਾਰ ਕੌਰ ਥਾਣੇਦਾਰਨੀ ਨੇ ਬਾਬਾ ਜੀ ਪਾਸ ਜਾ ਕੇ ਸ਼ਿਕਾਇਤ ਕਰ ਦਿੱਤੀ ਤੇ ਕਿਹਾ, "ਮਹਾਰਾਜ, ਨੰਦ ਸਿੰਘ ਟਿੱਲੇ ਉੱਤੇ ਜੁੱਤੀ ਸਣੇ ਤੁਰਿਆ ਫਿਰਦਾ ਹੈ।" ਉਸ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਸਹਿਜ-ਸੁਭਾਅ ਆਪਣੀ ਮੌਜ ਵਿਚ ਲੰਮੇ ਪਏ ਸਨ, ਉੱਠ ਕੇ ਬੈਠ ਗਏ ਅਤੇ ਬਚਨ ਕੀਤਾ, "ਇਕ ਵਾਰ ਫਿਰ ਉਸੇ ਤਰ੍ਹਾਂ ਕਹੋ।" ਉਸ ਨੇ ਫਿਰ ਉਹੀ ਉਪਰਲੀ ਗੱਲ ਦੁਹਰਾਈ ਕਿ ਨੰਦ ਸਿੰਘ ਟਿੱਲੇ ਉੱਪਰ ਜੁੱਤੀ ਸਣੇ ਤੁਰਿਆ ਫਿਰਦਾ ਹੈ। ਬਾਬਾ ਮਹਾਂ ਹਰਿਨਾਮ ਸਿੰਘ ਨੇ ਰੋਹ ਵਿਚ ਆ ਕੇ ਬਚਨ ਕੀਤਾ, "ਜਾਹ, ਟਿੱਲੇ ਉੱਤੇ ਜਾ ਕੇ ਵੇਖ ਕਿਤੇ ਕੋਈ ਜੁੱਤੀ ਦਾ ਨਿਸ਼ਾਨ ਹੈ ?" ਉਸ ਨੇ ਵੇਖ ਕੇ ਹੈਰਾਨ ਹੋ ਕੇ ਬਚਨ ਕੀਤਾ, "ਨਹੀਂ ਮਹਾਰਾਜ, ਜੁੱਤੀ ਦਾ ਨਿਸ਼ਾਨ ਧਰਤੀ ਉੱਤੇ ਕਿਤੇ ਨਹੀਂ ਹੈ।" ਇਹ

ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਉਸ ਦੇ ਪੈਰਾਂ ਹੇਠ ਦੇਵਤਿਆਂ ਹੱਥ ਰੱਖੇ ਹੋਏ ਹਨ, ਉਸ ਦੇ ਚਰਨਾਂ ਦੀ ਧੂੜ ਨੂੰ ਦੇਵਤੇ ਵੀ ਲੋਚਦੇ ਹਨ। ਹੁਕਮ ਬਿਨਾਂ ਕਿਸੇ ਨੂੰ ਨਹੀਂ ਮਿਲਦੀ। ਇਹ ਨੰਦ ਸਿੰਘ ਅੱਗੇ ਵਾਲਾ ਨੰਦ ਸਿੰਘ ਨਹੀਂ ਹੈ, ਹੁਣ ਇਹ ਅਨੰਦ ਸਿੰਘ ਹੈ, ਮਹਾਂਪੁਰਖ ਹੈ। ਅੱਗੇ ਵਾਸਤੇ ਜੇ ਸਾਡੇ ਕੋਲ ਕੋਈ ਕੁਝ ਕਹਿਣਾ ਹੋਵੇ ਤਾਂ ਇਹਨਾਂ ਨੂੰ ਮਹਾਂਪੁਰਖ ਕਹੋ। ਸਭ ਕੁਝ ਇਸ ਦੇ ਵਿਚ ਹੈ, ਜਿਵੇਂ ਤੂੰ ਕਿਹਾ ਹੈ, ਇਉਂ ਕਦੇ ਸਾਡੇ ਕੋਲ ਨਾ ਆਖੀਂ। ਇਸ ਵਾਰ ਤਾਂ ਤੈਨੂੰ ਬਖ਼ਸ਼ਿਆ।

*(ਇਹ ਬਚਨ ਮਾਤਾ ਪਿਤਾ ਪਾਸੋਂ ਮਿਲਿਆ।)*

## 60

ਇਕ ਵਾਰ ਦਾਸ ਪਿਤਾ ਜੀ ਨਾਲ ਨਾਨਕਸਰ ਦਰਸ਼ਨ ਕਰਨ ਵਾਸਤੇ ਗਿਆ। ਅੱਗੇ ਬਾਬਾ ਈਸ਼ਰ ਸਿੰਘ ਜੀ ਨਾਲ ਪਿਛਲੇ ਭੁੱਚੋ ਦੇ ਬਚਨ ਚੱਲੇ। ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ ਪਿਤਾ ਜੀ ਨੂੰ ਪੁੱਛਿਆ, "ਬਾਬਾ ਡਰੋਲੀ, ਆਪਣੇ ਬਾਬਾ ਜੀ ਦਾ ਭਾਵ ਕਲੇਰਾਂ ਵਾਲੇ ਬਾਬਾ ਜੀ ਦਾ ਅਸਲੀ ਨਾਮ ਕੀ ਹੈ ?" ਅੱਗੋਂ ਪਿਤਾ ਜੀ ਨੇ ਉੱਤਰ ਦਿੱਤਾ, "ਜੀ, ਤੁਹਾਨੂੰ ਸਭ ਕੁਝ ਪਤਾ ਹੈ, ਮੈਂ ਕੀ ਦੱਸਾਂ।" ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤਾ, "ਨਹੀਂ, ਤੂੰ ਹੀ ਦੱਸ।" "ਭੁੱਚੋ ਵਾਲੇ ਬਾਬਾ ਜੀ ਮਹਾਂਪੁਰਖ ਵੀ ਕਹਿੰਦੇ ਸਨ, ਰਿਖੀ ਜੀ ਵੀ ਕਹਿੰਦੇ ਸਨ, ਜਿਤਨੇ ਵੀ ਸਤਿਕਾਰਯੋਗ ਨਾਮ ਸਨ, ਉਸ ਤਰ੍ਹਾਂ ਬੁਲਾਉਂਦੇ ਸਨ, ਲਾਡ ਨਾਲ ਕਦੇ-ਕਦੇ ਹੋਰ ਨਾਮ ਨਾਲ ਵੀ ਬੁਲਾ ਲੈਂਦੇ ਸਨ। ਜਿਹੜੇ ਅਸੀਂ ਨਹੀਂ ਕਹਿ ਜਾਂ ਲਿਖ ਸਕਦੇ।" ਫਿਰ ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤਾ, "ਨਹੀਂ, ਬਾਬਾ ਜੀ ਦਾ ਸਰੀਰਕ ਨਾਮ ਕੀ ਲੈਂਦੇ ਸਨ।" ਤਾਂ ਅੱਗੋਂ ਬਜ਼ੁਰਗਾਂ ਨੇ ਦੱਸਿਆ, "ਸਰੀਰਕ ਨਾਮ ਤਾਂ ਨੰਦ ਸਿੰਘ ਵੀ ਲੈਂਦੇ ਸਨ।" ਤਾਂ ਅੱਗੋਂ ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤਾ, "ਬਾਬਾ ਜੀ ਦਾ ਅਸਲੀ ਨਾਮ ਅਨੰਦ ਸਿੰਘ ਹੈ, ਅਨੰਦ ਲਫ਼ਜ਼ ਪਰਮ ਉੱਚ ਅਵਸਥਾ ਦਾ ਜਣਾਇਕ ਹੈ। **ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ**

**ਪਾਇਆ॥** ਇਹ ਪੰਗਤੀ ਬਾਬਾ ਈਸ਼ਰ ਸਿੰਘ ਜੀ ਨੇ ਪੜ੍ਹੀ, ਨਾਲ ਹੀ ਦੱਸਿਆ ਕਿ ਅਸੀਂ ਕੇਹਰ ਸਿੰਘ ਰਾਗੀ ਨੂੰ ਆਖ ਕੇ ਇਕ ਪਰਕਰਣ ਤਿਆਰ ਕਰਵਾਇਆ ਹੈ:

**ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥**
**ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥**
**ਹਰਿ ਰਸੁ ਮੀਠਾ ਮਨ ਮਹਿ ਵੂਠਾ**
**ਸਤਿਗੁਰੁ ਤੂਠਾ ਸਹਜੁ ਭਇਆ॥**
**ਗ੍ਰਿਹੁ ਵਸਿ ਆਇਆ ਮੰਗਲੁ ਗਾਇਆ**
**ਪੰਚ ਦੁਸਟ ਓਇ ਭਾਗਿ ਗਇਆ॥**
**ਸੀਤਲ ਆਘਾਣੇ ਅੰਮ੍ਰਿਤ ਬਾਣੇ**
**ਸਾਜਨ ਸੰਤ ਬਸੀਠਾ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ**
**ਸੋ ਪ੍ਰਭੁ ਨੈਣੀ ਡੀਠਾ॥੧॥**

*(ਆਸਾ ਛੰਤ ਮਹਲਾ ੫, ਅੰਗ ੪੫੨)*

ਇਹ ਬਚਨ ਬਾਬਾ ਈਸ਼ਰ ਸਿੰਘ ਜੀ ਦੀ ਰਸਨਾ ਤੋਂ ਲੇਖਕ ਨੇ ਆਪਣੇ ਕੰਨੀਂ ਸੁਣਿਆ ਹੈ। ਮੇਰੀ ਸਮਝ ਅਨੁਸਾਰ ਸੌ ਫ਼ੀਸਦੀ ਸੱਚ ਹੈ। ਜੇ ਕੋਈ ਸੱਜਣ ਆਪਣੇ ਆਪ ਨੂੰ ਬਾਬਾ ਈਸ਼ਰ ਸਿੰਘ ਜੀ ਨਾਲੋਂ ਸਿਆਣਾ ਸਮਝਦਾ ਹੈ ਤਾਂ ਉਹ ਜਾਣੇ।

ਹੋਰ ਬਾਬਾ ਨੰਦ ਸਿੰਘ ਜੀ ਦੇ ਨਿਕਟਵਰਤੀ ਹਜ਼ੂਰੀ ਸੇਵਕ ਬਾਬਾ ਹਜ਼ੂਰਾ ਸਿੰਘ ਜੀ ਵੀ ਬਾਬਾ ਜੀ ਨਾਮ ਸਤਿਕਾਰ ਵਜੋਂ ਅਨੰਦ ਸਿੰਘ ਹੀ ਲੈਂਦੇ ਸਨ। ਹੋਰ ਸੰਤ ਸ੍ਰੀ ਰਾਮ ਸਿੰਘ ਮਲੂਕੇ ਵਾਲਿਆਂ ਦੀ ਜੋ ਲਿਖਤ ਲਿਖਾਰੀ ਪਾਸ ਹੈ, ਉਸ ਵਿਚ ਭੁੱਚੋ ਵਾਲਿਆਂ ਦਾ ਨਾਮ ਮਹਾਂ ਹਰਿਨਾਮ ਸਿੰਘ ਅਤੇ ਕਲੇਰਾਂ ਵਾਲਿਆਂ ਦਾ ਨਾਮ ਅਨੰਦ ਸਿੰਘ ਹੀ ਹੈ। ਉਪਰੰਤ ਜੋ ਕੁਝ ਮਾਤਾ-ਪਿਤਾ ਤੋਂ ਲੇਖਕ ਨੇ ਸੁਣਿਆ, ਬਾਬਾ ਜੀ ਦਾ ਨਾਮ ਅਨੰਦ ਸਿੰਘ ਹੀ ਸੁਣਿਆ ਹੈ।

ਅਨੰਦ ਸਬਦ ਪਰੀਪੂਰਨ ਸ਼ਬਦ ਹੈ।

**ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥**
**ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥**

ਸੁਖਮਨੀ ਸਾਹਿਬ ਦੀ ਅੱਠਵੀਂ ਅਸ਼ਟਪਦੀ ਦੀ ਪੰਜਵੀਂ ਪਉੜੀ ਸਾਰੀ ਪੜ੍ਹ ਕੇ ਦੇਖ ਲਵੋ, ਸਤਿਗੁਰੂ ਨੇ ਅਨੰਦ ਪਦ ਦੀ ਕੀ ਵਿਆਖਿਆ ਕੀਤੀ ਹੈ। ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਹੈ:

**ਕਹੈ ਨਾਨਕ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥**

ਸਤਿਗੁਰੂ ਨਾਲ ਅਭੇਦ ਗੁਰੂ ਨਾਨਕ ਨਾਲ ਇਕ-ਮਿੱਕ ਅਨੰਦ ਸ਼ਬਦ ਬਾਬਾ ਜੀ ਦੀ ਪਰਮ ਉੱਚ ਅਵਸਥਾ ਨੂੰ ਜਨਾਉਣ ਵਾਲਾ ਹੈ। ਲੇਖਕ ਦਾਸ ਨੇ ਤਾਂ ਹੀ ਵਰਤਿਆ ਹੈ, ਮੇਰਾ ਕੋਈ ਨਵੀਂ ਗੱਲ ਲਿਖ ਕੇ ਆਪਣੀ ਵਿਸ਼ੇਸ਼ਤਾਈ ਜਨਾਉਣ ਦਾ ਯਤਨ ਨਹੀਂ ਹੈ, ਜਿਨ੍ਹਾਂ ਸ਼ਬਦਾਂ ਵਿਚ ਭੁੱਚੋ ਵਾਲਿਆਂ ਨੇ ਬਾਬਾ ਜੀ ਵਡਿਆਏ ਅਤੇ ਉਹਨਾਂ ਸ਼ਬਦਾਂ ਨਾਲ ਹੀ ਬਾਬਾ ਜੀ ਦੀ ਵਡਿਆਈ ਲੇਖਕ ਨੇ ਕਰਨੀ ਪਰਮ ਧਰਮ ਸਮਝਿਆ ਹੈ। ਜੇ ਦਾਸ ਨੇ ਆਪਣੇ ਕੋਲੋਂ ਕੋਈ ਗੱਲ ਬਨਾਉਣੀ ਲਿਖੀ ਹੋਵੇ ਤਾਂ ਸਤਿਗੁਰੂ ਜਾਣਦੇ ਹਨ ਜਾਂ ਦਾਸ ਜਾਣਦਾ ਹੈ।

**ਸਵੈਯਾ**

**ਭੂਲ ਚੂਕ ਜੋ ਭਈ ਹਮ ਤੇ ਗੁਰ**
**ਸੋ ਕਿੰਕਰ ਤੁਮ ਤੇ ਬਖ਼ਸ਼ਾਵਤ।**
**ਲਾਜ ਰਖੋ ਨਿਜ ਨਾਮ ਅਪਨੇ ਕੀ**
**ਸਿੱਖ ਮੈ ਤੁਮਰੋ ਜਗ ਮਾਹਿ ਕਹਾਵਤ।**
**ਤੂੰ ਬਖਸਿੰਦ ਸਦਾ ਸੁਖਦਾਇਕ**
**ਸੋ ਮਲ ਨਾਹਿ ਬਿਖੈ ਛੁਟਿਕਾਵਤ।**
**ਲੋਹੇ ਤੇ ਹਮ ਪਾਰਸ, ਅਰਿੰਡ ਤੇ ਚੰਦਨ**
**ਮਾਨੁਖ ਤੇ ਸੁਰ ਤੂੰ ਹੀ ਬਨਾਵਤ।**

*(ਲੇਖਕ—ਕਵੀ ਸੰਤੋਖ ਸਿੰਘ ਜੀ)*

# ਜੇ ਕੋ ਹੋਇ ਬਹੈ ਦਾਤਾਰੁ ॥
# ਤਿਸੁ ਦੇਨਹਾਰੁ ਜਾਨੈ ਗਾਵਾਰੁ ॥

*(ਅੰਗ ੨੮੨)*

ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਦੀ ਬੜੀ ਬਚਿੱਤਰ ਲੀਲ੍ਹਾ ਸੀ। ਕਦੇ-ਕਦੇ ਕਿਸੇ ਪਾਸੋਂ ਉਧਾਰੇ ਰੁਪਏ ਮੰਗ ਲੈਣੇ, ਕਿਸੇ ਨੇ ਸਮਝਣਾ ਕਿ ਸੰਤ ਬੜੇ ਲੋੜਵੰਦ ਹਨ, ਇਹਲਾਂ ਕੋਲ ਗੁਜ਼ਾਰੇ ਜੋਗੇ ਪੈਸੇ ਵੀ ਨਹੀਂ ਹਨ। ਕਈ ਵਾਰ ਇਕ ਰੁਪਿਆ ਜਾਂ ਅੱਠ ਆਨੇ ਕੋਲੋਂ ਦੇ ਕੇ ਬਚਨ ਕਰਨਾ, ਆਪਣੇ ਖ਼ਜ਼ਾਨੇ ਵਿਚ ਸੰਭਾਲ ਕੇ ਰੱਖੀਂ ਬੜੀ ਬਰਕਤ ਪਵੇਗੀ। ਜਿਨ੍ਹਾਂ-ਜਿਨ੍ਹਾਂ ਨੇ ਉਹ ਰੁਪਏ ਸੰਭਾਲ ਕੇ ਰੱਖੇ ਨੇ ਕਈਆਂ ਦੇ ਪ੍ਰਸੰਗ ਤੁਸੀਂ ਪੜ੍ਹ ਚੁੱਕੇ ਹੋ ਉਹ ਅੱਜ ਲੱਖਾਂਪਤੀ ਬਣੇ ਹਨ। **ਖਿਨ ਮਹਿ ਅਵਰ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ।** ਮਹਾਂ ਪੁਰਖਾਂ ਨੂੰ ਜਾਂ ਤਾਂ ਉਹ ਸਮਝੇ ਜੋ ਉਹਨਾਂ ਵਰਗਾ ਹੋਵੇ ਜਾਂ ਉਹ ਸਮਝੇ ਜੋ ਉਹਨਾਂ ਦੇ ਹਰ ਹੁਕਮ ਦੀ ਪਾਲਣਾ ਕਰਨ ਵਾਲਾ ਹੋਵੇ। ਇਸ ਤਰ੍ਹਾਂ ਭੁੱਚੋ ਇਕ ਸਿੰਘ ਆਇਆ ਜਿਸ ਦਾ ਨਾਮ ਹਰੀ ਸਿੰਘ ਸੀ। ਇਸ ਦੇ ਕੋਲ ਕੋਈ ਐਸੀ ਵਸਤੂ ਸੀ ਜਿਸ ਚੀਜ਼ ਦੀ ਇਸ ਨੂੰ ਲੋੜ ਹੁੰਦੀ, ਇਸ ਨੂੰ ਮਿਲ ਜਾਂਦੀ ਸੀ। ਇਹ ਕੋਈ ਸ਼ਬਦ ਦਾ ਜਾਪ ਕਰਦਾ ਸੀ ਜਾਂ ਕੁਝ ਹੋਰ ਜੁਗਤ ਸੀ, ਇਸ ਭੇਤ ਨੂੰ ਬਾਬਾ ਜੀ ਜਾਨਣ। ਜਿਸ ਸਮੇਂ ਇਹ ਪ੍ਰੇਮੀ ਆਇਆ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਆਪਣਾ ਵਰਤਾਉ ਇਸ ਤਰ੍ਹਾਂ ਦਾ ਕਰ ਲਿਆ, ਜਿਸ ਤਰ੍ਹਾਂ ਬਾਬਾ ਜੀ ਹਰ ਪੱਖੋਂ ਹਰ ਇਕ ਚੀਜ਼ ਦੇ ਬੜੇ ਲੋੜਵੰਦ ਹੋਣ। ਇਸ ਪ੍ਰੇਮੀ ਦੇ ਮਨ ਵਿਚ ਪਤਾ ਨਹੀਂ ਕੀ ਖ਼ਿਆਲ ਆਇਆ, ਇਸ ਨੇ ਖ਼ਿਆਲ ਨੂੰ ਲੈ ਕੇ ਕੁਝ ਮਾਇਆ ਬਾਬਾ ਜੀ ਨੂੰ ਦੇਣੀ ਚਾਹੀ ਜਿਹੜੀ ਜੁਗਤ ਇਸ ਨੂੰ ਦੱਸੀ ਸੀ ਕਈ ਵਾਰ ਇਸ ਨੇ ਵਰਤੀ, ਪਰੰਤੂ ਕਾਮਯਾਬ ਨਾ ਹੋਇਆ। ਉਪਰੰਤ ਇਸ ਪ੍ਰੇਮੀ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ, ਮੇਰੀ ਜੁਗਤੀ ਇਥੇ ਕੰਮ ਨਹੀਂ

ਕਰਦੀ।" ਬਾਬਾ ਜੀ ਨੇ ਇਸ ਨੂੰ ਪੁੱਛਿਆ, "ਤੂੰ ਕਿਹੜੇ ਸ਼ਬਦ ਦਾ ਜਾਪ ਕਰਦਾ ਸੀ।" ਇਸ ਨੇ ਸ਼ਬਦ ਵੀ ਬੋਲ ਕੇ ਦੱਸਿਆ ਸੁਣ ਕੇ ਹਜ਼ੂਰ ਨੇ ਬਚਨ ਕੀਤਾ, "ਤੈਨੂੰ ਇਹ ਜੁਗਤੀ ਕਿਸ ਨੇ ਦੱਸੀ ਸੀ।" ਤਾਂ ਉਸ ਨੇ ਬਾਬਾ ਜੀ ਕਲੇਰਾਂ ਵਾਲਿਆਂ ਦਾ ਨਾਮ ਲਿਆ ਤਾਂ ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਉਹਨਾਂ ਕੋਲ ਜੋ ਕੁਝ ਵੀ ਹੈ, ਉਹ ਸਾਡਾ ਦਿੱਤਾ ਹੋਇਆ ਹੈ। ਤੂੰ ਇਹ ਕੁਝ ਕਰਨ ਲੱਗੇ ਨੇ ਸਾਥੋਂ ਆਗਿਆ ਨਹੀਂ ਲਈ ਤਾਂ ਤੇਰਾ ਕੰਮ ਪੂਰਾ ਨਹੀਂ ਹੋਇਆ। ਤੂੰ ਬਾਹਰ ਜਾ ਤੇ ਹੁਣ ਕਰ।" ਉਸ ਨੇ ਬਾਹਰ ਜਾ ਕੇ ਉਹ ਕੁਝ ਕੀਤਾ ਤੇ ਮੁੜ ਆਇਆ। ਬਾਬਾ ਜੀ ਨੇ ਪੁੱਛਿਆ ਕਿਉਂ ਬਈ ਤੇਰਾ ਕੰਮ ਬਣਿਆ ਹੈ ?" ਉਸ ਨੇ ਬੇਨਤੀ ਕੀਤੀ, ਮਹਾਰਾਜ ਅੱਗੇ ਨਾਲੋਂ ਅੱਧਾ ਬਣਿਆ ਹੈ, ਪੂਰਾ ਤਾਂ ਨਹੀਂ ਬਾਬਾ ਜੀ ਨੇ ਬਚਨ ਕੀਤਾ, "ਅੱਗੇ ਨਾਲੋਂ ਅੱਧਾ ਹੀ ਰਹੇਗਾ, ਪੂਰਾ ਨਹੀਂ ਹੋਏਗਾ।" ਉਸ ਨੇ ਬੇਨਤੀ ਕੀਤੀ ਮਹਾਰਾਜ ਪੂਰਾ ਕਿਉਂ ਨਹੀਂ ਹੋਏਗਾ ਤਾਂ ਉੱਤਰ ਵਿਚ ਬਾਬਾ ਜੀ ਨੇ ਬਚਨ ਕੀਤਾ, "ਜੇ ਤੂੰ ਆਗਿਆ ਲੈ ਕੇ ਕਰਦਾ ਫਿਰ ਤਾਂ ਪੂਰਾ ਬਣ ਜਾਂਦਾ ਤੂੰ ਆਪਣੀ ਮਰਜ਼ੀ ਕਰਨ ਲੱਗ ਪਿਆ ਤਾਂ ਪੂਰਾ ਨਹੀਂ ਬਣਿਆ। ਅੱਧਾ ਵੀ ਤੇਰਾ ਤਾਂ ਰਿਹਾ ਹੈ ਤੈਨੂੰ ਇਹ ਚੀਜ਼ ਮਹਾਂ ਪੁਰਖਾਂ ਨੇ ਬਖ਼ਸ਼ਿਸ਼ ਕੀਤੀ ਹੈ ਤੇਰਾ ਲਿਹਾਜ਼ ਕੀਤਾ, ਨਹੀਂ ਤਾਂ ਇਹ ਵੀ ਨਹੀਂ ਸੀ ਰਹਿਣਾ, ਹੁਣ ਤੈਨੂੰ ਆਗਿਆ ਹੈ। ਤੇ ਤੂੰ ਓਹੀ ਹੈਂ ਨਾ ਜਿਹੜਾ ਇਕ ਵਾਰੀ ਸਾਨੂੰ ਜੰਡਾ ਵਾਲੇ ਮਿਲਿਆ ਸੀ। ਉਸ ਨੇ ਰੋ ਕੇ ਕਿਹਾ, "ਜੀ, ਮੈਂ ਉਹੀ ਹਾਂ।" ਉਪਰੰਤ ਉਸ ਪ੍ਰੇਮੀ ਨੂੰ ਉਥੋਂ ਚਲੇ ਜਾਣ ਦਾ ਹੁਕਮ ਹੋਇਆ।

*(ਇਹ ਪ੍ਰਸੰਗ ਲੇਖਕ ਨੂੰ ਪਿਤਾ ਜੀ ਪਾਸੋਂ ਪ੍ਰਾਪਤ ਹੋਇਆ।)*

# ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥

*(ਅੰਗ ੩੨੦)*

ਸਮਰੱਥ ਮਹਾਂ ਪੁਰਖ ਸੇਵਕਾਂ ਤੋਂ ਸੇਵਾ ਵੀ ਲੈਂਦੇ ਹਨ, ਸੇਵਾ ਦੇ ਨਾਲ-ਨਾਲ ਨਾਮ ਸਿਮਰਨ ਕਰਨ ਦੀ ਕਿਸ ਤਰ੍ਹਾਂ ਸੁਮੱਤ ਦੇਂਦੇ ਹਨ, ਕੋਲ ਬੈਠਾ ਕੇ ਇਕੱਲੀ-ਇਕੱਲੀ ਪੰਗਤੀ ਕਿਸ ਤਰ੍ਹਾਂ ਸਮਝਾਉਂਦੇ ਸਨ। ਇਕ ਵਾਰ ਬਾਬਾ ਜੀ ਨੇ ਰਤਨ ਸਿੰਘ ਡਰੋਲੀ ਨੂੰ ਆਪਣੇ ਕੋਲ ਬੁਲਾ ਕੇ ਹੁਕਮ ਕੀਤਾ, "ਸਾਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਉ।" ਹੁਕਮ ਅਨੁਸਾਰ ਪਾਠ ਸੁਣਾਉਣਾ ਆਰੰਭ ਕਰ ਦਿੱਤਾ। ਉਸ ਸਮੇਂ ਹੀ ਬਾਬਾ ਜੀ ਨੇ ਸੁਮੱਤ ਦੇ ਕੇ ਸੰਪਟ ਲਾਉਣ ਦੀ ਮਰਿਆਦਾ ਸਮਝਾ ਕੇ ਪਾਠ ਕਰਾਇਆ ਫਿਰ ਹੁਕਮ ਕੀਤਾ, "ਇਕ ਪਾਠ ਰੋਜ਼ ਸੁਣਾਇਆ ਕਰ।" ਕੁਝ ਦਿਨਾਂ ਬਾਅਦ ਦੋ ਪਾਠ ਰੋਜ਼ ਕਰਨ ਦਾ ਹੁਕਮ ਕੀਤਾ, ਹੌਲੀ-ਹੌਲੀ ਵਧਾ ਕੇ ਹੁਕਮ ਅਨੁਸਾਰ ਪੰਜ ਪਾਠ ਰੋਜ਼ ਕਰਨ ਦਾ ਹੁਕਮ ਦਿੱਤਾ। ਕਈ ਦਿਨ ਲਗਾਤਾਰ ਪੰਜ ਪਾਠ ਸੁਣਾਉਣ ਤੋਂ ਬਾਅਦ ਤਿੰਨ ਸ਼ਬਦ ਹੋਰ ਦੱਸੇ:

**ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲੁ॥**
**ਸਬਦ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥**

*(ਸਲੋਕ ਵਾਰਾਂ ਤੇ ਵਧੀਕ, ਮਹਲਾ ੫, ਅੰਗ ੧੪੨੬)*

**ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥**
**ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥**

*(ਰਾਮਕਲੀ ਛੰਤ ਮਹਲਾ ੫, ਅੰਗ ੯੨੭)*

**ਜਾਂ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**

**ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥**
**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥**
**ਏਹ ਵੈਰੀ ਮਿਤ੍ਰ ਸਭ ਕੀਤਿਆ ਨਹ ਮੰਗਹਿ ਮੰਦਾ॥**
**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥**
**ਅਨਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥**
**ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥੭॥**

*(ਮਾਰੂ ਵਾਰ ਡਖਣੇ ਮਹਲਾ ੫, ਅੰਗ ੧੦੯੬)*

ਉਪਰੰਤ ਤਿੰਨਾਂ ਸ਼ਬਦਾਂ ਦਾ ਵਾਰੀ-ਵਾਰੀ ਸੰਪਟ ਸੁਖਮਨੀ ਸਾਹਿਬ ਵਿਚ ਲੁਆ ਕੇ ਫਿਰ ਤਿੰਨਾਂ ਸ਼ਬਦਾਂ ਦੀ ਮਾਲਾ ਨਾਲ ਪਾਠ ਦੀ ਮਰਿਆਦਾ ਸਮਝਾ ਕੇ ਬਚਨ ਕੀਤਾ, ਉਪਰਲੇ ਦੋ ਸ਼ਬਦ ਕਿਸੇ ਸਮੇਂ ਕਰ ਲੈਣੇ ਅਤੇ ਤੀਜਾ ਨਹੀਂ ਕਰਨਾ ਇਹ ਕਿਸੇ ਸਮੇਂ ਕੋਲ ਬਿਠਾ ਕੇ ਕਰਾਵਾਂਗੇ। ਤੀਜਾ ਸਭ ਤੋਂ ਵੱਧ ਕਠਿਨ ਕ੍ਰਿਆ ਵਾਲਾ ਹੈ ਇਸ ਵਿਚ ਭਾਈ ਮੰਝ ਵਾਲੀ ਪ੍ਰੀਖਿਆ ਹੁੰਦੀ ਹੈ। ਇਕ ਵਾਰ ਫਿਰ ਬਚਨ ਕੀਤਾ ਉਪਰਲੇ ਦੋ ਸ਼ਬਦ ਕਰਨੇ ਹੋਣ ਤਾਂ ਅਸੀਂ ਹੁਕਮ ਦੇ ਕੇ ਕਰਾਈਏ, ਪੁੰਨਿਆ ਦੀ ਰਾਤ ਹੋਵੇ ਕਿਸੇ ਟਿੱਬੇ ਉੱਤੇ ਤੈਨੂੰ ਬਿਠਾ ਦੇਈਏ, ਜਦੋਂ ਪਾਠ ਕਰਦੇ ਨੂੰ ਤਿੰਨ ਘੰਟੇ ਹੋ ਜਾਣ ਤਾਂ ਪਤਾਲ ਵਿਚੋਂ ਸ਼ੇਸ਼ਨਾਗ ਦੀ ਬੰਸ ਵਾਲੇ ਚਿੱਟੇ ਸੱਪ ਮਾਇਆ ਲੈ ਕੇ ਆਉਣਗੇ। ਇਕ-ਇਕ ਮੋਹਰ ਜਾਂ ਹੀਰਾ ਲੈ ਕੇ ਅੱਗੇ ਰੱਖਣਗੇ ਅਤੇ ਨਮਸਕਾਰ ਕਰ ਕੇ ਪਿੱਛੇ ਮੁੜ ਜਾਣਗੇ ਫਿਰ ਬਚਨ ਕੀਤਾ, "ਸ਼ੁੱਧ ਹੈ। ਅਗਲੀ ਗੱਲ ਫਿਰ ਕਰਾਂਗੇ।" ਇਸ ਤੋਂ ਬਾਅਦ ਤਕੜੇ ਹੋ ਕੇ ਸੇਵਾ ਕਰਨ ਦਾ ਹੁਕਮ ਹੋਇਆ॥

*(ਇਹ ਬਚਨ ਲੇਖਕ ਨੂੰ ਮਾਤਾ ਪਿਤਾ ਤੋਂ ਸੁਣਿਆ।)*

## 63

**ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥**
**ਕਥਾ ਕੀਰਤਨੁ ਆਨੰਦ ਮੰਗਲ ਧੁਨਿ**
**ਪੂਰਿ ਰਹੀ ਦਿਨਸੁ ਅਰੁ ਰਾਤਿ॥੧॥ ਰਹਾਉ॥**

**ਕਰਿ ਕਿਰਪਾ ਅਪਨੇ ਪ੍ਰਭਿ ਕੀਨੇ**
**ਨਾਮ ਅਪੁਨੇ ਕੀ ਕੀਨੀ ਦਾਤਿ॥**
**ਆਠ ਪਹਿਰ ਗੁਨ ਗਾਵਤ ਪ੍ਰਭ ਕੇ**
**ਕਾਮ ਕ੍ਰੋਧ ਇਸੁ ਤਨ ਤੇ ਜਾਤ॥੧॥**
**ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ**
**ਅੰਮ੍ਰਿਤ ਹਰਿ ਰਸੁ ਭੋਜਨੁ ਖਾਤ॥**
**ਚਰਨ ਸਰਨ ਨਾਨਕ ਪ੍ਰਭ ਤੇਰੀ**
**ਕਰਿ ਕਿਰਪਾ ਸੰਤਸੰਗਿ ਮਿਲਾਤ॥੨॥੪॥੮੪॥**

*(ਬਿਲਾਵਲੁ ਮਹਲਾ ੫, ਅੰਗ ੮੨੦-੨੧)*

ਇਸ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਪਾਸ ਸੇਵਾਦਾਰ ਭਾਵੇਂ ਗਿਣਤੀ ਵਿਚ ਥੋੜ੍ਹੇ ਸਨ ਪਰੰਤੂ ਸੇਵਾ ਸਿਮਰਨ ਵੱਡੀ ਗਿਣਤੀ ਵਿਚ ਬਾਬਾ ਜੀ ਦੀ ਕ੍ਰਿਪਾ ਨਾਲ ਹੋ ਰਿਹਾ ਸੀ। ਸੰਤ ਨਰੈਣ ਸਿੰਘ ਜੀ ਮਹਿਨਿਆਂ ਵਾਲੇ ਹਜ਼ੂਰੀ ਸੇਵਾ ਕਰਨ ਦੇ ਨਾਲ ਨਾਲ ਇਕ ਸੌ ਇਕ ਪਾਠ ਜਪੁ ਜੀ ਸਾਹਿਬ ਦਾ ਰੋਜ਼ ਕਰਦੇ ਸਨ। ਸੰਤ ਕੇਸਰ ਸਿੰਘ ਜੀ ਹਰ ਸਮੇਂ ਜਪੁ ਜੀ ਸਾਹਿਬ ਦੇ ਪਾਠ ਵਿਚ ਮਗਨ ਰਹਿੰਦੇ ਸਨ,' ਇਹਨਾਂ ਨੂੰ ਜਦੋਂ ਵੀ ਵੇਖੋ ਪਾਠ ਕਰਦੇ 'ਊਠਤ ਬੈਠਤ ਸੋਵਤ ਨਾਮ ਕਹੁ ਨਾਨਕ ਜਨ ਕੈ ਸਦ ਕਾਮ॥ ਇਹਨਾਂ ਦੀ ਇਹ ਅਵਸਥਾ ਸੀ। ਸੰਤ ਚਿੰਤ ਰਾਮ ਜੀ ਵੀ ਮਸਤ ਰਹਿੰਦੇ ਸਨ। ਭਾਈ ਨੀਲਾ ਸਿੰਘ ਜੀ ਨੂੰ ਜਿਵੇਂ ਪਿਛਲੇ ਪ੍ਰਸੰਗ ਵਿਚ ਲਿਖਿਆ, ਉਸ ਸਮੇਂ ਨਜ਼ਾਰਾ ਵੇਖ ਕੇ ਹਰ ਸਮੇਂ ਮਸਤੀ ਵਿਚ ਝੂਮਦੇ ਰਹਿੰਦੇ ਸਨ। ਭਾਈ ਕਪੂਰ ਸਿੰਘ ਰਹਰਾਸੀਆ, ਮਾਈ ਖੇਮ ਕੌਰ ਤੇ ਉਸ ਦੀ ਲੜਕੀ ਜੰਡਾਂ ਵਾਲੇ ਵਾਲੀ ਹਰ ਸਮੇਂ ਹੱਥ ਵਿਚ ਮਾਲਾ ਲੈ ਕੇ ਸਿਮਰਨ ਵਿਚ ਲੱਗੀ ਰਹਿੰਦੀ ਸੀ। ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੋਰ ਬੇਸ਼ੱਕ ਗਏ ਕਿਸੇ ਦੁਨਿਆਵੀ ਮੰਗ ਖ਼ਾਤਰ ਸਨ, ਪਰੰਤੂ ਬਾਬਾ ਜੀ ਦੀ ਮਿਹਰ ਦੀ ਨਜ਼ਰ ਸਦਕਾ ਮਨ ਹੋਰ ਦਾ ਹੋਰ ਹੀ ਹੋ ਗਿਆ ਸੀ। ਇਹ ਸਭ ਬਖ਼ਸ਼ਿਸ਼ਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਦੀ ਸੀ। ਸੰਤ ਮੰਡਲ ਵਿਚ ਜੋ ਗੁਣ ਪੰਜਵੇਂ ਪਾਤਸ਼ਾਹ ਨੇ ਕਥਨ ਕੀਤੇ ਹਨ, ਉਹ ਸਭ ਇਥੇ ਠੀਕ ਢੁਕਦੇ ਸਨ।

**ਸੰਤ ਮੰਡਲ ਮਹਿ ਹਰਿ ਮਨਿ ਵਸੈ ॥**

ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥
ਸੰਤ ਮੰਡਲ ਮਹਿ ਨਿਰਮਲ ਰੀਤਿ ॥
ਸੰਤਸੰਗਿ ਹੋਇ ਏਕ ਪਰੀਤਿ ॥੧॥
ਸੰਤ ਮੰਡਲੁ ਤਹਾ ਕਾ ਨਾਉ ॥
ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥
ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥
ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥
ਸੰਤਸੰਗਿ ਹੋਇ ਨਿਰਮਲ ਬਾਣੀ ॥
ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥
ਸੰਤ ਮੰਡਲ ਕਾ ਨਿਹਚਲ ਆਸਨੁ ॥
ਸੰਤ ਮੰਡਲ ਮਹਿ ਪਾਪ ਬਿਨਾਸਨੁ ॥
ਸੰਤ ਮੰਡਲ ਮਹਿ ਨਿਰਮਲ ਕਥਾ ॥
ਸੰਤਸੰਗਿ ਹਉਮੈ ਦੁਖ ਨਸਾ ॥੩॥
ਸੰਤ ਮੰਡਲ ਕਾ ਨਹੀ ਬਿਨਾਸੁ ॥
ਸੰਤ ਮੰਡਲ ਮਹਿ ਹਰਿ ਗੁਣਤਾਸੁ ॥
ਸੰਤ ਮੰਡਲ ਠਾਕੁਰ ਬਿਸ੍ਰਾਮੁ ॥
ਨਾਨਕ ਓਤਿ ਪੋਤਿ ਭਗਵਾਨੁ ॥੪॥

*(ਭੈਰਉ ਮਹਲਾ ੫, ਅੰਗ ੧੧੪੬)*

# ਤਪਤਿ ਮਾਹਿ ਠਾਢਿ ਵਰਤਾਈ॥
# ਅਨਦੁ ਭਇਆ ਦੁਖ ਨਾਠੇ ਭਾਈ॥

ਮਹਾਂਪੁਰਖ ਕਰਤਾ ਪੁਰਖ ਨਾਲ ਅਭੇਦ, ਜੋ ਕੁਝ ਵੀ ਕਰਨ, ਕਿਸੇ ਢੰਗ ਤਰੀਕੇ ਨਾਲ ਕਰਨ, ਕਰਤਾ ਪੁਰਖ ਨੂੰ ਸਭ ਕੁਝ ਮਨਜ਼ੂਰ ਹੁੰਦਾ ਹੈ।

**ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ**

ਬਿਰਦੁ ॥

*(ਆਸਾ ਮਹਲਾ ੫, ਅੰਗ ੪੦੬)*

ਇਕ ਵਾਰ ਇਕ ਕੋਹੜੀ ਕਿਸੇ ਤਰੀਕੇ ਨਾਲ ਬਾਬਾ ਜੀ ਦੇ ਅਸਥਾਨ ਉੱਤੇ ਆ ਪਹੁੰਚਿਆ। ਪਹਿਰੇਦਾਰ ਨੇ ਅੰਦਰ ਆਉਣ ਤੋਂ ਰੋਕਿਆ। ਉਪਰੰਤ ਉਸ ਨੇ ਬਾਬਾ ਜੀ ਕੋਲ ਬੇਨਤੀ ਕਰ ਦਿੱਤੀ ਕਿ "ਮਹਾਰਾਜ, ਇਕ ਕੋਹੜੀ ਮੰਗਤਾ ਖੜਾ ਹੈ, ਅੰਦਰ ਆਉਣਾ ਚਾਹੁੰਦਾ ਹੈ। ਕੀ ਹੁਕਮ ਹੈ।" ਸੁਣਨ ਉਪਰੰਤ ਹਜ਼ੂਰ ਨੇ ਬਚਨ ਕੀਤਾ, "ਉਸ ਨੂੰ ਅੱਗੇ ਲੈ ਆਉ।" ਆਗਿਆ ਮਿਲਣ ਉਪਰੰਤ ਕੋਹੜੀ ਮੰਗਤਾ ਅੰਦਰ ਆ ਗਿਆ। ਉਸ ਨੂੰ ਸਾਹਮਣੇ ਖੜਾ ਵੇਖ ਕੇ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ। ਬਾਲਿਆ ਇਸ ਨੂੰ ਸਾਡੇ ਤਲਾਅ ਵਿਚ ਇਸ਼ਨਾਨ ਕਰਵਾ ਕੇ ਲਿਆਉ।" ਇਸ ਹੁਕਮ ਉਪਰੰਤ ਸੰਤ ਨਰੈਣ ਸਿੰਘ ਜੀ ਉਸ ਨੂੰ ਇਸ਼ਨਾਨ ਕਰਵਾ ਕੇ ਲੈ ਆਏ। ਫਿਰ ਬਾਬਾ ਜੀ ਨੇ ਬਚਨ ਕੀਤਾ, "ਇਸ ਦੇ ਉਪਰ ਹੋਰ ਚਾਦਰ ਪਾ ਕੇ ਇਸ ਨੂੰ ਤੇਰਾਂ ਪਾਠ ਸੁਖਮਨੀ ਸਾਹਿਬ ਦੇ ਸੁਣਾਉ।" ਭਾਈ ਕਪੂਰ ਸਿੰਘ ਰਹਰਾਸੀਆ ਅਤੇ ਭਾਈ ਰਤਨ ਸਿੰਘ ਨੇ ਵਾਰੀ-ਵਾਰੀ ਤੇਰਾਂ ਪਾਠ ਸੁਖਮਨੀ ਸਾਹਿਬ ਦੇ ਸੁਣਾਏ। ਪਾਠ ਸੁਣਾਉਣ ਤੋਂ ਉਪਰੰਤ ਬਾਬਾ ਜੀ ਪਾਸ ਜਾ ਕੇ ਬੇਨਤੀ ਕਰ ਦਿੱਤੀ। ਫਿਰ ਹਜ਼ੂਰ ਨੇ ਹੁਕਮ ਕਰ ਕੇ ਆਪਣੇ ਪਾਸ ਬਿਠਾ ਲਿਆ। ਬਿਠਾ ਕੇ ਬਚਨ ਕੀਤਾ, "ਸ਼ੁੱਧ ਹੈ। ਇਸ ਦੀ ਚਾਦਰ ਲਾਹ ਦਿਉ।" ਹੁਕਮ ਅਨੁਸਾਰ ਚਾਦਰ ਲਾਹੁਣ ਉਪਰੰਤ ਸਭ ਨੇ ਦੇਖਿਆ, ਉਸ ਦੇ ਸਰੀਰ ਉੱਤੇ ਕਸ਼ਟ ਦਾ ਕੋਈ ਨਾਮ-ਨਿਸ਼ਾਨ ਨਹੀਂ ਸੀ। ਉਪਰੰਤ ਹਜ਼ੂਰ ਨੇ ਬਚਨ ਕੀਤਾ, "ਇਹ ਸਭ ਸੁਖਮਨੀ ਸਾਹਿਬ ਦਾ ਪ੍ਰਤਾਪ ਹੈ। ਸੁਖਮਨੀ ਦਾ ਨਿਤਨੇਮੀ ਕਿਸੇ ਕੁਸ਼ਟੀ ਉੱਤੇ ਨਿਗਾਹ ਭੀ ਕਰ ਦੇਵੇ ਤਾਂ ਫਿਰ ਵੀ ਕੁਸ਼ਟ ਹਟ ਸਕਦਾ ਹੈ।" ਫਿਰ ਉਹ ਕੋਹੜੀ ਨੂੰ ਪੁੱਛਿਆ, "ਕਿਉਂ ਬਈ, ਕੋਈ ਤਕਲੀਫ਼ ਹੈ?" ਤਾਂ ਉਸ ਨੇ ਕਿਹਾ, "ਜੀ, ਕੋਈ ਨਹੀਂ।" ਤੇ ਫਿਰ ਬਾਬਾ ਜੀ ਨੇ ਬਚਨ ਕੀਤਾ, "ਇਸ ਦੀ ਸ਼ਰ੍ਹਾ ਕਰਾ ਕੇ ਲਿਆਉ।" ਹੁਕਮ ਅਨੁਸਾਰ ਸ਼ਰ੍ਹਾ ਕਰਵਾਈ। ਉਪਰੰਤ ਬਾਬਾ ਜੀ ਨੇ ਉਸ ਨੂੰ ਪੁੱਛਿਆ ਕਿ ਤੂੰ ਹਿੰਦੂ ਹੈਂ ਕਿ ਮੁਸਲਮਾਨ। ਉਸ ਨੇ ਹੱਥ ਜੋੜ ਕੇ ਕਿਹਾ ਜੀ, ਕੋਹੜੀ ਦਾ ਕੋਈ ਧਰਮ ਨਹੀਂ ਹੁੰਦਾ। ਬਾਬਾ ਜੀ ਦੇ ਬਾਰ-ਬਾਰ ਕਹਿਣ 'ਤੇ ਉਸ ਨੇ ਦੱਸਿਆ ਕਿ ਮੈਂ ਹਿੰਦੂ ਹਾਂ। ਉਪਰੰਤ

ਉਸ ਨੂੰ ਰਾਮ-ਰਾਮ ਦਾ ਮੰਤਰ ਬਖ਼ਸ਼ ਕੇ ਹੁਕਮ ਕੀਤਾ, ਇਸ ਨੂੰ ਜਪਦਾ ਰਹੀਂ। ਗੁਰੂ ਨਾਨਕ ਭਲਾ ਕਰਨਗੇ।

ਫਿਰ ਉਸ ਨੂੰ ਪੁੱਛਿਆ, "ਤੁਸੀਂ ਕਿੰਨੇ ਜਣੇ ਇਕੱਠੇ ਹੋ ਕੇ ਮੰਗਣ ਆਏ ਸੀ।" ਉਸ ਨੇ ਕਿਹਾ, "ਜੀ, ਛੇ ਬੰਦੇ ਮੈਥੋਂ ਬਿਨਾਂ ਹੋਰ ਸਨ।" ਤਾਂ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ। ਜੇ ਤੁਸੀਂ ਸਾਰੇ ਇਕੱਠੇ ਹੀ ਇਥੇ ਆ ਜਾਂਦੇ ਤਾਂ ਸਭ ਦਾ ਭਲਾ ਹੋ ਜਾਣਾ ਸੀ। ਅੱਜ ਸਮਾਂ ਹੀ ਐਸਾ ਸੀ। ਤੂੰ ਹੁਣ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ ਤੇ ਇਕੱਲੇ ਨੇ ਹੀ ਰਹਿਣਾ ਤੇ ਨਾਮ ਜਪਣਾ ਹੈ।"

*ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ। ਮਹਾਂ ਪੁਰਖਾਂ ਦੀ ਮਿਹਰ ਸਦਕਾ*

**ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ**॥੧॥ *ਰਹਿ*

**ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥**

**ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥**

**ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ ॥**

**ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥**

*(ਗਉੜੀ ਸੁਖਮਨੀ ਮਹਲਾ ੫, ਅੰਗ ੨੯੭)*

ਠੰਡਾ ਚੰਦਰਮਾ ਵੀ ਹੈ ਅਤੇ ਚੰਦਨ ਵੀ ਠੰਡਾ ਹੈ ਅਸਲੀ ਠੰਡੀ ਮਹਾਂ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਹੈ। 'ਬ੍ਰਹਮ ਗਿਆਨੀ ਦ੍ਰਿਸ਼ਟ ਅੰਮ੍ਰਿਤ ਬਰਸੀ।

**ਚੰਦਨ ਚੰਦ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥**

*(ਅੰਗ ੭੦੯)*

ਤਪਦੇ ਸੜਦੇ ਮਨ ਤਨ ਨੂੰ ਠੰਡ ਬਖ਼ਸ਼ੀ ਤੇ ਰਾਮ ਮੰਤਰ ਬਖ਼ਸ ਕੇ ਪ੍ਰਲੋਕ ਵੀ ਸੁਧਾਰ ਦਿੱਤਾ।

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ।)*

# 65.

**ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥**
**ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥**
**ਜਿਸ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ॥**

*(ਅੰਗ ੯੪੭)*

ਮਹਾਂ ਪੁਰਖ ਦੇ ਨਿਤ ਨਵੇਂ ਕੌਤਕ ਵੇਖ ਕੇ ਵੀ ਕਿਸੇ ਵਿਰਲੇ ਦੀ ਸ਼ਰਧਾ ਬਣਦੀ ਹੈ। ਬਾਬਾ ਜੀ ਬਚਨ ਕਰਦੇ ਹੁੰਦੇ ਸਨ ਕਿ ਹੁਣ ਅਸੀਂ ਬੈਠੇ ਹਾਂ ਕੋਈ ਨਹੀਂ ਆਉਂਦਾ, ਸਾਡੇ ਮਗਰੋਂ ਆ ਕੇ ਪੱਥਰਾਂ 'ਤੇ ਮੱਥੇ ਰਗੜਿਆ ਕਰਨਗੇ। ਅੱਜ ਉਹੋ ਬਚਨ ਸੱਚੇ ਹੋ ਰਹੇ ਹਨ, ਐਡੇ ਐਡੇ ਵੱਡੇ ਕੌਤਕ ਕਰ ਦਿੱਤੇ, ਅਜ ਦੁਨੀਆਂ ਪੜ੍ਹ-ਸੁਣ ਕੇ ਹੈਰਾਨ ਹੁੰਦੀ ਹੈ ਮਹਾਂ ਪੁਰਖਾਂ ਦੀ ਮਾਇਆ ਐਸੀ ਪ੍ਰਬਲ ਹੁੰਦੀ ਹੈ ਜਦੋਂ ਚਾਹੁਣ ਮਾਇਆ ਪਾ ਕੇ ਭੁਲਾ ਦਿੰਦੇ ਹਨ। ਇਹਨਾਂ ਹੀ ਦਿਨਾਂ ਵਿਚ ਬਾਬਾ ਜੀ ਨੇ ਭੁਲੇਖਾ ਦੇਣ ਲਈ ਇਕ ਨਵਾਂ ਕੌਤਕ ਰਚਿਆ। ਪਿੰਡ ਭੁੱਚੋ ਦੀਆਂ ਮਜ਼ਹਬਣਾਂ ਨੂੰ ਸੱਦ ਕੇ ਦੋ-ਦੋ ਤਿੰਨ-ਤਿੰਨ ਘੰਟੇ ਗਿੱਧਾ ਪੁਆਉਣਾ ਜਾਣ ਸਮੇਂ ਸਭ ਨੂੰ ਦੋ-ਦੋ ਆਨੇ ਦੇਣੇ ਲਗਾਤਾਰ ਇਕ ਮਹੀਨਾ ਇਹ ਕੌਤਕ ਰਚਿਆ। ਇਕ ਮਹੀਨੇ ਦੇ ਅੰਦਰ ਅੰਦਰ ਜਿਸ ਦਾ ਕਿਸੇ ਦਾ ਮਾੜਾ ਮੋਟਾ ਭਰੋਸਾ ਆਇਆ, ਉਹ ਵੀ ਟੁੱਟ ਗਿਆ। ਸਗੋਂ ਸਾਰੇ ਪਿੰਡ ਵਿਚ ਕਈ ਤਰ੍ਹਾਂ ਦੀ ਨਿੰਦਿਆ ਹੋਣੀ ਸ਼ੁਰੂ ਹੋ ਗਈ। ਕਿਆ ਵਿਚਾਰਾ ਜੰਤ ਜਾ ਆਪਿ ਭੁਲਾਇਆ॥ ਇਸ ਤਰ੍ਹਾਂ ਬਾਬਾ ਜੀ ਨੇ ਸੰਸਾਰੀ ਬੰਦੇ, ਨਗਰ ਨਿਵਾਸੀ ਭੁਲੇਖੇ ਵਿਚ ਪਾ ਕੇ ਹੋਰ ਹੀ ਤਰ੍ਹਾਂ ਦੀ ਲੀਲ੍ਹਾ ਰਚ ਦਿੱਤੀ। ਸਭ ਤਰ੍ਹਾਂ ਦੀ ਲੀਲ੍ਹਾ ਵਿਖਾ ਕੇ ਪੜਦਾ ਪਾ ਦਿੰਦੇ ਸਨ।

## ਕੁੰਡਲੀਆ

**ਭਗਤ ਜਗਤ ਕੋ ਠਗਤ ਹੈ ਭਗਤ ਨਾ ਠਾਗੈ ਕੋਇ।**
**ਭਗਤਨ ਕੋ ਸੋਈ ਠਗੈ ਜੋ ਭਗਤਨ ਜੈਸਾ ਹੋਇ।**
**ਭਗਤ ਜੈਸਾ ਹੋਇ ਮਰਨ ਤੋ ਬਿਨ ਮਰ ਜਾਵੈ।**
**ਆਪਾ ਭਾਵ ਗਵਾਇ ਸਿਮਰਨ ਸੇਵਾ ਚਿਤ ਲਾਵੇ।**
**ਕਹੇ ਦਾਸ ਸਤਿਨਾਮ ਸਿੰਘ ਭੁਲਿਆ ਰਹਿੰਦਾ ਜਗਤ।**
**ਆਪਣਾ ਆਪ ਛੁਪਾਇ ਜਗਤ ਕੋ ਠਗਦੇ ਭਗਤ।**

*(ਇਹ ਪ੍ਰਸੰਗ ਮਾਡੂ ਸਿੰਘ ਭੁੱਲਰ ਭੁੱਚੋ ਨਿਵਾਸੀ ਤੋਂ ਮਿਲਿਆ।)*

# ਆਪਿ ਭੁਲਾਇ ਆਪੇ ਮਤਿ ਦੇਵੈ

*(ਅੰਗ ੨੨੫)*

ਬਾਬਾ ਜੀ ਪਾਸ ਇਕ ਸੰਤ ਸਾਧਾਰਨ ਜਿਹੇ ਕੱਪੜੇ ਪਾਏ, ਕੁਝ ਮਸਤਾਨੀ ਜਿਹੀ ਹਾਲਤ ਵਿਚ ਅਚਾਨਕ ਫਿਰਦਾ-ਫਿਰਾਉਂਦਾ ਪਹੁੰਚ ਗਿਆ। ਜਿਸ ਸਮੇਂ ਪਹਿਰੇਦਾਰ ਰਾਹੀਂ ਆਗਿਆ ਲੈ ਕੇ ਬਾਬਾ ਜੀ ਦੇ ਸਾਹਮਣੇ ਆਕੇ ਦਰਸ਼ਨ ਕੀਤੇ, ਬਾਬਾ ਜੀ ਨੇ ਉਸ ਵੱਲ ਨਿਗਾਹ ਕਰ ਕੇ ਬਚਨ ਕੀਤਾ, "ਸ਼ੁੱਧ ਹੈ, ਜਿਥੇ ਆਉਣਾ ਸੀ ਆ ਗਿਆ।" ਉਪਰੰਤ ਉਸ ਨੂੰ ਬੈਠਣ ਵਾਸਤੇ ਬੋਰੀ ਦੇ ਕੇ ਕੋਠੀ ਦੇ ਬਰਾਂਡੇ ਵਿਚ ਆਸਣ ਲਵਾ ਦਿੱਤਾ। ਫਿਰ ਹੁਕਮ ਅਨੁਸਾਰ ਦੋ ਵੇਲੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਦਾ ਹੁਕਮ ਹੋ ਗਿਆ। ਉਪਰੰਤ ਦੋ ਵੇਲੇ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਲੈਣਾ ਤੇ ਫਿਰ ਇਕਾਂਤ ਵਿਚ ਹੀ ਬੈਠੇ ਰਹਿਣਾ। ਤਕਰੀਬਨ ਇਕ ਮਹੀਨਾ ਬੀਤਣ ਪਿੱਛੋਂ ਬਾਬਾ ਜੀ ਨੇ

ਇਕ ਦਿਨ ਇਸ ਮਹਾਤਮਾ ਨੂੰ ਆਪਣੀ ਹਜ਼ੂਰੀ ਵਿਚ ਬੁਲਾ ਕੇ ਬਚਨ ਕੀਤਾ, "ਤੇਰਾ ਗੁਰਮੰਤਰ ਕੀ ਹੈ ?" ਉਤਰ ਵਿਚ ਉਸ ਮਹਾਤਮਾ ਨੇ ਦੱਸਿਆ, "ਜੀ, ਵਾਹਿਗੁਰੂ ਹੈ।" ਫਿਰ ਬਾਬਾ ਜੀ ਨੇ ਬਚਨ ਕੀਤਾ, "ਧਿਆਨ ਤ੍ਰਿਕੁਟੀ ਦਾ ਕਿ ਕਿੰਦੇ ਦਾ।" ਉਸ ਨੇ ਦੱਸਿਆ ਕਿ ਤ੍ਰਿਕੁਟੀ ਵਿਚ ਧਿਆਨ ਕਰਦਾ ਹਾਂ। ਫਿਰ ਤੀਸਰਾ ਬਚਨ ਬਾਬਾ ਜੀ ਨੇ ਪੁੱਛਿਆ, "ਤੈਨੂੰ ਤ੍ਰਿਕੁਟੀ ਦੇ ਵਿਚ ਜੋ ਪ੍ਰਕਾਸ਼ ਅਨੁਭਵ ਹੁੰਦਾ ਹੈ ਉਹ ਕਿਤਨਾ ਕੁ ਹੈ। "ਉਸ ਨੇ ਦੱਸਿਆ, "ਜੀ, ਗੋਲਕ ਹੈ ਇਕ ਠੁਪਾਈ ਦੇ ਜਿੰਨਾ ਹੈ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ ਤੇਰੇ ਗੁਰੂ ਦਾ ਕੀਤਾ ਹੋਇਆ ਬਚਨ ਪੂਰਾ ਕਰ ਕੇ ਤੋਰਾਂਗੇ। ਤਕੜਾ ਹੋ ਕੇ ਰਹੀਂ।" ਠੀਕ ਇਸ ਤੋਂ ਕੁਝ ਸਮਾਂ ਬਾਅਦ ਉਸ ਦੀ ਹਾਲਤ ਬੜੀ ਵਿਆਕੁਲ ਹੋ ਗਈ ਜਿਵੇਂ ਬਾਣੀ ਵਿਚ ਕਿਹਾ ਹੈ, **ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥ ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ॥ ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥ (ਅੰਗ ੭੦੮)** ਅਤੇ ਹਰ ਸਮੇਂ ਬੈਰਾਗ ਵਾਲੀ ਅਵਸਥਾ ਵਿਚ ਰਹੇ। ਠੰਡੇ ਠੰਡੇ ਸਾਹ ਲਵੇਂ **ਪੰਥ ਨਿਹਾਰੇ ਕਾਮਨੀ ਲੋਚਨ ਭਰੀ ਲੇ ਉਸਾਸਾ ॥** ਉਸ ਦਾ ਖਾਣਾ- ਪੀਣਾ ਬਹੁਤ ਘਟ ਗਿਆ। ਇਕ ਦਿਨ ਬਾਬਾ ਜੀ ਨੇ ਕੇਸਰ ਸਿੰਘ ਨੂੰ ਪੁੱਛਿਆ, "ਕੇਸਰ, ਇਹ ਜਿਹੜਾ ਸਾਧੂ ਨਵਾਂ ਆਇਆ ਹੈ ਇਸ ਦਾ ਕੀ ਹਾਲ ਹੈ ?" ਤਾਂ ਕੇਸਰ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ, ਉਹ ਤਾਂ ਦਿਨ ਰਾਤ ਤੜਫਦਾ ਰਹਿੰਦਾ ਹੈ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਜੇ ਵਸਤੂ ਤਰਸਾ-ਤਰਸਾ ਕੇ ਮਿਲੇ ਤਾਂ ਕਦਰ ਹੁੰਦੀ ਹੈ। ਸ਼ੁੱਧ ਹੈ।" ਫਿਰ ਇਸ ਤੋਂ ਕੁਝ ਦਿਨ ਬਾਅਦ ਬਾਬਾ ਜੀ ਨੇ ਉਸ ਮਹਾਤਾਮਾ ਨੂੰ ਆਪਣੇ ਪਾਸ ਸੱਦ ਕੇ ਬਚਨ ਕੀਤਾ ਹੁਣ ਤੇਰੀ ਪ੍ਰੀਖਿਆ ਹੋ ਚੁੱਕੀ ਹੈ ਹੁਣ ਅਗਲੀ ਗੱਲ ਤੇਰੇ ਨਾਲ ਕਰਾਂਗੇ ਤੇ ਫਿਰ ਹੁਕਮ ਅਨੁਸਾਰ ਆਸਣ ਰੁੰਮੀ ਕਰਾ ਦਿੱਤਾ ਤੇ ਉਸ ਨੇ ਹੁਕਮ ਅਨੁਸਾਰ ਰੁੰਮੀ ਰਹਿੰਦੇ ਸ਼ਬਦ ਅਭਿਆਸ ਕੀਤਾ। ਇਕ ਸਮੇਂ ਆ ਕੇ ਭੋਜਨ ਛੱਕ ਜਾਦਾ ਇਕ ਦਿਨ ਜਿਸ ਸਮੇਂ ਭੋਜਨ ਛਕਣ ਆਇਆ, ਉਸ ਦੇ ਮੁੱਖ 'ਤੇ ਅਜੀਬ ਤਰ੍ਹਾਂ ਦੀ ਝਲਕ ਅਤੇ ਖ਼ੁਸ਼ੀ ਸੀ। ਅੰਤਰਜਾਮੀ ਬਾਬਾ ਜੀ ਨੇ ਉਸੇ ਵਕਤ ਹੀ ਉਸ ਨੂੰ ਆਪਣੇ ਹਜ਼ੂਰ ਬੁਲਾ ਕੇ ਹੁਕਮ ਕੀਤਾ, "ਲੰਗਰ ਵਿਚੋਂ ਭੋਜਨ ਛੱਕ ਕੇ ਹੁਣ ਤੁਸੀਂ

ਜਾ ਸਕਦੇ ਹੋ। ਤੁਹਾਡਾ ਕਾਰਜ ਸ਼ੁੱਧ ਹੈ।" ਕ੍ਰਿਪਾ ਕਟਾਖ ਅਵਲੋਕਨ ਕੀਨੋ ਦਾਸੁ ਦਾ ਦੂਖ ਬਿਦਾਰਿਓ॥

**ਜਾਸ ਤੇਜ ਕਰ ਚੰਦ ਸੂਰ ਕਰਤੇ ਪ੍ਰਕਾਸਾ।**
**ਜਾਸ ਨਾਮ ਕੋ ਜਪਤ ਭਰਮ ਭੈ ਹੋਵਤ ਨਾਸਾ।**
**ਜਾਸ ਹੁਕਮ ਕੋ ਮਾਨ ਪਵਣ ਫਿਰਤੀ ਚੌਫੇਰੇ।**
**ਜਾਸ ਨਾਮ ਕੋ ਜਪਤ ਕਾਲ ਨਹਿ ਆਵਤ ਨੇਰੇ।**
**ਸੋਈ ਨਾਮ ਅਚੁਤ ਕਰਤਾ**
**ਪੁਰਖ ਤ੍ਰਿਗੁਣ ਅਤੀਤ ਸਦ ਰਹਿਤ ਹੈ।**
**ਸੋਈ ਰੂਪ ਮਹਾਂ ਹਰਿਨਾਮ ਸਿੰਘ**
**ਅਨੰਦ ਸਿੰਘ ਕੋ ਕਹਿਤ ਹੈ।**

*(ਇਹ ਪ੍ਰਸੰਗ ਵੀ ਮਾਤਾ ਪਿਤਾ ਪਾਸੋਂ ਮਿਲਿਆ।)*

# ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥

*(ਅੰਗ ੧੫੦)*

ਇਕ ਵਾਰ ਚੇਤ ਦਾ ਮਹੀਨਾ ਸੀ ਤੇ ਮੀਂਹ ਹਨੇਰੀ ਤੇ ਗੜੇ ਬੇਅੰਤ ਪਏ। ਗੜੇ ਪੈਣ ਕਰਕੇ ਜਾਨਵਰ ਭੀ ਮਰੇ। ਉਸ ਸਮੇਂ ਸ਼ਾਮ ਦਾ ਵਕਤ ਸੀ ਤੇ ਬਾਬਾ ਜੀ ਨੇ ਦੁੱਧ ਛਕਣ ਦੀ ਤਿਆਰੀ ਕਰ ਲਈ। ਸੰਤ ਨਰੈਣ ਸਿੰਘ ਜੀ ਨੇ ਹੁਕਮ ਅਨੁਸਾਰ ਸਾਰਾ ਸਾਮਾਨ ਤਿਆਰ ਕਰ ਕੇ ਬਾਬਾ ਜੀ ਅੱਗੇ ਬੇਨਤੀ ਕਰ ਦਿੱਤੀ। ਉਪਰੰਤ ਹਜ਼ੂਰ ਆਪਣੇ ਆਸਣ ਤੋਂ ਉੱਠ ਕੇ ਦੁੱਧ ਛਕਣ ਲਈ ਬੈਠ ਗਏ। ਅਚਾਨਕ ਹੀ ਬਾਬਾ ਜੀ ਦੀ ਨਿਗਾਹ ਕੋਠੜੀ ਦੇ ਦਰਵਾਜ਼ੇ ਵੱਲ ਗਈ, ਉਥੇ ਇਕ ਮਰੀ ਹੋਈ ਚਿੜੀ ਪਈ ਸੀ। ਹਜ਼ੂਰ ਨੇ ਸੰਤ ਨਰੈਣ ਸਿੰਘ ਜੀ ਨੂੰ ਪੁੱਛਿਆ, "ਬਾਲਿਆ, ਔਹ ਕੀ ਪਿਆ ਹੈ ?" ਉੱਤਰ ਵਿਚ ਸੰਤ ਨਰੈਣ ਸਿੰਘ ਜੀ ਨੇ ਬੇਨਤੀ ਕੀਤੀ, "ਮਹਾਰਾਜ, ਅੱਜ

ਗੜ੍ਹੇ ਬਹੁਤ ਪਏ ਸਨ। ਜਿਨ੍ਹਾਂ ਵਿਚ ਚਿੜੀਆਂ, ਜਨੌਰ ਬਹੁਤ ਮਰੇ ਹਨ। ਇਹ ਇਕ ਚਿੜੀ ਤੁਹਾਡੇ ਆਸਣ ਦੇ ਸਾਹਮਣੇ ਮਰੀ ਪਈ ਹੈ।" ਉਪਰੰਤ ਹਜ਼ੂਰ ਨੇ ਬਚਨ ਕੀਤਾ, "ਬਾਲਿਆ, ਉੱਤੇ ਟਿੱਲੇ ਵਾਲੀ ਮਟਕੀ ਵਿਚੋਂ ਜਲ ਲਿਆ ਕੇ ਇਸ ਦੇ ਉੱਤੇ ਪਾ ਦੇ।" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਨੇ ਟਿੱਲੇ ਵਾਲੀ ਮਟਕੀ ਵਿਚੋਂ ਜਲ ਲਿਆ ਕੇ ਚਿੜੀ ਉਪਰ ਥੋੜ੍ਹਾ ਜਿਹਾ ਪਾ ਦਿੱਤਾ। ਮਿਰਤਕ ਕਉ ਜੀਵਾਲਨਹਾਰ॥ ਮਹਾਂਵਾਕ ਅਨੁਸਾਰ ਚਿੜੀ ਜਿਉਂਦੀ ਹੋ ਕੇ ਉਡ ਗਈ। ਉਪਰੰਤ ਬਾਬਾ ਜੀ ਬੜੇ ਹੱਸੇ ਉਸ ਸਮੇਂ ਭਜਨ ਸਿੰਘ ਨਾਮ ਦਾ ਮਹਿਰਾ ਸਿੱਖ ਬਾਬਾ ਜੀ ਦੀ ਹਜ਼ੂਰੀ ਵਿਚ ਬੈਠਾ ਸੀ। ਉਸ ਨੇ ਬੇਨਤੀ ਕੀਤੀ, "ਮਹਾਰਾਜ, ਜਾਨਵਰ ਬੇਅੰਤ ਮਰੇ ਪਏ ਹਨ।" ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਸਾਈਂ ਲੋਕਾ, ਜੋ ਹੋਇਆ, ਉਸ ਦੇ ਹੁਕਮ ਨਾਲ ਹੋਇਆ ਇਹ ਕੋਈ ਤਮਾਸ਼ਾ ਨਹੀਂ ਜੋ ਐਵੇਂ ਵਿਖਾਇਆ ਜਾਵੇ ਤੂੰ ਅਨੰਦ ਰਹੁ।" ਫਿਰ ਭਜਨ ਸਿੰਘ ਨੇ ਚਿੜੀ ਦੀ ਗੱਲ ਚਲਾਈ ਸੁਣ ਕੇ ਹਜ਼ੂਰ ਨੇ ਬਚਨ ਕੀਤਾ, 'ਅਸੀਂ ਕਿਤੇ ਪਿਛਲੇ ਸਮੇਂ ਵਿਚ ਤਪੱਸਿਆ ਕਰਦੇ ਸੀ, ਇਕ ਜ਼ਿਮੀਂਦਾਰ ਦਾ ਪਰਿਵਾਰ ਸਾਡੀ ਸੇਵਾ ਕਰਦਾ ਹੁੰਦਾ ਸੀ। ਇਹ ਚਿੜੀ ਉਸ ਦੀ ਲੜਕੀ ਸੀ, ਇਹ ਲੜਕੀ ਜਦੋਂ ਵੀ ਸਾਡੇ ਕੋਲ ਆਉਂਦੀ ਮਨ ਨੂੰ ਖੋਲ ਕਰਨ ਵਾਲੀਆਂ ਗੱਲਾਂ ਕਰਦੀ, ਬਹੁਤ ਸਮਝਾਏ ਤੇ ਵੀ ਨਾ ਸਮਝੀ। ਇਕ ਦਿਨ ਕਿਤੇ ਸਾਡੇ ਕੋਲੋਂ ਇਸ ਨੂੰ ਬਚਨ ਨਿਕਲ ਗਿਆ ਤੂੰ ਚਿੜੀ ਵਾਂਗ ਬੋਲੀ ਜਾ ਰਹੀ ਹੈ, ਚੁਪ ਕਰ ਕੇ ਬੈਠ। ਉਸ ਸਮੇਂ ਤੋਂ ਇਹ ਮਰ ਕੇ ਚਿੜੀ ਦੇ ਰੂਪ ਵਿਚ ਆ ਰਹੀ ਹੈ। ਇਸ ਵਾਰ ਮਰ ਕੇ ਇਸੇ ਜਾਮੇ ਵਿਚ ਹੀ ਇਸ ਨੂੰ ਦੂਜੀ ਵਾਰ ਚਿੜੀ ਦਾ ਜਾਮਾ ਭੁਗਤਾ ਦਿਤਾ ਹੈ। ਇਸ ਤੋਂ ਅੱਗੇ ਇਸ ਦਾ ਕਲਿਆਣ ਹੋਏਗਾ।

**ਜਾਸ ਨਾਮ ਕੋ ਨਾਗ ਜਪਤਾ ਦਿਨ ਰਾਤੀ**
**ਜਾਸ ਨਾਮ ਦੋ ਸੰਤ ਭਗਤ ਗਾਵਤ ਪਰਭਾਤੀ**
**ਜਾਸ ਨਾਮ ਗੁਰੂ ਗ੍ਰੰਥ ਮੇਂ ਸਤਿਗੁਰੁ ਉਚਾਰੇ**
**ਜਾਸ ਨਾਮ ਨੌ ਖੰਡ ਰਵਿਓ ਬ੍ਰਹਿਮੰਡ ਮਝਾਰੇ**
**ਸੋ ਨਾਮ ਪਤਿਤ ਪਾਵਨ ਪੁਨੀਤ ਮਨ ਜਨਮ ਜਨਮ ਕੀ ਦਹਿਤ ਹੈ।**
**ਸੋ ਰੂਪ ਮਹਾਂ ਹਰਿਨਾਮ ਸਿੰਘ ਅਨੰਦ ਸਿੰਘ ਕੋ ਕਹਿਤ ਹੈ।**

# ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ॥

*(ਅੰਗ ੧੦੮੬)*

ਸੰਗਤ ਕਰਨੀ, ਮਹਾਂ ਪੁਰਖ ਦੀ ਸੇਵਾ ਕਰਨੀ, ਰਜ਼ਾ ਵਿਚ ਰਹਿਣਾ, ਮਹਾਂ ਪੁਰਖ ਦਾ ਦਰਸ਼ਨ ਕਰਨਾ, ਮਹਾਂ ਪੁਰਖ ਦੀ ਰਮਜ਼ ਨਾ ਸਮਝ ਸਕਣੀ, ਮਹਾਂ ਪੁਰਖ ਕੁਝ ਕਹਿਣ ਜਾਂ ਨਾ ਕਹਿਣ ਬੰਦੇ ਦਾ ਭਲਾ ਆਪਣੇ ਆਪ ਕੁਝ ਕਹਿਣਾ, ਮਹਾਂ ਪੁਰਖਾਂ ਪਾਸੋਂ ਸੇਵਕ ਕਈ ਵਾਰ ਭੁਲੇਖੇ ਵਿਚ ਪੈ ਜਾਂਦਾ ਹੈ। ਇਥੇ ਬਾਬਾ ਜੀ ਪਾਸ ਇਕ ਸੇਵਕ ਸੀ, ਉਸ ਨੇ ਬਾਬਾ ਜੀ ਪਾਸ ਸਵਾਲ ਪਾਇਆ ਤੇ ਕਹਿਣ ਲੱਗਾ ਮੈਂ ਵੀ ਤੁਹਾਡਾ ਸੇਵਕ ਹਾਂ ਅਤੇ ਡਰੋਲੀ ਵਾਲੇ ਦੋਵੇਂ ਜਣੇ ਤੁਹਾਡੇ ਸੇਵਕ ਹਨ, ਉਹ ਵੀ ਗ਼ਰੀਬ ਹਨ ਤੇ ਮੈਂ ਵੀ ਗ਼ਰੀਬ ਹਾਂ। ਜੇ ਤੁਸੀਂ ਹੁਕਮ ਕਰੋ ਤਾਂ ਉਹਨਾਂ ਦੀ ਲੜਕੀ ਦਾ ਰਿਸ਼ਤਾ ਮੇਰੇ ਲੜਕੇ ਨਾਲ ਹੋ ਜਾਵੇ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਉਹਨਾ ਦੀ ਕੰਨਿਆ ਤਾਂ ਕੰਨਿਆ ਹੀ ਰਹੇਗੀ, ਗ੍ਰਿਹਸਤ ਦੇ ਜੰਜਾਲ ਵਿਚ ਨਹੀਂ ਫਸੇਗੀ। ਉਸ ਨੇ ਇਸ ਬਚਨ ਨੂੰ ਨਾ ਸਮਝਿਆ ਉਹੀ ਉਪਰਲੀ ਗੱਲ ਕਈ ਵੇਰ ਦੁਹਰਾਈ। ਇਸ ਤੋਂ ਬਾਅਦ ਜਦੋਂ ਵੀ ਸਮਾਂ ਮਿਲਦਾ ਤਾਂ ਇਹ ਸੇਵਕ ਇਹੋ ਹੀ ਗੱਲ ਕਰਦਾ। ਬਾਬਾ ਜੀ ਕੋਈ ਬਚਨ ਨਾ ਕਰਦੇ ਅਤੇ ਚੁਪ ਹੀ ਰਹਿੰਦੇ। ਇਕ ਵਾਰ ਇਸ ਸੇਵਕ ਨੇ ਬਾਬਾ ਜੀ ਪਾਸ ਫਿਰ ਇਹ ਬੇਨਤੀ ਦੁਹਰਾਈ ਕਿ ਮਹਾਰਾਜ ਮੈਂ ਸਾਰੀ ਉਮਰ ਸੇਵਾ ਕੀਤੀ, ਕੁਝ ਤੁਹਾਡੇ ਪਾਸੋਂ ਮੰਗਿਆ ਨਹੀਂ। ਬਾਬਾ ਜੀ ਨੇ ਬਚਨ ਕੀਤਾ, "ਤੂੰ ਹੁਣ ਕੁਝ ਮੰਗ ਲੈ।" ਉਪਰੰਤ ਉਸ ਨੇ ਉਪਰਲੀ ਰਿਸ਼ਤੇ ਵਾਲੀ ਗੱਲ ਫਿਰ ਕਹੀ। ਬਾਬਾ ਜੀ ਇਹ ਗੱਲ ਸੁਣ ਕੇ ਹੱਸ ਪਏ ਤੇ ਬਚਨ ਕੀਤਾ, "ਜੇ ਅਸੀਂ ਤੇਰੇ ਮੁੰਡੇ ਨੂੰ ਇਹਨਾਂ ਦੀ ਲੜਕੀ ਦਾ ਰਿਸ਼ਤਾ ਕਰਾਉਣ ਲੱਗੇ ਫੇਰ ਤੂੰ ਨਹੀਂ ਮੰਨਣਾ।" ਉਸ ਨੇ ਫਿਰ ਬੇਨਤੀ ਕੀਤੀ, "ਜੀ, ਮੈਂ ਤਿਆਰ ਹਾਂ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ,

"ਲੈ ਸੁਣ ਲੈ ਤੇਰੇ ਮੁੰਡੇ ਨੂੰ ਰਿਸ਼ਤਾ ਪੱਕਾ, ਇਸ ਕੰਨਿਆ ਦੀ ਉਮਰ ਅੱਠ ਦਿਨ ਦੀ ਹੈ ਤੇਰਾ ਮੁੰਡਾ ਵੀ ਜਾਏਗਾ ਰਿਸ਼ਤਾ ਪੱਕਾ। ਦੱਸ, ਤੈਨੂੰ ਮਨਜ਼ੂਰ ਹੈ।" ਇਹ ਬਚਨ ਸੁਣਦੇ ਸਾਰ ਹੀ ਉਹ ਸੇਵਕ ਚੁੱਪ ਹੋ ਗਿਆ ਇਸ ਤੋਂ ਬਾਅਦ ਉਸ ਨੇ ਅੱਗੇ ਵਾਸਤੇ ਗੱਲ ਕਰਨੀ ਬੰਦ ਕਰ ਦਿੱਤੀ।

*(ਇਹ ਬਚਨ ਮਾਤਾ ਪਿਤਾ ਪਾਸੋਂ ਮਿਲਿਆ।)*

# ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥

*(ਅੰਗ ੩੯੬)*

ਇਕ ਵਾਰ ਬਾਬਾ ਜੀ ਨੇ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ, ਤੀਜੀ ਇਹਨਾਂ ਦੀ ਲੜਕੀ ਤਿੰਨਾਂ ਨੂੰ ਹਜ਼ੂਰੀ ਵਿਚ ਬੁਲਾ ਕੇ ਹੁਕਮ ਕੀਤਾ, "ਨੀਲਾ ਸਿੰਘਾ ਤਿੰਨਾਂ ਦੀ ਸ਼ਰਾ ਕਰ ਕੇ ਲਿਆਉ।" ਉਪਰੰਤ ਹੁਕਮ ਅਨੁਸਾਰ ਨੀਲਾ ਸਿੰਘ ਜੀ ਸ਼ਰ੍ਹਾ ਕਰਾ ਕੇ ਲਿਆਏ ਤੇ ਇਸ ਤੋਂ ਬਾਅਦ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੂੰ ਨਿਤਨੇਮ ਬਾਰੇ ਪੁੱਛਿਆ ਤਾਂ ਇਹਨਾਂ ਨੇ ਜਿੰਨੇ ਹੁਕਮ ਅਨੁਸਾਰ ਜਪੁ ਜੀ ਸਾਹਿਬ ਦੇ ਪਾਠ ਕਰਦੇ ਸਨ ਦੱਸੇ। ਜੀ ਦੋਵੇਂ ਸੱਤਰ-ਸੱਤਰ ਪਾਠ ਜਪੁ ਜੀ ਸਾਹਿਬ ਦੇ ਕਰਦੇ ਹਾਂ ਤਾਂ ਬਚਨ ਕੀਤਾ, "ਸ਼ੁੱਧ ਹੈ।" ਫਿਰ ਪੁੱਛਿਆ ਕੋਈ ਦ੍ਰਿਸ਼ਟਾਂਤ ਨਜ਼ਰ ਆਇਆ ਤੇ ਫਿਰ ਬੇਨਤੀ ਕੀਤੀ, "ਮਹਾਰਾਜ, ਸਾਨੂੰ ਦੋਹਾਂ ਨੂੰ ਇਉਂ ਦਿਸਿਆ ਜਿਵੇਂ ਅਸੀਂ ਖੜੇ ਹਾਂ, ਸਾਡੇ ਅੱਗੇ ਇਕ ਖੂਹ ਹੈ ਉਸ ਦਾ ਪਾਣੀ ਆਪਣੇ ਆਪ ਬਾਹਰ ਨੂੰ ਆ ਰਿਹਾ ਹੈ।" ਬਾਬਾ ਜੀ ਨੇ ਬਚਨ ਕੀਤਾ, "ਇਹ ਮੇਹਰ ਦੀ ਨਿਸ਼ਾਨੀ ਹੈ ਤਕੜੇ ਹੋ ਕੇ ਨਿਤਨੇਮ ਤੇ ਸੇਵਾ ਕਰੋ।" ਠੀਕ ਇਹਨਾਂ ਦਿਨਾਂ ਵਿਚ ਬਾਬਾ ਜੀ ਨੇ ਹੁਕਮ ਕੀਤਾ, "ਸਾਡੇ ਕੋਲ ਮਹਾਂ ਪੁਰਖ ਆ ਰਹੇ ਹਨ, ਉਹਨਾਂ ਨਾਲ ਸੰਗਤ ਭੀ ਹੋਵੇਗੀ, ਤੁਹਾਨੂੰ ਉਸ ਸੰਗਤ ਦੀ ਸੇਵਾ ਕਰਨ ਦੀ ਜੁਗਤੀ ਦੱਸੀਏ।" ਤਾਂ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੇ ਬੇਨਤੀ ਕੀਤੀ, "ਦੱਸੋ ਮਹਾਰਾਜ।" ਤਾਂ ਬਾਬਾ ਜੀ ਨੇ ਬਚਨ ਕੀਤਾ ਕਿ

ਜਦੋਂ ਮਹਾਂ ਪੁਰਖਾਂ ਦੇ ਨਾਲ ਆਈ ਸੰਗਤ ਲੰਗਰ ਛੱਕ ਕੇ ਹਟੇ ਤੁਸੀਂ ਉਹਨਾਂ ਦੇ ਜੂਠੇ ਭਾਂਡੇ ਮਾਂਜਣ ਵਾਸਤੇ ਲੈ ਜਾਣੇ ਜੇ ਪੁੱਛਣ ਤਾਂ ਤੁਸੀਂ ਆਪਣੇ ਆਪ ਨੂੰ ਨਾਈ ਕਹਿ ਦੇਣਾ। ਫਿਰ ਇਹ ਸੇਵਾ ਮਿਲੇਗੀ, ਜਿੰਨੇ ਛੋਟੇ ਬਣ ਕੇ ਸੇਵਾ ਕਰੋਗੇ ਫਲ ਵੀ ਉਤਨਾ ਹੀ ਵੱਡਾ ਮਿਲੇਗਾ।

**ਮਨ ਜਿਉ ਅਪੁਨੇ ਪ੍ਰਭ ਭਾਵਉ ॥**
**ਨੀਚਹੁ ਨੀਚ ਨੀਚ ਅਤਿ ਨਾਨਾ ਹੋਇ ਗਰੀਬੁ ਬੁਲਾਵਉ ॥**

*(ਅੰਗ ੫੨੯)*

ਇਸ ਜੁਗਤ ਨਾਲ ਸੇਵਾ ਕਰਨ ਦਾ ਢੰਗ ਅਤੇ ਮਹਾਤਮ ਸਮਝਾਇਆ।

*(ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ।)*

# ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

*(ਅੰਗ ੬੦੨)*

ਇਕ ਵਾਰ ਜੇਠ-ਹਾੜ ਦੇ ਮਹੀਨੇ ਬੜੀ ਹਨੇਰੀ ਆਈ। ਸਾਰੀ ਰਾਤ ਮਿੱਟੀ ਉਡਦੀ ਰਹੀ। ਉਸ ਸਮੇਂ ਜਿਤਨੇ ਸੇਵਕ ਬਾਬਾ ਜੀ ਦੀ ਹਜ਼ੂਰੀ ਵਿਚ ਸਨ ਸਭ ਨੇ ਰਾਤ ਜਾਗ ਕੇ ਬਿਤਾਈ। ਅੱਗੇ ਜਿਸ ਸਮੇਂ ਬਾਬਾ ਜੀ ਦੇ ਆਸਣ ਦਾ ਦਰਵਾਜ਼ਾ ਖੁੱਲ੍ਹਦਾ ਸੀ ਉਸੇ ਸਮੇਂ ਹੀ ਦਰਵਾਜ਼ਾ ਖੁੱਲ੍ਹਿਆ ਤਾਂ ਹਜ਼ੂਰ ਨੇ ਬਚਨ ਕੀਤਾ, "ਬਾਲਿਆ, ਕੁਝ ਸੇਵਾਦਾਰ ਬੁਲਾ ਕੇ ਸਾਡੇ ਸਰੀਰ ਅਤੇ ਆਸਣ ਉੱਤੋਂ ਰੇਤਾ ਮਿੱਟੀ ਝਾੜ ਦਿਉ।" ਉਪਰੰਤ ਨਰੈਣ ਸਿੰਘ ਜੀ ਨੇ ਜਿਨ੍ਹਾਂ ਜਿਨ੍ਹਾਂ ਸੇਵਕਾਂ ਦੇ ਨਾਮ ਬਾਬਾ ਜੀ ਨੇ ਲਏ ਉਹਨਾਂ ਨੂੰ ਨਾਲ ਲੈ ਕੇ ਬਾਬਾ ਜੀ ਦੇ ਸਰੀਰ ਅਤੇ ਆਸਣ ਉੱਤੋਂ ਰੇਤਾ ਆਦਿਕ ਝਾੜ ਦਿੱਤਾ। ਰੇਤਾ ਝਾੜਨ ਸਮੇਂ ਬਾਬਾ ਜੀ ਨੇ ਬਚਨ ਕੀਤਾ, "ਇਹ ਜਿਹੜਾ ਰੇਤਾ ਸਾਡੇ ਸਰੀਰ ਨਾਲ ਚਿੰਬੜ ਗਿਆ ਹੈ ਇਹ ਰੇਤਾ ਚੌਵੀ ਬੀਮਾਰੀਆਂ ਦੀ ਦਵਾਈ

ਹੈ।" ਇਹ ਸਾਰੀ ਸੇਵਾ ਕਰਨ ਉਪਰੰਤ ਭਜਨ ਸਿੰਘ ਡਾਲੀ ਮੁੜ ਕੇ ਆਇਆ ਤਾਂ ਕੁਝ ਸਮੇਂ ਪਿੱਛੋਂ ਭਜਨ ਸਿੰਘ ਦੇ ਪੇਟ ਦਰਦ ਸ਼ੁਰੂ ਹੋ ਗਿਆ। ਜ਼ੋਰ-ਜ਼ੋਰ ਦੀ ਹਾਏ-ਹਾਏ ਕਰਨ ਲੱਗ ਪਿਆ। ਡੇਰੇ ਵਿਚ ਬਾਬਾ ਜੀ ਦਾ ਹੁਕਮ ਸੀ, ਕੋਈ ਸੇਵਾਦਾਰ ਬੀਮਾਰ ਹੋ ਜਾਏ ਸਾਨੂੰ ਖ਼ਬਰ ਕਰੋ। ਇਹ ਹੁਕਮ ਅਨੁਸਾਰ ਬਾਬਾ ਜੀ ਕੋਲ ਭਜਨ ਸਿੰਘ ਦੀ ਬੀਮਾਰੀ ਦੀ ਖ਼ਬਰ ਕਰ ਦਿੱਤੀ ਅਗੋਂ ਬਾਬਾ ਜੀ ਨੇ ਬਚਨ ਕੀਤਾ, "ਭਜਨਾ ਵੀ ਲੋਕਾਂ ਦਾ ਇਲਾਜ ਕਰਦਾ ਹੈ ਹੁਣ ਤਾਂ ਕੰਮ ਇਵੇਂ ਹੀ ਚੱਲੇਗਾ। ਉਸ ਨੂੰ ਪੁੱਛੋ ਕੀ ਹੋਇਆ ਹੈ ਤੇ ਕਿਵੇਂ ਹੋਇਆ ਹੈ।" ਜਿਸ ਸਮੇਂ ਭਜਨ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਇਸ ਤਰ੍ਹਾਂ ਦੱਸਿਆ ਅੱਜ ਸਵੇਰੇ ਜਿਸ ਵੇਲੇ ਬਾਬਾ ਜੀ ਦੇ ਸਰੀਰ ਉੱਤੋਂ ਰੇਤਾ ਝਾੜ ਰਹੇ ਸੀ ਤਾਂ ਬਾਬਾ ਜੀ ਨੇ ਕਿਹਾ ਸੀ, "ਇਹ ਰੇਤਾ ਚੌਵੀ ਬੀਮਾਰੀਆਂ ਦੀ ਦਵਾਈ ਹੈ।" ਇਹ ਸੁਣ ਕੇ ਕੁਝ ਰੇਤਾ ਆਪਣੇ ਕੋਲ ਰੱਖ ਲਿਆ ਸੀ। ਜਿਸ ਵੇਲੇ ਮੈਂ ਪਿੰਡ ਵਿਚ ਡਾਲੀ ਕਰਨ ਗਿਆ ਅੱਗੇ ਇਕ ਘਰ ਵਿੱਚ ਲੜਕੇ ਦੇ ਢਿੱਡ ਵਿਚ ਦਰਦ ਹੋ ਰਿਹਾ ਸੀ, ਮੈਂ ਤਰਸ ਕਰ ਕੇ ਉਹ ਮਹਾਰਾਜ ਦੇ ਸਰੀਰ ਵਾਲਾ ਝਾੜਿਆ ਰੇਤਾ ਇਕ ਚੁਟਕੀ ਉਸ ਮੁੰਡੇ ਨੂੰ ਖੁਆ ਦਿੱਤਾ, ਮੁੰਡਾ ਤਾਂ ਉਸੇ ਵੇਲੇ ਹੀ ਰਾਜ਼ੀ ਹੋ ਗਿਆ ਪਰ ਮੇਰੇ ਢਿੱਡ ਵਿਚ ਥੋੜ੍ਹਾ ਦਰਦ ਜਿਹਾ ਹੋਣ ਲੱਗ ਪਿਆ ਤੇ ਫਿਰ ਹੌਲੀ-ਹੌਲੀ ਵਧ ਗਿਆ, ਡਾਲੀ ਕਰ ਕੇ ਆਉਣ ਪਿੱਛੋਂ ਬਹੁਤ ਵਧ ਗਿਆ। ਇਹੋ ਖ਼ਬਰ ਬਾਬਾ ਜੀ ਕੋਲ ਦੱਸੀ ਨਾਲ ਹੀ ਬੇਨਤੀ ਕਰ ਦਿੱਤੀ, "ਮਹਾਰਾਜ, ਭਜਨਾ ਤਾਂ ਬਹੁਤ ਔਖਾ ਹੈ, ਮਿਹਰ ਕਰੋ।" ਬਾਬਾ ਜੀ ਨੇ ਬਚਨ ਕੀਤਾ, "ਦਿਨ ਢਲਦੇ ਤਕ ਇਹੋ ਕੰਮ ਰਹੇਗਾ ਫਿਰ ਆਰਾਮ ਕਰਾਂਗੇ। ਨੰਦ ਲਾਲ ਦੀ ਇਹੋ ਰਜ਼ਾ ਹੈ।"

**ਆਪਣੇ ਭਾਣੈ ਜੋ ਚਲੈ ਭਾਈ ਵਿਛੜ ਚੋਟਾ ਖਾਵੈ॥**

*(ਇਹ ਬਚਨ ਵੱਡਾ ਝੰਡਾ ਸਿੰਘ ਸੇਮਾ ਨਿਵਾਸੀ ਤੋਂ ਮਿਲਿਆ।)*

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ 'ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ

ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਊਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ

ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-2 ਵਾਲੇ ਮਹਾਂ ਸੰਪਟ ਪਾਠ ਨਾਨਕ ਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਂਵਾ) 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ

ਦੇ ਮੌਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਲੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

***